# ਸੋਨ ਰਿਸ਼ਮਾਂ

## ਪੰਜਾਬੀ ਪਾਠ-ਪੁਸਤਕ

5



**'ਸੋਨ ਰਿਸ਼ਮਾਂ'** ਪੰਜਾਬੀ ਪਾਠ-ਪੁਸਤਕ-5

© SP Books, Jalandhar

We are committed to serve students with the best of our knowledge and resources. We have taken utmost care and attention while editing and printing this book but we would beg to state that Authors and Publishers should not be held responsible for unintentional mistakes that might have crept in. However, errors brought to our notice, shall be gratefully acknowledged and attended to.

© All rights reserved. No part of this publication may be reproduced, stored in a retrieval system, or transmitted in any form or by any means, electronic, mechanical, photocopying, recording or otherwise without the prior written permission of the Publisher. Any breach will entail legal action and prosecution without further notice.

Printed at :

Mukul Graphic
136 Sarabha Nagar, Santokhpura
JALANDHAR.

Published by :

SP Books
N.D. 413, Sharda Nand Street, Adda Hoshiarpur,
JALANDHAR (Pb.) INDIA.
Customer Care : 0181-2456906, 2457906
Order Booking : +91 84274-66399 (Whatsapp Only)
For Specimen / Sales Related enquiry : +91 85588-38307 (Whatsapp Only)
Shop Online : Buy Books online at amazon.in   Flipkart

spbooks001@gmail.com
SP Books, Jalandhar

## 'ਸੋਨ ਰਿਸ਼ਮਾਂ' ਪਾਠ-ਪੁਸਤਕਾਂ ਵਿੱਚ.....

ਇਸ ਪਾਠ-ਪੁਸਤਕ ਲੜੀ ਵਿੱਚ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਅਮੀਰੀ ਦੇ ਸੂਖਮ ਤੱਤਾਂ ਨੂੰ ਸ਼ਾਮਲ ਕਰਨ ਦੀ ਭਰਪੂਰ ਕੋਸ਼ਸ਼ ਕੀਤੀ ਗਈ ਹੈ। ਹਰ ਪਾਠ ਦੀ ਪੇਸ਼ਕਾਰੀ ਅਨੋਖੀ ਹੈ। ਇਸ ਪਾਠ ਲੜੀ ਦੀਆਂ ਸਾਰੀਆਂ ਪੁਸਤਕਾਂ ਨੂੰ ਅਨੁਭਵੀ ਸੰਪਾਦਕਾਂ ਨੇ ਸੁਆਰਿਆ ਅਤੇ ਉਹਨਾਂ ਦੇ ਪਾਠ ਅਭਿਆਸ ਤਿਆਰ ਕੀਤੇ ਹਨ। ਹੇਠਾਂ ਦਿੱਤੇ ਕੁਝ ਨੁਕਤੇ ਖ਼ਾਸ ਮਹੱਤਤਾ ਰੱਖਦੇ ਹਨ।



### ਪਾਠ ਬਾਰੇ ਚਰਚਾ

ਹਰ ਪਾਠ ਦਾ ਅਰੰਭ 'ਪਾਠ ਬਾਰੇ ਚਰਚਾ' ਨਾਲ਼ ਕੀਤਾ ਗਿਆ ਹੈ। ਇਸ ਦਾ ਉਦੇਸ਼ ਸ਼੍ਰੇਣੀ ਵਿੱਚ ਅਜਿਹਾ ਮਾਹੌਲ ਪੈਦਾ ਕਰਨਾ ਹੈ, ਜਿਸ ਵਿੱਚ ਸਾਰੇ ਵਿਦਿਆਰਥੀ ਆਪਣੀ-ਆਪਣੀ ਗੱਲ ਨੂੰ ਸਾਰਿਆਂ ਸਾਹਮਣੇ ਰੱਖ ਸਕਣ ਅਤੇ ਉਹ ਇੱਕ-ਦੂਸਰੇ ਤੋਂ ਕੁਝ ਨਵਾਂ ਸਿਖ ਸਕਣ।



### ਵਿਆਕਰਨ

ਇਸ ਪਾਠ-ਪੁਸਤਕ ਲੜੀ ਵਿੱਚ ਹਰ ਪਾਠ ਵਿੱਚ ਵਿਆਕਰਨ ਦੇ ਮੁਢਲੇ ਸੰਕਲਪਾਂ ਨੂੰ ਬਹੁਤ ਸਹਿਜਤਾ ਸਹਿਤ ਇੱਕ ਭਾਸ਼ਾਈ ਸੰਦ ਦੇ ਤੌਰ 'ਤੇ ਵਿਕਸਿਤ ਕਰਨ ਦੀ ਕੋਸ਼ਸ਼ ਕੀਤੀ ਗਈ ਹੈ। ਪਾਠ-ਆਧਾਰਿਤ ਅਜਿਹੇ ਸੰਕਲਪਾਂ ਨਾਲ਼ ਵਿਦਿਆਰਥੀ ਵਿਆਕਰਨਿਕ ਨਿਯਮਾਂ ਤੋਂ ਜਾਣੂ ਹੋ ਜਾਂਦੇ ਹਨ।



### ਸ਼ਬਦ-ਅਰਥ

ਹਰ ਪਾਠ ਵਿਚਲੀ ਭਾਸ਼ਾ ਨੂੰ ਵਿਸ਼ੇ ਅਨੁਸਾਰ ਭਾਵੇਂ ਸੌਖਾ ਰੱਖਣ ਦਾ ਪੂਰਾ ਉਪਰਾਲਾ ਕੀਤਾ ਗਿਆ ਹੈ, ਫਿਰ ਵੀ ਹਰ ਪਾਠ ਵਿੱਚ ਕੁਝ ਅਜਿਹੇ ਸ਼ਬਦਾਂ ਦੀ ਵਰਤੋਂ ਜ਼ਰੂਰੀ ਹੋ ਜਾਂਦੀ ਹੈ ਜੋ ਵਿਦਿਆਰਥੀਆਂ ਲਈ ਨਵੇਂ ਹੁੰਦੇ ਹਨ। ਅਜਿਹੇ ਸ਼ਬਦਾਂ ਦੇ 'ਅਰਥ' ਹਰ ਪਾਠ ਦੇ ਉਸੇ ਪੰਨੇ 'ਤੇ ਦਿੱਤੇ ਗਏ ਹਨ ਜਿਸ ਪੰਨੇ 'ਤੇ ਇਹ ਸ਼ਬਦ ਆਏ ਹਨ। ਅਜਿਹੇ ਸ਼ਬਦ ਵਿਦਿਆਰਥੀਆਂ ਦੀ ਭਾਸ਼ਾ-ਯੋਗਤਾ ਵਧਾਉਂਦੇ ਹਨ।



### ਯੋਗਤਾ ਵਿਸਤਾਰ

ਪਾਠ-ਅਭਿਆਸ ਨਾਲ਼ ਸੰਬੰਧਿਤ ਇਸ ਭਾਗ ਵਿੱਚ ਵਿਦਿਆਰਥੀਆਂ ਨੂੰ ਪਾਠ ਨਾਲ਼ ਸੰਬੰਧਿਤ ਅਤੇ ਇਸ ਨਾਲ਼ ਰਲਦੇ-ਮਿਲ਼ਦੇ ਹੋਰ ਵਿਸ਼ਿਆਂ ਬਾਰੇ ਲਿਖਣ ਲਈ ਕਿਹਾ ਗਿਆ ਹੈ। ਇਸ ਨਾਲ਼ ਵਿਦਿਆਰਥੀਆਂ ਵਿੱਚ ਸਿਰਜਣਾਤਮਿਕ ਯੋਗਤਾ ਪੈਦਾ ਹੋਣ ਦੇ ਨਾਲ਼-ਨਾਲ਼ ਉਹਨਾਂ ਦੇ ਗਿਆਨ ਵਿੱਚ ਵੀ ਵਾਧਾ ਹੋਵੇਗਾ।



### ਪਾਠ-ਅਭਿਆਸ

ਪਾਠ-ਅਭਿਆਸ ਵਿੱਚ ਪਾਠ ਆਧਾਰਿਤ ਬਹੁ-ਵਿਕਲਪੀ ਉੱਤਰਾਂ ਵਾਲ਼ੇ ਪ੍ਰਸ਼ਨ ਦਿੱਤੇ ਗਏ ਹਨ। ਇਹਨਾਂ ਉੱਤਰਾਂ ਵਿੱਚੋਂ ਠੀਕ ਉੱਤਰ ਦੀ ਚੋਣ ਵਿਦਿਆਰਥੀ ਨੂੰ ਪਾਠ ਨਾਲ਼ ਨੇੜਿਓਂ ਜੋੜਦੀ ਹੈ। ਇਸੇ ਤਰ੍ਹਾਂ ਬਹੁਤ ਛੋਟੇ, ਛੋਟੇ ਅਤੇ ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ ਵਿਦਿਆਰਥੀਆਂ ਦੀ ਸਿਰਜਣਾਤਮਿਕਤਾ ਅਤੇ ਗ੍ਰਹਿਣ ਕਰਨ ਦੀ ਮੁਹਾਰਤ ਨੂੰ ਨਿਖਾਰਦੇ ਹਨ। ਇਸ ਤੋਂ ਇਲਾਵਾ ਵਾਕ ਬਣਾਓ, ਸਹੀ-ਗ਼ਲਤ, ਉਚਿਤ ਮਿਲ਼ਾਨ ਵਾਲ਼ੇ ਪ੍ਰਸ਼ਨ ਵੀ ਵਿਦਿਆਰਥੀਆਂ ਦੇ ਗਿਆਨ ਵਿੱਚ ਵਾਧਾ ਕਰਨਗੇ।



### ਅਧਿਆਪਕ ਲਈ

ਭਾਸ਼ਾ ਦੀ ਪੜ੍ਹਾਈ ਵਿੱਚ ਬਹੁਤਾ ਕਾਰਜ ਭਾਸ਼ਾ-ਅਧਿਆਪਕ ਨੇ ਕਰਨਾ ਹੁੰਦਾ ਹੈ। ਇਸ ਸੰਬੰਧ ਵਿੱਚ ਹਰ ਪਾਠ-ਅਭਿਆਸ ਦੇ ਅੰਤ ਵਿੱਚ 'ਅਧਿਆਪਕ ਲਈ' ਸਿਰਲੇਖ ਹੇਠ ਲੁੜੀਂਦੇ ਸੁਝਾਅ ਵੀ ਦਿੱਤੇ ਗਏ ਹਨ।

# ਪਾਠ-ਸੂਚੀ

Download the
**SP BOOKS App**
From Google Playstore
and Scan QR Code
for Chapter Animation


| | | | | |
|---|---|---|---|---|
| 1. | ਹਿੰਮਤ | *(ਕਵਿਤਾ)* | ਡਾ. ਕਰਨੈਲ ਸਿੰਘ ਸੋਮਲ | 1 |
| 2. | ਤੇਰੀ ਗੱਲ ਵੀ ਠੀਕ ਏ | *(ਕਹਾਣੀ)* | ਗੁਰਦਿਆਲ ਸਿੰਘ | 7 |
| 3. | ਤੂੰ ਪੰਛੀਆਂ ਨੂੰ ਕਹਿ | *(ਲੇਖ/ਕਹਾਣੀ)* | ਜਸਬੀਰ ਭੁੱਲਰ | 15 |
| 4. | ਰੁੱਤ ਗਰਮੀ ਦੀ ਆਈ | *(ਕਵਿਤਾ)* | ਆਤਮਾ ਸਿੰਘ ਚਿੱਟੀ | 23 |
| 5. | ਗਿਆਨ ਦਾ ਚਾਨਣ | *(ਕਹਾਣੀ)* | ਡਾ. ਕੁਲਬੀਰ ਸਿੰਘ ਸੂਰੀ | 29 |
| 6. | ਭਗਤ ਪੂਰਨ ਸਿੰਘ—ਪਿੰਗਲਵਾੜਾ | *(ਲੇਖ/ਕਹਾਣੀ)* | ਸੰਪਾਦਕ ਮੰਡਲ | 37 |
| * | ਮਾਡਲ ਟੈੱਸਟ ਪੇਪਰ –1 | | | 45 |
| 7. | ਸ੍ਰੀ ਅਨੰਦਪੁਰ ਸਾਹਿਬ | *(ਲੇਖ)* | ਸੰਪਾਦਕ ਮੰਡਲ | 47 |
| 8. | ਪਾਣੀ | *(ਕਵਿਤਾ)* | ਮਹਿੰਦਰ ਸਿੰਘ ਮਾਨੂੰਪੁਰੀ | 54 |
| 9. | ਦੋ ਖਜੂਰਾਂ | *(ਕਹਾਣੀ)* | ਜਸਬੀਰ ਭੁੱਲਰ | 60 |
| 10. | ਅਕਬਰ-ਬੀਰਬਲ | *(ਲੇਖ/ਕਹਾਣੀ)* | ਸੰਪਾਦਕ ਮੰਡਲ | 67 |
| 11. | ਮਾਂ-ਬੋਲੀ ਪੰਜਾਬੀ | *(ਕਵਿਤਾ)* | ਮਨਮੋਹਨ ਸਿੰਘ ਦਾਊਂ | 74 |
| 12. | ਜੀਭ ਦਾ ਰਸ | *(ਕਹਾਣੀ)* | ਡਾ. ਕਰਨੈਲ ਸਿੰਘ ਸੋਮਲ | 79 |
| * | ਮਾਡਲ ਟੈੱਸਟ ਪੇਪਰ –2 | | | 86 |
| 13. | ਇੱਕ ਡੱਬੀ ਵਿੱਚ ਬੱਤੀ ਦਾਣੇ | *(ਲੇਖ/ਕਹਾਣੀ)* | ਡਾ. ਕਰਨੈਲ ਸਿੰਘ ਸੋਮਲ | 89 |
| 14. | ਪਰਉਪਕਾਰ | *(ਕਵਿਤਾ)* | ਡਾ. ਕਰਨੈਲ ਸਿੰਘ ਸੋਮਲ | 97 |
| 15. | ਗੁਲੇ ਅੱਬਾਸ | *(ਲੇਖ/ਕਹਾਣੀ)* | ਅਨੁਵਾਦਕ-ਬਲਦੇਵ ਸਿੰਘ ਬੱਦਨ | 105 |
| 16. | ਲੋਹੜੀ ਅਤੇ ਮਾਘੀ | *(ਲੇਖ)* | ਡਾ. ਕਰਨੈਲ ਸਿੰਘ ਸੋਮਲ | 112 |
| 17. | ਵਹਿਮ-ਭਰਮ | *(ਇਕਾਂਗੀ)* | ਡਾ. ਦਰਸ਼ਨ ਸਿੰਘ ਆਸ਼ਟ | 120 |
| * | ਮਾਡਲ ਟੈੱਸਟ ਪੇਪਰ –3 | | | 130 |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| 1. ਹਿੰਮਤ (ਕਵਿਤਾ) | * ਹਿੰਮਤ ਅਤੇ ਹਿੰਮਤੀ ਲੋਕਾਂ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲੇ ਪ੍ਰਸ਼ਨ<br>* ਪੰਕਤੀਆਂ ਪੂਰੀਆਂ ਕਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਰੋਧੀ ਸ਼ਬਦ<br>* ਤੁਕਾਂਤ ਮਿਲਾਉਂਦੇ ਸ਼ਬਦ<br>* ਪੜਨਾਂਵ ਸ਼ਬਦ ਦੀ ਪਹਿਚਾਣ | * ਹਿੰਮਤੀ ਲੋਕਾਂ ਬਾਰੇ ਚਰਚਾ।<br>* ਆਲਮ ਤਿਆਗ ਕੇ ਹਿੰਮਤ ਬਾਰੇ ਲਿਖਣਾ।<br>* ਹਿੰਮਤੀ ਲੋਕਾਂ ਦੇ ਗੁਣ ਲਿਖਣੇ। |
| 2. ਤੇਰੀ ਗੱਲ ਵੀ ਠੀਕ ਏ (ਕਹਾਣੀ) | * ਸਮਝਦਾਰੀ ਅਤੇ ਸੂਝ-ਬੂਝ ਦੁਆਰਾ ਕਿਸੇ ਮਸਲੇ ਦਾ ਹੱਲ ਕਰਨਾ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਨਾਂਵ ਸ਼ਬਦ<br>* ਸਮਾਨਾਰਥਕ ਸ਼ਬਦ<br>* ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ | * 'ਬਜ਼ੁਰਗਾਂ ਦਾ ਘਰ ਵਿੱਚ ਸਥਾਨ' ਵਿਸ਼ੇ 'ਤੇ ਕੁਝ ਸਤਰਾਂ ਲਿਖਣੀਆਂ। |
| 3. ਤੂੰ ਪੰਛੀਆਂ ਨੂੰ ਕਹਿ (ਲੇਖ/ਕਹਾਣੀ) | * ਦੰਦਾਂ ਦੀ ਸਫ਼ਾਈ ਦੀ ਮਹੱਤਤਾ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਕਿਸ ਨੇ, ਕਿਸ ਨੂੰ ਕਿਹਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣਨੇ<br>* ਕਰਤਾ ਕਰਮ ਦੀ ਚੋਣ | * ਕਹਾਣੀ ਬਾਰੇ ਜਮਾਤ ਵਿੱਚ ਚਰਚਾ।<br>* ਦੰਦਾਂ ਦੀ ਸਫ਼ਾਈ 'ਤੇ 5-6 ਵਾਕ ਲਿਖਣੇ। |
| 4. ਰੁੱਤ ਗਰਮੀ ਦੀ ਆਈ (ਕਵਿਤਾ) | * ਗਰਮੀ ਦੀ ਰੁੱਤ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲੇ ਪ੍ਰਸ਼ਨ<br>* ਪੰਕਤੀਆਂ ਪੂਰੀਆਂ ਕਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਸ਼ੇਸ਼ਣ ਸ਼ਬਦ ਦੀ ਚੋਣ<br>* ਵਚਨ ਬਦਲੀ<br>* ਇੱਕੋ ਜਿਹੀ ਲੈਅ ਵਾਲੇ ਸ਼ਬਦਾਂ ਦੀ ਚੋਣ | * ਗਰਮੀ ਦੀ ਰੁੱਤ ਬਾਰੇ ਪੈਰਾ-ਰਚਨਾ।<br>* ਗਰਮੀ ਦੀ ਰੁੱਤ ਵਿੱਚ ਖਾਣ ਵਾਲੇ ਵਿਅੰਜਨਾਂ ਦਾ ਇੱਕ ਪ੍ਰੋਜੈਕਟ ਤਿਆਰ ਕਰਨਾ। |
| 5. ਗਿਆਨ ਦਾ ਚਾਨਣ (ਕਹਾਣੀ) | * ਵਿੱਦਿਆ ਦੀ ਮਹੱਤਤਾ ਬਾਰੇ। | * ਸੁਣਨਾ<br>* ਸਮਝਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ | * ਅਸ਼ੁੱਧ-ਸ਼ੁੱਧ | * ਬੱਚਤ ਦੇ ਪਾਤਰ ਬਾਰੇ ਲੇਖ |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| | | * ਪੜ੍ਹਨਾ<br>* ਬੋਲਣਾ | * ਪ੍ਰਸ਼ਨ-ਉੱਤਰ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਹਿੰਦੀ ਸ਼ਬਦਾਂ ਨੂੰ ਪੰਜਾਬੀ ਵਿੱਚ ਲਿਖਣਾ | * ਬੱਚਤ ਅਤੇ ਤਰੱਕੀ 'ਤੇ ਪੈਰੇ-ਰਚਨਾ।<br>* ਬਿਜਲੀ ਪੈਦਾ ਕਰਨ ਦੇ ਸ੍ਰੋਤਾਂ ਬਾਰੇ ਪਤਾ ਕਰਨਾ। |
| **6.** ਭਗਤ ਪੂਰਨ ਸਿੰਘ-ਪਿੰਗਲਵਾੜਾ (ਲੇਖ/ਕਹਾਣੀ) | * ਭਗਤ ਪੂਰਨ ਸਿੰਘ ਜੀ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਨਾਂਵ ਸ਼ਬਦ<br>* ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ<br>* ਠੀਕ ਉੱਤਰ ਸਾਹਮਣੇ (✔) ਲਗਾਉਣਾ | * ਭਗਤ ਪੂਰਨ ਸਿੰਘ ਜੀ ਦੇ ਜੀਵਨ ਤੋਂ ਮਿਲ਼ਦੀ ਸਿੱਖਿਆ/ਪ੍ਰੇਰਨਾ ਬਾਰੇ ਲਿਖਣਾ। |
| **7.** ਸ੍ਰੀ ਅਨੰਦਪੁਰ ਸਾਹਿਬ (ਲੇਖ) | * ਇਤਿਹਾਸਿਕ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰ੍ਹੇ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਪੜਨਾਂਵ ਸ਼ਬਦ<br>* ਵਿਸ਼ੇਸ਼ਣ ਸ਼ਬਦ | * ਆਪਣੇ ਸ਼ਹਿਰ ਬਾਰੇ ਰਚਨਾਤਮਿਕ ਲੇਖਣ। |
| **8.** ਪਾਣੀ (ਕਵਿਤਾ) | * ਪਾਣੀ ਦੀ ਮਹੱਤਤਾ ਬਾਰੇ | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਬੋਲਣਾ | * ਪਾਠ ਬਾਰੇ ਚਰਚਾ<br>* ਬਹੁਵਿਕਲਪੀ ਪ੍ਰਸ਼ਨ<br>* ਪ੍ਰਸ਼ਨ ਉੱਤਰ<br>* ਪੰਕਤੀਆਂ ਪੂਰੀਆਂ ਕਰਨਾ<br>* ਵਾਕ ਬਣਾਉਣਾ<br>* ਸਹੀ ਜਾਂ ਗ਼ਲਤ<br>* ਕਾਵਿ-ਸਤਰਾਂ ਪੜ੍ਹ ਕੇ ਸਹੀ ਉੱਤਰ ਚੁਣਨੇ | * ਬੇਮੇਲ ਸ਼ਬਦ 'ਤੇ ਗੋਲ਼ਾ ਲਗਾਉਣਾ<br>* ਅਸ਼ੁੱਧ-ਸ਼ੁੱਧ | * ਪਾਣੀ ਦੇ ਵੱਖ-ਵੱਖ ਸੋਮਿਆਂ ਦੀਆਂ ਤਸਵੀਰਾਂ ਸਕਰੈਪ ਕਾਪੀ 'ਤੇ ਲਗਾਉਣਾ। |
| **9.** ਦੋ ਖਜੂਰਾਂ (ਕਹਾਣੀ) | * ਰੁੱਖਾਂ ਨਾਲ਼ ਮਨੁੱਖੀ ਪਿਆਰ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ | * ਵਿਰੋਧੀ ਸ਼ਬਦ<br>* ਅਗੇਤਰ | * ਰੁੱਖਾਂ ਦੇ ਜੀਵਨ ਅਤੇ ਜਿਊਣ ਦੀ ਇੱਛਾ 'ਤੇ ਇੱਕ ਰਿਪੋਰਟ ਤਿਆਰ ਕਰਨਾ। |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| | | * ਬੋਲਣਾ | * ਵੱਡੇ ਉੱਤਰਾਂ ਵਾਲੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | | |
| **10.** ਅਕਬਰ-ਬੀਰਬਲ (ਲੇਖ/ਕਹਾਣੀ) | * ਬੁੱਧੀ ਦੀ ਵਰਤੋਂ ਨਾਲ਼ ਮਸਲੇ ਹੱਲ ਕਰਨ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਪ੍ਰਸ਼ਨਾਂ ਦੇ ਕੇ ਸਹੀ ਉੱਤਰ ਚੁਣਨੇ | * ਵਾਕ ਸ਼ੁੱਧੀ<br>* ਕਾਲ ਦੀ ਪਹਿਚਾਣ<br>* ਅਗੇਤਰ | * ਅਕਬਰ-ਬੀਰਬਲ ਦੀ ਹੋਰ ਕਹਾਣੀ ਬਾਰੇ ਚਰਚਾ।<br>* ਤੇਨਾਲੀ ਰਾਮਨ ਬਾਰੇ ਜਾਣਕਾਰੀ ਹਾਸਲ ਕਰਨਾ। |
| **11.** ਮਾਂ-ਬੋਲੀ ਪੰਜਾਬੀ (ਕਵਿਤਾ) | * ਮਾਂ-ਬੋਲੀ ਪੰਜਾਬੀ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਪੰਕਤੀਆਂ ਪੂਰੀਆਂ ਕਰਨਾ<br>* ਵਾਕ ਬਣਾਉਣਾ<br>* ਖ਼ਾਲੀ ਥਾਵਾਂ ਭਰਨਾ<br>* ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਨਾਂਵ ਸ਼ਬਦਾਂ ਦੀ ਪਹਿਚਾਣ<br>* ਤੁਕਾਂਤ ਮਿਲ਼ਾਉਂਦੇ ਸ਼ਬਦ | * ਆਪਣੀ ਮਾਂ-ਬੋਲੀ ਬਾਰੇ ਪੰਜ ਵਾਕ ਲਿਖਣੇ। |
| **12.** ਜੀਭ ਦਾ ਰਸ (ਕਹਾਣੀ) | * ਕੌੜਾ ਜਾਂ ਲੋੜ ਤੋਂ ਵੱਧ ਬੋਲਣ ਦੇ ਨੁਕਸਾਨ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਸ਼ਬਦ-ਸ਼ੁੱਧੀ<br>* ਕਿਰਿਆ ਸ਼ਬਦ ਚੁਣਨੇ<br>* ਵਿਸਰਾਮ ਚਿੰਨ੍ਹ<br>* ਮੁਹਾਵਰਿਆਂ ਦੇ ਅਰਥ ਲਿਖਣੇ | * ਜੀਭ ਦੇ ਰਸ ਦੇ ਆਧਾਰ 'ਤੇ ਪੈਰਾ-ਰਚਨਾ।<br>* ਕੌੜਾ ਬੋਲਣ ਦੇ ਨੁਕਸਾਨ ਬਾਰੇ ਲਿਖਣਾ। |
| **13.** ਇੱਕ ਡੱਬੀ ਵਿੱਚ ਬੱਤੀ ਦਾਣੇ (ਲੇਖ/ਕਹਾਣੀ) | * ਦੰਦਾਂ ਦੇ ਮਹੱਤਵ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੂਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰੋ<br>* ਵਾਕ ਬਣਾਉਣਾ।<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਅਖੌਤਾਂ ਪੂਰੀਆਂ ਕਰਨਾ<br>* ਵਿਰੋਧੀ ਸ਼ਬਦ<br>* ਦਿੱਤੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਉੱਪਰ ਗੋਲ਼ਾ ਲਗਾਉਣਾ | * ਦੰਦਾਂ ਅਤੇ ਦਾੜ੍ਹਾਂ ਦਾ ਮਹੱਤਵ ਦੱਸਦੇ ਹੋਏ ਉਸ ਬਾਰੇ ਲਿਖਣਾ। |

## ਪਾਠ-ਮੁਲਾਂਕਣ

| ਪਾਠ ਦਾ ਨਾਂ | ਪਾਠ ਦਾ ਉਦੇਸ਼ | ਭਾਸ਼ਾਈ ਕੌਸ਼ਲ | ਭਾਸ਼ਾਈ ਕਿਰਿਆਵਾਂ | ਵਿਆਕਰਨ | ਹੋਰ ਗਤੀਵਿਧੀਆਂ |
|---|---|---|---|---|---|
| **14.** ਪਰਉਪਕਾਰ (ਕਵਿਤਾ) | * ਜੁਗਨੂੰ ਵਾਂਗ ਕਿਸੇ ਦੀ ਨਿਰਸੁਆਰਥ ਮਦਦ ਕਰਨ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ<br>* ਯਾਦ ਕਰਕੇ ਲਿਖਣਾ | * ਪਾਠ ਬਾਰੇ ਚਰਚਾ<br>* ਵਸਤੁਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਪੰਕਤੀਆਂ ਪੂਰੀਆਂ ਕਰਨਾ<br>* ਵਾਕ ਬਣਾਉਣਾ<br>* ਉਚਿਤ ਮਿਲ਼ਾਨ ਕਰਨਾ<br>* ਠੀਕ ਜਾਂ ਗ਼ਲਤ<br>* ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਸ਼ੁੱਧ ਸ਼ਬਦ-ਜੋੜ 'ਤੇ ਗੋਲ਼ਾ ਲਗਾਉਣਾ<br>* ਪਿਛੇਤਰ | * ਆਪਣੀ ਮਾਤਾ ਜੀ ਬਾਰੇ ਕੁਝ ਸ਼ਬਦ ਲਿਖਣੇ।<br>* ਜੁਗਨੂੰ ਸਿਰਲੇਖ ਦੇ ਆਧਾਰ 'ਤੇ ਪੈਰਾ-ਰਚਨਾ ਕਰਨਾ।<br>* ਹਨੇਰੇ ਵਿੱਚ ਦੇਖ ਸਕਣ ਵਾਲ਼ੇ ਤਿੰਨ ਜਾਨਵਰਾਂ ਦੇ ਨਾਂ ਲਿਖਣੇ। |
| **15.** ਗੁਲੇ ਅੱਬਾਸ (ਲੇਖ/ਕਹਾਣੀ) | * ਫੁੱਲਾਂ ਪ੍ਰਤੀ ਪ੍ਰੇਮ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੁਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਠੀਕ ਜਾਂ ਗ਼ਲਤ<br>* ਵਾਕ ਬਣਾਉਣਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਮੁਹਾਵਰਿਆਂ ਦਾ ਉਹਨਾਂ ਦੇ ਅਰਥਾਂ ਨਾਲ਼ ਮਿਲ਼ਾਨ ਕਰਨਾ | * ਫੁੱਲਾਂ ਦੀਆਂ ਤਸਵੀਰਾਂ ਸਕਰੈਪ ਕਾਪੀ ਵਿੱਚ ਲਗਾਉਣਾ ਤੇ ਨਾਂ ਲਿਖਣੇ। |
| **16.** ਲੋਹੜੀ ਅਤੇ ਮਾਘੀ (ਲੇਖ) | * ਲੋਹੜੀ ਅਤੇ ਮਾਘੀ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੁਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਠੀਕ ਜਾਂ ਗ਼ਲਤ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਵਿਰੋਧੀ ਸ਼ਬਦ<br>* ਸਹੀ ਵਿਕਲਪ ਚੁਣਨਾ<br>* ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣਨਾ | * ਮੌਸਮ ਨਾਲ਼ ਸੰਬੰਧਿਤ ਤਿਉਹਾਰ ਬਾਰੇ ਲਿਖਣਾ। |
| **17.** ਵਹਿਮ-ਭਰਮ (ਇਕਾਂਗੀ) | * ਫੋਕੇ ਵਹਿਮਾਂ-ਭਰਮਾਂ 'ਤੇ ਚਾਨਣਾ ਪਾਉਣ ਬਾਰੇ। | * ਸੁਣਨਾ<br>* ਸਮਝਣਾ<br>* ਪੜ੍ਹਨਾ<br>* ਬੋਲਣਾ | * ਪਾਠ ਬਾਰੇ ਚਰਚਾ<br>* ਵਸਤੁਨਿਸ਼ਠ ਪ੍ਰਸ਼ਨ<br>* ਸੰਖੇਪ ਉੱਤਰਾਂ ਵਾਲ਼ੇ ਪ੍ਰਸ਼ਨ<br>* ਵੱਡੇ ਉੱਤਰਾਂ ਵਾਲ਼ੇ ਪ੍ਰਸ਼ਨ<br>* ਖ਼ਾਲੀ ਥਾਵਾਂ ਭਰਨਾ<br>* ਵਾਕ ਬਣਾਉਣਾ<br>* ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣਨੇ | * ਬਹੁ-ਵਿਕਲਪੀ ਪ੍ਰਸ਼ਨ<br>* ਲਿੰਗ ਬਦਲੀ<br>* ਸ਼ਬਦਾਂ ਦਾ ਕਿਰਿਆਵਾਂ ਨਾਲ਼ ਮਿਲ਼ਾਨ<br>* ਪੜਨਾਂਵ ਸ਼ਬਦ ਚੁਣਨੇ | * ਵਹਿਮਾਂ-ਭਰਮਾਂ ਦੀ ਸੂਚੀ ਤਿਆਰ ਕਰਨਾ। |




# ਹਿੰਮਤ

## ਪਾਠ ਬਾਰੇ ਚਰਚਾ

- ਕੋਈ ਮੁਸ਼ਕਲ ਆਉਣ ਤੇ ਤੁਸੀਂ ਕੀ ਕਰਦੇ ਹੋ ?
- ਕੀ ਤੁਸੀਂ ਕਿਸੇ ਹਿੰਮਤੀ ਇਨਸਾਨ ਨੂੰ ਜਾਣਦੇ ਹੋ ?

ਸੁਣੋ, ਪਿਆਰੇ ਬੱਚਿਓ, ਹਿੰਮਤ ਦੀਆਂ ਕੁਝ ਗੱਲਾਂ।
ਹਿੰਮਤੀ ਬੰਦੇ ਪਰਬਤ ਚੜ੍ਹਦੇ, ਤਰਦੇ ਸਾਗਰ ਛੱਲਾਂ।
ਵਿੱਚ ਰਾਕਟੀਂ ਉੱਡਣ ਉਹ ਤਾਂ, ਨਿੱਤ ਮਾਰਦੇ ਮੱਲਾਂ।
ਸ਼ੇਰਾਂ ਵਾਗੂੰ ਰੱਖਣ ਸਾਹਸ, ਕਦੇ ਜੇ ਹੋਵਣ ਭੁੱਲਾਂ।
'ਹਿੰਮਤੀ ਦਾ ਹਮਾਇਤੀ ਰੱਬ', ਆਖਣ ਇਹ ਸਿਆਣੇ।
ਭਾਗਾਂ ਉੱਤੇ ਟੇਕ ਜੋ ਰੱਖਣ, ਹੈਨ ਉਹ ਬੜੇ ਅੰਞਾਣੇ।
ਝੱਖੜ ਝੁੱਲੇ, ਆਏ ਹਨੇਰੀ, ਹਿੰਮਤੀ ਨਾ ਘਬਰਾਉਂਦੇ।
ਕੋਈ ਔਕੜ ਅਟਕ ਸਕੇ ਨਾ, ਚਾਨਣ ਨ੍ਹੇਰ ਭਜਾਉਂਦੇ।
ਹਿੰਮਤੀ ਕਹੇ 'ਸਭ ਹੋ ਸਕਦੈ', ਲੱਕ ਬੰਨ੍ਹ ਜਿਉਂ ਚੱਲਾਂ।
ਔਖ-ਸੌਖ ਵੀ ਹੋਈ ਜਾਵੇ, ਹੱਸ ਕੇ ਸਭ ਸਿਰ ਝੱਲਾਂ।
ਕੋਮਲ ਪੱਤੇ ਰੁੱਖਾਂ ਸਿਖਰੀਂ, ਸੂਰਜ ਵੱਲ ਨੇ ਤਕਦੇ।
ਤਿਉਂ ਤਕਦੇ ਵੱਲ ਨਿਸ਼ਾਨੇ, ਹਿੰਮਤੀ ਨਹੀਓਂ ਝਕਦੇ।
ਕਹੇ ਆਲਸੀ ਹਰ ਕੁਝ ਔਖਾ,
ਕਿਉਂ ਮਾਰਾਂ ਮੈਂ ਮੱਲਾਂ।
ਹਿੰਮਤੀ ਆਖੇ ਇੱਥੋਂ ਉੱਠਾਂ,
ਆਪਣੇ ਰਾਹ ਤੁਰ ਚੱਲਾਂ।



**ਹਿੰਮਤ**—ਸਾਹਸ (courage) । **ਪਰਬਤ**—ਪਹਾੜ (mountain) । **ਨਿੱਤ**—ਰੋਜ਼ (daily) । **ਮੱਲਾਂ**—ਪ੍ਰਾਪਤੀਆਂ (achievements) । **ਸਾਹਸ**—ਹਿੰਮਤ (courage) । **ਭੁੱਲਾਂ**—ਗ਼ਲਤੀਆਂ (mistakes) । **ਸਿਆਣੇ**—ਸਮਝਦਾਰ/ਅਕਲਮੰਦ (wise) । **ਭਾਗਾਂ**—ਕਿਸਮਤ (luck) । **ਟੇਕ**—ਆਸਰਾ (support) । **ਅੰਞਾਣੇ**—ਬੇਸਮਝ (immature) । **ਝੱਖੜ**—ਹਨੇਰੀ (storm) । **ਔਕੜ**—ਮੁਸੀਬਤ (difficulty) । **ਚਾਨਣ**—ਰੋਸ਼ਨੀ/ਪ੍ਰਕਾਸ਼ (light) । **ਲੱਕ ਬੰਨ੍ਹ**—ਕਮਰ ਕਸ ਕੇ (determine to act) । **ਝੱਲਾਂ**—ਝੱਲਣਾ/ਬਰਦਾਸ਼ਤ ਕਰਨਾ (to suffer) । **ਕੋਮਲ**—ਨਰਮ (soft) । **ਤਕਦੇ**—ਦੇਖਦੇ (see) । **ਆਲਸੀ**—ਸੁਸਤ (lazy) । **ਔਖਾ**—ਮੁਸ਼ਕਲ (difficult) । **ਰਾਹ**—ਰਸਤਾ (path) ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਭੁੱਲ ਹੋਣ 'ਤੇ ਹਿੰਮਤੀ ਕੀ ਕਰਦੇ ਹਨ ?

ਘਬਰਾ ਜਾਂਦੇ ਹਨ ☐ ਰੋਂਦੇ ਹਨ ☐ ਹੱਸਦੇ ਹਨ ☐ ਸਾਹਸ ਰੱਖਦੇ ਹਨ ☐

(ਅ) ਕਵੀ ਕਿਨ੍ਹਾਂ ਨੂੰ ਹਿੰਮਤ ਦੀਆਂ ਗੱਲਾਂ ਸੁਣਨ ਲਈ ਕਹਿ ਰਿਹਾ ਹੈ ?

ਬੁੱਢਿਆਂ ਨੂੰ ☐ ਔਰਤਾਂ ਨੂੰ ☐ ਬੱਚਿਆਂ ਨੂੰ ☐ ਮੁੰਡਿਆਂ ਨੂੰ ☐

(ੲ) ਭਾਗਾਂ ਉੱਤੇ ਟੇਕ ਰੱਖਣ ਵਾਲ਼ੇ ਕੀ ਹੁੰਦੇ ਹਨ ?

ਸਿਆਣੇ ☐ ਸਮਝਦਾਰ ☐ ਅੰਞਾਣੇ ☐ ਹਿੰਮਤੀ ☐

(ਸ) ਹਿੰਮਤੀ ਕਿਸ ਰਾਹ ਤੁਰ ਚੱਲਣ ਨੂੰ ਆਖਦਾ ਹੈ ?

ਸਮੇਂ ਦੇ ਰਾਹ ☐ ਆਪਣੇ ਰਾਹ ☐ ਸੌਖੇ ਰਾਹ ☐ ਸਫਲਤਾ ਦੇ ਰਾਹ ☐

(ਹ) ਔਖ-ਸੌਖ ਹੋਣ 'ਤੇ ਕਿਵੇਂ ਝੱਲਣੀ ਚਾਹੀਦੀ ਹੈ ?

ਰੋ ਕੇ ☐ ਸੌਂ ਕੇ ☐ ਹੱਸ ਕੇ ☐ ਹਿੰਮਤ ਰੱਖ ਕੇ ☐

(ਕ) ਕੋਮਲ ਪੱਤੇ ਰੁੱਖਾਂ ਸਿਖਰੀ ਚੜ੍ਹ ਕੇ ਕਿਸ ਵੱਲ ਤਕਦੇ ਹਨ ?

ਸੂਰਜ ਵੱਲ ☐ ਅਸਮਾਨ ਵੱਲ ☐ ਪਹਾੜ ਵੱਲ ☐ ਸਮੇਂ ਵੱਲ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਕਿਹੜੇ ਬੰਦੇ ਪਰਬਤ ਚੜ੍ਹਦੇ ਹਨ ?

**ਉੱਤਰ** ....................................................................................

(ਅ) ਸਿਆਣੇ ਕੀ ਆਖਦੇ ਹਨ ?

**ਉੱਤਰ** ....................................................................................

(ੲ) ਆਲਸੀ ਕੀ ਆਖਦਾ ਹੈ ?

ਉੱਤਰ ..............................................................................................

(ਸ) ਹਿੰਮਤੀ ਉੱਠ ਕੇ ਕਿਹੜੇ ਰਾਹ ਤੁਰਨ ਨੂੰ ਕਹਿੰਦਾ ਹੈ ?

ਉੱਤਰ ..............................................................................................

## 3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :

(ੳ) ਕਵੀ 'ਹਿੰਮਤ' ਕਵਿਤਾ ਵਿੱਚ ਕੀ ਸਿੱਖਿਆ ਦੇ ਰਿਹਾ ਹੈ ?

ਉੱਤਰ ..............................................................................................

..............................................................................................

(ਅ) 'ਹਿੰਮਤੀ ਦਾ ਹਮਾਇਤੀ ਰੱਬ' ਤੋਂ ਕੀ ਭਾਵ ਹੈ ?

ਉੱਤਰ ..............................................................................................

..............................................................................................

(ੲ) ਹਿੰਮਤੀ ਇਨਸਾਨ ਦੇ ਕਿਹੜੇ-ਕਿਹੜੇ ਗੁਣ ਕਵਿਤਾ ਵਿੱਚ ਦੱਸੇ ਗਏ ਹਨ ?

ਉੱਤਰ ..............................................................................................

..............................................................................................

## 4. ਕਵਿਤਾ ਅਨੁਸਾਰ ਪੰਕਤੀਆਂ ਪੂਰੀਆਂ ਕਰੋ :

ਝੱਖੜ ਝੁੱਲੇ, ਆਏ ਹਨੇਰੀ, ਹਿੰਮਤੀ ........................।

ਕੋਈ ਔਕੜ ਅਟਕ ਸਕੇ ਨਾ, ..........................।

..............................., ਲੱਕ ਬੰਨ੍ਹ ਜਿਉਂ ਚੱਲਾਂ।

ਔਖ-ਸੌਖ ਵੀ ਹੋਈ ਜਾਵੇ, ............................।

................................, ਸੂਰਜ ਵੱਲ ਨੇ ਤਕਦੇ।

## 5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

**ਸ਼ਬਦ** **ਵਾਕ**

(ੳ) ਮੱਲਾਂ ਮਾਰਨੀਆਂ—ਇਸ ਸਾਲ ਦੀ ਸਲਾਨਾ ਪਰੀਖਿਆ ਵਿੱਚ ਸਾਡੇ ਸਕੂਲ ਦੇ ਵਿਦਿਆਰਥੀਆਂ ਨੇ ਚੰਗੀਆਂ ਮੱਲਾਂ ਮਾਰੀਆਂ। (ਉਦਾਹਰਨ)

(ਅ) ਲੱਕ ਬੰਨ੍ਹਣਾ — ..............................................................................................

(ੲ) ਅੰਞਾਣੇ — ..............................................................................................

(ਸ) ਝੱਖੜ — ..............................................................................................

(ਹ) ਰਾਹ — ..........................................................

(ਕ) ਔਕੜ — ..........................................................

**6. ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✕) ਦਾ ਨਿਸ਼ਾਨ ਲਗਾਓ :**

(ੳ) ਹਿੰਮਤੀ ਬੰਦੇ ਘਬਰਾ ਜਾਂਦੇ ਹਨ। ☐

(ਅ) ਭਾਗਾਂ 'ਤੇ ਟੇਕ ਰੱਖਣ ਵਾਲ਼ੇ ਅੰਞਾਣੇ ਹੁੰਦੇ ਹਨ। ☐

(ੲ) ਹਿੰਮਤੀ ਲੋਕ ਔਖ-ਸੌਖ ਹੱਸ ਕੇ ਝੱਲਦੇ ਹਨ। ☐

(ਸ) ਹਿੰਮਤੀ ਹਮੇਸ਼ਾਂ ਝੁੱਕ ਜਾਂਦੇ ਹਨ। ☐

(ਹ) ਹਿੰਮਤੀ ਉੱਠ ਕੇ ਆਪਣੇ ਰਾਹ ਤੁਰ ਪੈਂਦਾ ਹੈ। ☐

**7. ਹੇਠਾਂ ਦਿੱਤੀ ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਕੋਮਲ ਪੱਤੇ ਰੁੱਖਾਂ ਸਿਖਰੀਂ,
ਸੂਰਜ ਵੱਲ ਨੇ ਤਕਦੇ।
ਤਿਉਂ ਤਕਦੇ ਵੱਲ ਨਿਸ਼ਾਨੇ,
ਹਿੰਮਤੀ ਨਹੀਓਂ ਝਕਦੇ।
ਕਹੇ ਆਲਸੀ ਹਰ ਕੁਝ ਔਖਾ,
ਕਿਉਂ ਮਾਰਾਂ ਮੈਂ ਮੱਲਾਂ।
ਹਿੰਮਤੀ ਆਖੇ ਇੱਥੋਂ ਉੱਠਾਂ,
ਆਪਣੇ ਰਾਹ ਤੁਰ ਚੱਲਾਂ।

(ੳ) ਕੋਮਲ ਪੱਤੇ ਕਿਸ ਦੇ ਸਿਖਰੀਂ ਹਨ ?

ਰੁੱਖਾਂ ਦੇ ☐ ਪਹਾੜਾਂ ਦੇ ☐ ਬੂਟਿਆਂ ਦੇ ☐ ਅਸਮਾਨ ਦੇ ☐

(ਅ) ਰੁੱਖਾਂ ਦੇ ਪੱਤੇ ਕਿਸ ਵੱਲ ਤਕਦੇ ਹਨ ?

ਚੰਦ ☐ ਤਾਰੇ ☐ ਸੂਰਜ ☐ ਅਸਮਾਨ ☐

(ੲ) ਕਿਸ ਲਈ ਸਭ ਕੁਝ ਔਖਾ ਹੈ ?

ਉੱਦਮੀ ਲਈ ☐ ਇਨਸਾਨ ਲਈ ☐ ਆਲਸੀ ਲਈ ☐ ਹੁਸ਼ਿਆਰ ਲਈ ☐

(ਸ) ਕੌਣ ਝਕਦੇ ਨਹੀਂ ਹਨ ?

ਆਲਸੀ ☐ ਹਿੰਮਤੀ ☐ ਸਮਝਦਾਰ ☐ ਬੇਈਮਾਨ ☐

(ਹ) ਹਿੰਮਤੀ ਉੱਠ ਕੇ ਕਿਹੜੇ ਰਾਹ ਤੁਰਨ ਨੂੰ ਆਖਦੇ ਹਨ ?

ਦੂਜੇ ਦੇ ☐ ਪਰਾਏ ਦੇ ☐ ਆਪਣੇ ☐ ਬੇਗਾਨੇ ☐



# ਵਿਆਕਰਨ

**1. ਵਿਰੋਧੀ ਸ਼ਬਦ ਲਿਖੋ :**

(ੳ) ਉੱਦਮ — ........................

(ਅ) ਕੋਮਲ — ........................

(ੲ) ਹਿੰਮਤ — ........................

(ਸ) ਹੱਸਣਾ — ........................

(ਹ) ਸਿਆਣੇ — ........................

(ਕ) ਔਖਾ — ........................

(ਖ) ਚਾਨਣ — ........................

(ਗ) ਆਲਸੀ — ........................

(ਘ) ਰਾਹੇ — ........................

(ਙ) ਉੱਠਾਂ — ........................

(ਚ) ਚੜ੍ਹਦੇ — ........................

(ਛ) ਆਪਣਾ — ........................

**2. ਦਿੱਤੀ ਉਦਾਹਰਨ ਅਨੁਸਾਰ ਕਵਿਤਾ ਵਿੱਚੋਂ ਤੁਕਾਂਤ ਮਿਲਾਉਂਦੇ ਸ਼ਬਦ ਚੁਣੋ :**

**ਜਿਵੇਂ : ਅੰਞਾਣੇ —** ਸਿਆਣੇ

(ੳ) ਗੱਲਾਂ — ........................

(ਅ) ਤਕਦੇ — ........................

(ੲ) ਘਬਰਾਉਂਦੇ — ........................

(ਸ) ਚੱਲਾਂ — ........................

**3. ਦਿੱਤੀ ਉਦਾਹਰਨ ਅਨੁਸਾਰ ਨਾਂਵ ਸ਼ਬਦਾਂ ਤੋਂ ਵਿਸ਼ੇਸ਼ਣ ਬਣਾਓ :**

(ੳ) ਹਿੰਮਤ — ਹਿੰਮਤੀ

(ਅ) ਆਲਸ — ........................

(ੲ) ਸਾਹਸ — ........................

(ਸ) ਔਖ — ........................

**4. ਵਾਕਾਂ ਵਿੱਚੋਂ ਪੜਨਾਂਵ ਸ਼ਬਦ ਅਲੱਗ ਕਰੋ :**

(ੳ) ਉਹ ਬਹੁਤ ਉੱਦਮੀ ਹੈ। ..............ਉਹ......................

(ਅ) ਜੋ ਮਿਹਨਤ ਕਰਦੇ ਹਨ, ਉਹ ਸਫਲ ਹੁੰਦੇ ਹਨ। ........................................

(ੲ) ਕੌਣ ਆਇਆ ਹੈ ? ........................................

(ਸ) ਉਹ ਮੇਰਾ ਭਰਾ ਹੈ। ........................................

(ਹ) ਸਾਡੇ ਘਰ ਕੋਲ਼ ਗੁਰਦੁਆਰਾ ਹੈ। ........................................



## ਯੋਗਤਾ ਵਿਸਤਾਰ

- ਇਸ ਪਾਠ ਵਿੱਚ ਹਿੰਮਤੀ ਲੋਕਾਂ ਬਾਰੇ ਦੱਸਿਆ ਗਿਆ ਹੈ। ਆਲਸ ਤਿਆਗ ਕੇ ਹਿੰਮਤ ਰੱਖਣ ਬਾਰੇ ਆਪਣੇ ਵਿਚਾਰ ਲਿਖੋ।

..............................................................................................................

..............................................................................................................

..............................................................................................................

..............................................................................................................

..............................................................................................................

..............................................................................................................

- ਹਿੰਮਤੀ ਲੋਕਾਂ ਦੇ ਗੁਣਾਂ ਨੂੰ ਬਿਆਨ ਕਰੋ।

..............................................................................................................

..............................................................................................................

..............................................................................................................

..............................................................................................................

..............................................................................................................

..............................................................................................................



## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਆਲਸ ਦੇ ਨੁਕਸਾਨ ਬਾਰੇ ਦੱਸਣ।
- ਅਧਿਆਪਕ ਵਿਦਿਆਰਥੀਆਂ ਨੂੰ ਦੱਸਣ ਕਿ ਹਿੰਮਤੀ ਇਨਸਾਨ ਹਮੇਸ਼ਾਂ ਸਫਲ ਹੁੰਦਾ ਹੈ।



# 2 ਪਾਠ ਤੇਰੀ ਗੱਲ ਵੀ ਠੀਕ ਏ

## ਪਾਠ ਬਾਰੇ ਚਰਚਾ

- ਕੀ ਤੁਸੀਂ ਕਦੇ ਕੋਈ ਝਗੜਾ ਹੁੰਦਾ ਵੇਖਿਆ ਹੈ ?
- ਜੇ ਤੁਹਾਡਾ ਕਿਸੇ ਮਿੱਤਰ ਨਾਲ਼ ਝਗੜਾ ਹੋ ਜਾਵੇ ਤਾਂ ਤੁਸੀਂ ਕੀ ਕਰਦੇ ਹੋ ?

ਬਾਬਾ ਜੋਰਾ ਸਿੰਘ ਪਿੰਡ ਦਾ ਬੜਾ ਸਿਆਣਾ ਬੰਦਾ ਸੀ। ਪਿੰਡ ਵਾਲ਼ੇ ਉਸ ਦਾ ਬਹੁਤ ਆਦਰ ਕਰਦੇ ਸਨ। ਉਸ ਕੋਲ਼ੋਂ ਆਪਣੇ ਘਰੇਲੂ ਝਗੜਿਆਂ ਦੇ ਫ਼ੈਸਲੇ ਕਰਾਉਣ ਆਉਂਦੇ ਸਨ। ਜੇ ਕੋਈ ਲੜਾਈ ਹੋ ਜਾਂਦੀ ਤਦ ਵੀ ਉਹੋ ਹੀ ਫ਼ੈਸਲਾ ਕਰਵਾਉਂਦਾ । ਪਰ ਉਹਦੀ ਇੱਕ ਅਜੀਬ ਆਦਤ ਸੀ। ਕਈ ਵਾਰੀ ਉਹ ਸਿੱਧਾ ਫ਼ੈਸਲਾ ਕਰਨ ਦੀ ਥਾਂ ਗੱਲ ਨੂੰ ਅਜਿਹੇ ਹਸਾਉਣੇ ਢੰਗ ਨਾਲ਼ ਨਿਬੇੜਦਾ ਕਿ ਝਗੜਾ ਆਪਣੇ-ਆਪ ਹੀ ਮੁੱਕ ਜਾਂਦਾ।

ਇੱਕ ਦਿਨ ਸੰਤਾ ਸਿੰਘ ਦੇ ਖੇਤ ਵਿੱਚੋਂ ਕਿਸੇ ਨੇ ਚਰ੍ਹੀ ਵੱਢ ਲਿਆਂਦੀ। ਸੰਤਾ ਸਿੰਘ ਨੇ ਪੈੜਾਂ ਪਛਾਣ ਲਈਆਂ। ਉਹਨੂੰ ਪਤਾ ਲੱਗ ਗਿਆ ਕਿ ਇਹ ਕੰਮ ਹਰਨਾਮੇ ਦਾ ਹੈ। ਹਰਨਾਮੇ ਕੋਲ਼ ਦੋ ਮੱਝਾਂ ਸਨ ਤੇ ਉਹ ਉਹਨਾਂ ਦਾ ਦੁੱਧ ਵੇਚ ਕੇ ਗੁਜ਼ਾਰਾ ਕਰਦਾ ਸੀ। ਉਹਨੂੰ ਆਦਤ ਸੀ ਕਿ ਉਹ ਕਿਸੇ ਨਾ ਕਿਸੇ ਦੇ ਖੇਤੋਂ ਪੱਠੇ ਵੱਢ ਲਿਆਉਂਦਾ। ਕਈ ਲੋਕ ਏਨੀ ਕੁ ਗੱਲ ਪਿੱਛੇ ਹਰਨਾਮੇ ਨਾਲ਼ ਝਗੜਾ ਨਹੀਂ ਸਨ ਕਰਦੇ। ਉਹਨਾਂ ਨੂੰ ਪਤਾ ਸੀ ਕਿ ਉਹਨੇ ਆਪਣਾ ਸੁਭਾਅ ਨਹੀਂ ਛੱਡਣਾ। ਪਰ ਸੰਤਾ ਸਿੰਘ ਅਜਿਹਾ ਬੰਦਾ ਨਹੀਂ ਸੀ। ਉਹਨੇ ਬਾਬੇ ਜੋਰਾ ਸਿੰਘ ਕੋਲ਼ ਸ਼ਿਕਾਇਤ ਜਾ ਕੀਤੀ।

ਬਾਬਾ ਆਪਣੇ ਵਿਹੜੇ ਵਿੱਚ ਮੰਜੇ ਉੱਤੇ ਬੈਠਾ ਸੀ। ਸੰਤਾ ਸਿੰਘ ਨੇ ਸਤਿ ਸ੍ਰੀ ਅਕਾਲ ਬੁਲਾ ਕੇ ਕਿਹਾ, "ਬਾਬਾ, ਮੈਂ ਤੇਰੇ ਕੋਲ਼ ਇੱਕ ਸ਼ਿਕਾਇਤ ਕਰਨ ਆਇਆਂ।"



ਸਿਆਣਾ—ਸਮਝਦਾਰ (wise)। ਚਰ੍ਹੀ—ਪਸ਼ੂਆਂ ਦੇ ਖਾਣ ਦਾ ਚਾਰਾ (fodder crop)।
ਪੈੜਾਂ—ਪੈਰਾਂ ਦੇ ਨਿਸ਼ਾਨ (foot prints)। ਵਿਹੜਾ—ਆਂਗਣ (porch)।

ਬਾਬਾ ਆਪਣੀ ਸੰਘਣੀ, ਚਿੱਟੀ ਦਾੜ੍ਹੀ ਉੱਤੇ ਹੱਥ ਫੇਰਦਾ ਬੋਲਿਆ, "ਪਹਿਲਾਂ ਅਰਾਮ ਨਾਲ਼ ਮੰਜੇ 'ਤੇ ਬੈਠ ਜਾ, ਸਾਊ! ਫੇਰ ਸਾਰੀ ਗੱਲ ਦੱਸੀਂ। ਕੋਈ ਗੱਲ ਨਹੀਂ, ਸਭ ਠੀਕ ਹੋ ਜਾਏਗਾ।"

ਪਰ ਸੰਤਾ ਸਿੰਘ ਬਹੁਤ ਕਾਹਲ਼ਾ ਪਿਆ ਹੋਇਆ ਸੀ। ਉਹ ਗੁੱਸੇ ਨਾਲ਼ ਬੋਲਿਆ, "ਬਾਬਾ, ਗੱਲ ਹੀ ਇਹੋ ਜਿਹੀ ਹੈ। ਹਰਨਾਮਾ ਮੇਰੇ ਖੇਤੋਂ ਪੱਠੇ ਵੱਢ ਲਿਆਇਆ। ਕੱਲ੍ਹ ਨੂੰ, ਉਹ ਸਾਡੇ ਦਾਣੇ ਚੁੱਕ ਕੇ ਲੈ ਜਾਏਗਾ।"

ਬਾਬਾ ਉਸੇ ਤਰ੍ਹਾਂ ਮੁਸਕਰਾ ਕੇ ਬੋਲਿਆ, "ਕੋਈ ਗੱਲ ਨਹੀਂ। ਆਪਾਂ ਹੁਣੇ ਹਰਨਾਮੇ ਨੂੰ ਸੱਦ ਕੇ ਪੁੱਛ ਲੈਨੇ ਆਂ। ਫੇਰ ਦੁੱਧੋਂ ਪਾਣੀ ਛਾਣ ਦਿਆਂਗੇ।"

ਬਾਬੇ ਨੇ ਆਪਣੇ ਭਤੀਜੇ ਕਰਮੇ ਨੂੰ ਅਵਾਜ਼ ਮਾਰ ਕੇ ਕਿਹਾ ਕਿ ਉਹ ਹਰਨਾਮੇ ਨੂੰ ਸੱਦ ਲਿਆਵੇ। ਕਰਮਾ ਉਸੇ ਵੇਲ਼ੇ ਹਰਨਾਮੇ ਨੂੰ ਬੁਲਾ ਕੇ ਲੈ ਆਇਆ।



**ਸੰਘਣੀ**—ਭੀੜੀ (dense)। **ਸੱਦ**—ਬੁਲਾ (to call)। **ਧੀਰਜ**—ਹੌਸਲਾ (patience)। **ਸਾਊ**—ਸਿੱਧਾ (innocent)। **ਮਰਲਾ**—ਜ਼ਮੀਨ ਦੀ ਪੈਮਾਇਸ਼ (measurement of land)।



ਬਾਬੇ ਜੋਰਾ ਸਿੰਘ ਨੇ ਹਰਨਾਮੇ ਨੂੰ ਵੀ ਮੰਜੇ ਉੱਤੇ ਬਿਠਾ ਲਿਆ। ਹਰਨਾਮਾ ਤਾੜ ਗਿਆ ਕਿ ਉਹਦੀ ਚੋਰੀ ਫੜੀ ਗਈ ਹੈ। ਫੇਰ ਵੀ ਉਹ ਅਣਜਾਣਾਂ ਵਾਂਗ ਬੋਲਿਆ, "ਬਾਬਾ, ਮੇਰੇ ਤਾਈਂ ਕੋਈ ਕੰਮ ਸੀ?"

ਪਰ ਬਾਬੇ ਦੀ ਥਾਂ ਸੰਤਾ ਸਿੰਘ ਗਰਜ ਪਿਆ, "ਕੰਮ ਦਾ ਤਾਂ ਪਤਾ ਹੁਣੇ ਲੱਗ ਜਾਏਗਾ। ਜਿਹੜਾ ਤੂੰ ਲੋਕਾਂ ਦੇ ਖੇਤ, ਆਪਣੇ ਪਿਓ ਵਾਲ਼ੇ ਹੀ ਬਣਾਈ ਫਿਰਦਾ ਏਂ।"

ਬਾਬਾ ਜੋਰਾ ਸਿੰਘ ਬੜੇ ਧੀਰਜ ਨਾਲ਼ ਬੋਲਿਆ, "ਸਾਊ! ਏਸ ਤਰ੍ਹਾਂ ਨਹੀਂ ਝਗੜਨਾ। ਤੁਸੀਂ 'ਕੱਲਾ-'ਕੱਲਾ, ਮੇਰੀ ਗੱਲ ਦਾ ਜਵਾਬ ਦਿਓ। ਪਹਿਲਾਂ ਸੰਤਾ ਸਿਆਂ ਤੂੰ ਦੱਸ ਤੇਰੀ ਕੀ ਸ਼ਿਕਾਇਤ ਏ?"

ਸੰਤਾ ਸਿੰਘ ਗੁੱਸੇ ਨਾਲ਼ ਬੋਲਿਆ, "ਸ਼ਿਕਾਇਤ ਹੁਣ ਮੈਂ ਕਿੰਨੀ ਕੁ ਵਾਰੀ ਦੱਸਾਂ? ਤੈਨੂੰ ਦੱਸ ਤਾਂ ਦਿੱਤਾ ਕਿ ਇਹ ਰਾਤ ਸਾਡੇ ਖੇਤੋਂ ਦੋ ਮਣ ਪੱਕੇ ਦੀ, ਚਰ੍ਹੀ ਦੀ ਭਰੀ ਵੱਢ ਲਿਆਇਆ। ਮਰਲਾ ਥਾਂ ਖ਼ਾਲੀ ਕੀਤਾ ਪਿਐ।

ਜੇ ਇਉਂ ਲੋਕ ਸਾਡੇ ਖੇਤ ਉਜਾੜਨ ਲੱਗ ਪਏ ਤਾਂ ਅਸੀਂ ਕੀ ਖਾਵਾਂਗੇ ? ਤੂੰ ਆਪ ਸਿਆਣਾ ਏਂ ਬਾਬਾ ! ਇਹਨੇ ਚੋਰੀਓਂ ਚਰ੍ਹੀ ਵੱਢ ਕੇ ਕੋਈ ਚੰਗਾ ਕੰਮ ਕੀਤੈ ?"

ਬਾਬਾ ਸਿਰ ਹਿਲਾ ਕੇ ਬੋਲਿਆ, "ਗੱਲ ਤਾਂ ਤੇਰੀ ਠੀਕ ਏ ਸਾਊ, ਬਿਲਕੁਲ ਠੀਕ।"

ਸੰਤਾ ਸਿੰਘ ਤਾਂ ਖ਼ੁਸ਼ ਹੋ ਗਿਆ। ਪਰ ਉਸ ਵੇਲ਼ੇ ਹਰਨਾਮਾ ਕੁਝ ਢਿੱਲਾ ਜਿਹਾ ਹੋ ਕੇ ਬੋਲਿਆ, "ਦੇਖ ਬਾਬਾ ਮੈਂ ਝੂਠ ਨਹੀਂ ਬੋਲਦਾ, ਰੱਬ ਨੂੰ ਜਾਨ ਦੇਣੀ ਏਂ। ਚਰ੍ਹੀ ਮੈਂ ਦੋ ਕੁ ਥੱਬੀਆਂ ਜ਼ਰੂਰ ਵੱਢ ਕੇ ਲਿਆਂਦੀ ਏ। ਪਸ਼ੂ ਭੁੱਖੇ ਖੜ੍ਹੇ ਸੀ। ਤੈਨੂੰ ਪਤਾ ਏ ਮੇਰੇ ਕੋਲ਼ ਕਿਹੜਾ ਕੋਈ ਜ਼ਮੀਨ-ਜਾਇਦਾਦ ਏ। ਏਸ ਕਰ ਕੇ ਹੁਣ ਜਿਸ ਭਰਾ ਦੇ ਖੇਤ ਪੱਠੇ ਹੋਣਗੇ ਉਸ ਦੇ ਖੇਤੋਂ ਹੀ ਵੱਢ ਕੇ ਲਿਆਵਾਂਗੇ ਨਾ ? ਨਾਲ਼ੇ ਸੰਤਾ ਸਿੰਘ ਨੂੰ ਕੀ ਫ਼ਰਕ ਪੈਂਦਾ ਏ। ਇਹਨੇ ਪੰਜ ਘੁਮਾਂ ਚਰ੍ਹੀ ਬੀਜੀ ਹੋਈ ਏ। ਜੇ ਓਥੋਂ ਇੱਕ ਭਰੀ ਮੈਂ ਲੈ ਆਂਦੀ ਤਾਂ ਇਹਨੂੰ ਭਲਾ ਕੀ ਹਜ਼ਾਰਾਂ ਘਾਟਾ ਪੈ ਗਿਐ।"

ਬਾਬਾ ਉਸੇ ਤਰ੍ਹਾਂ ਸਿਰ ਹਿਲਾ ਕੇ ਬੋਲਿਆ, "ਗੱਲ ਤੇਰੀ ਵੀ ਠੀਕ ਏ ਸਾਊ ! ਬਿਲਕੁਲ ਠੀਕ ਏ।"

ਬਾਬੇ ਦੀ ਇਹ ਗੱਲ ਸੁਣਦਿਆਂ ਹੀ ਉਹਦੇ ਭਤੀਜੇ ਕਰਮੇ ਨੂੰ ਰਤਾ ਗੁੱਸਾ ਆ ਗਿਆ। ਉਹਨੇ ਰੋਸ ਨਾਲ਼ ਬਾਬੇ ਜੋਰਾ ਸਿੰਘ ਨੂੰ ਕਿਹਾ, "ਤਾਇਆ, ਇਹ ਤੇਰਾ ਚੰਗਾ ਇਨਸਾਫ਼ ਏ ? ਜਦੋਂ ਸੰਤੂ ਨੇ ਸ਼ਿਕਾਇਤ ਕੀਤੀ ਤੂੰ ਉਸ ਨੂੰ ਵੀ ਕਹਿ ਦਿੱਤਾ ਕਿ ਠੀਕ ਏ। ਹੁਣ ਹਰਨਾਮੇ ਨੇ ਅੱਗੋਂ ਆਪਣੀ ਦਲੀਲ ਦਿੱਤੀ ਏ ਤਾਂ ਤੂੰ ਇਹਨੂੰ ਵੀ ਠੀਕ ਕਹਿ ਦਿੱਤਾ। ਇਹ ਭਲਾ ਕੀ ਇਨਸਾਫ਼ ਹੋਇਆ ਤੇਰਾ ?"

ਬਾਬੇ ਜੋਰਾ ਸਿੰਘ ਨੇ ਕਰਮੇ ਦੀ ਗੱਲ ਸੁਣ ਕੇ ਉਸੇ ਤਰ੍ਹਾਂ ਸਿਰ ਹਿਲਾ ਦਿੱਤਾ। ਫੇਰ ਮੁਸਕਰਾਉਂਦਾ ਹੋਇਆ ਬੋਲਿਆ, "ਗੱਲ ਤਾਂ ਤੇਰੀ ਵੀ ਠੀਕ ਏ ਸਾਊ।"

ਬਾਬੇ ਦਾ ਰੌਂ ਵੇਖ ਕੇ ਤਿੰਨੇ ਹੀ ਹੱਸ ਪਏ। ਫੇਰ ਸੰਤਾ ਸਿੰਘ ਉੱਠਦਾ ਹੋਇਆ ਬੋਲਿਆ, "ਚੰਗਾ ਬਾਬਾ ! ਮੈਂ ਸਮਝ ਲਵਾਂਗਾ ਮੇਰੇ ਖੇਤ ਵਿੱਚ ਕੋਈ ਅਵਾਰਾ ਪਸ਼ੂ ਆ ਕੇ ਚਰ੍ਹੀ ਚਰ ਗਿਆ ਏ। ਹੋਰ ਹੁਣ ਕੋਈ ਵਾਹ ਏ। ਪਰ ਤੂੰ ਕੋਈ ਚੰਗਾ ਇਨਸਾਫ਼ ਨਹੀਂ ਕੀਤਾ।"

ਬਾਬਾ ਫੇਰ ਬੋਲਿਆ, "ਤੇਰੀ ਗੱਲ ਸਾਊ ਬਿਲਕੁਲ ਠੀਕ ਏ।"

ਹੁਣ ਉਹ ਚਾਰੇ ਖ਼ੁਸ਼ ਹੋ ਗਏ ਸਨ। ਪਰ ਹਰਨਾਮੇ ਨੂੰ ਪਤਾ ਸੀ ਕਿ ਜੇ ਉਹਨੇ ਅੱਗੇ ਤੋਂ ਸੰਤਾ ਸਿੰਘ ਦੀ ਚਰ੍ਹੀ ਵੱਢੀ ਤਾਂ ਬਾਬਾ ਜੋਰਾ ਸਿੰਘ ਉਸ ਨੂੰ ਮਾਫ਼ ਨਹੀਂ ਕਰੇਗਾ। ਪਹਿਲੀ ਘਟਨਾ ਹੋਣ ਕਰ ਕੇ ਉਹਨੇ, ਆਪਣੇ ਹੀ ਢੰਗ ਨਾਲ਼ ਮਾਮਲਾ ਰਫ਼ਾ-ਦਫ਼ਾ ਕਰ ਦਿੱਤਾ ਸੀ।

> **ਘੁਮਾਂ**—ਇੱਕ ਏਕੜ (an acre)। **ਰੋਸ**—ਗੁੱਸੇ (angry)। **ਰੌਂ**—ਮਿਜ਼ਾਜ (mood)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਬਾਬੇ ਦੀ ਦਾੜ੍ਹੀ ਕਿਸ ਤਰ੍ਹਾਂ ਦੀ ਸੀ ?

ਵਿਰਲੀ ਕਾਲ਼ੀ ☐ ਭੂਰੀ-ਚਿੱਟੀ ☐ ਸੰਘਣੀ ਚਿੱਟੀ ☐ ਵਿਰਲੀ ਚਿੱਟੀ ☐

(ਅ) ਲੋਕ ਬਾਬੇ ਕੋਲ਼ ਕਿਉਂ ਆਉਂਦੇ ਸਨ ?

ਸਮਾਂ ਬਿਤਾਉਣ ☐ ਖੇਡਣ ☐

ਉਧਾਰ ਲੈਣ ☐ ਘਰੇਲੂ ਝਗੜਿਆਂ ਦੇ ਫ਼ੈਸਲੇ ਕਰਾਉਣ ☐

(ੲ) ਸੰਤਾ ਸਿੰਘ ਦੇ ਖੇਤ ਵਿੱਚੋਂ ਕੀ ਵੱਢਿਆ ਗਿਆ ?

ਫ਼ਸਲ ☐ ਚਰ੍ਹੀ ☐ ਕਣਕ ☐ ਝੋਨਾ ☐

(ਸ) ਬਾਬੇ ਨੇ ਹਰਨਾਮੇ ਨੂੰ ਕਿੱਥੇ ਬਿਠਾ ਲਿਆ ?

ਜ਼ਮੀਨ 'ਤੇ ☐ ਮੰਜੇ 'ਤੇ ☐ ਕੁਰਸੀ 'ਤੇ ☐ ਘਾਹ 'ਤੇ ☐

(ਹ) ਬਾਬੇ ਦਾ ਕੀ ਵੇਖ ਕੇ ਤਿੰਨੇ ਹੱਸ ਪਏ ?

ਰੌਂ ☐ ਗੁੱਸਾ ☐ ਪਿਆਰ ☐ ਰੋਅਬ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਬਾਬਾ ਜੋਰਾ ਸਿੰਘ ਕੌਣ ਸੀ ?

ਉੱਤਰ ..........................................................................................

(ਅ) ਹਰਨਾਮੇ ਨੇ ਕਿਸ ਦੇ ਖੇਤ ਵਿੱਚੋਂ ਚਰ੍ਹੀ ਵੱਢ ਕੇ ਲਿਆਂਦੀ ?

ਉੱਤਰ ..........................................................................................

(ੲ) ਬਾਬੇ ਜੋਰਾ ਸਿੰਘ ਦੇ ਭਤੀਜੇ ਦਾ ਕੀ ਨਾਂ ਸੀ ?

ਉੱਤਰ ..........................................................................................

(ਸ) ਸੰਤਾ ਸਿੰਘ ਨੇ ਕਿੰਨੀ ਚਰ੍ਹੀ ਬੀਜੀ ਸੀ ?

ਉੱਤਰ ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਲੋਕ ਬਾਬੇ ਜੋਰਾ ਸਿੰਘ ਕੋਲ਼ ਕਿਉਂ ਆਉਂਦੇ ਸਨ ?

ਉੱਤਰ ..........................................................................................

..........................................................................................

(ਅ) ਕਰਮਾ ਕੌਣ ਸੀ ? ਉਹ ਕਿਸ ਦੇ ਕਹਿਣ 'ਤੇ ਹਰਨਾਮੇ ਨੂੰ ਬੁਲਾਉਣ ਗਿਆ ?

ਉੱਤਰ ..........................................................................................

..........................................................................................

(ੲ) ਹਰਨਾਮਾ ਆਪਣਾ ਗੁਜ਼ਾਰਾ ਕਿਵੇਂ ਕਰਦਾ ਸੀ ? ਇਹ ਵੀ ਦੱਸੋ ਕਿ ਉਸ ਦੀ ਸ਼ਿਕਾਇਤ ਬਾਬਾ ਜੋਰਾ ਸਿੰਘ ਕੋਲ਼ ਕਿਸ ਨੇ ਕੀਤੀ ਅਤੇ ਕਿਉਂ ?

ਉੱਤਰ ..............................................................................................

..............................................................................................

(ਸ) ਬਾਬਾ ਜ਼ੋਰਾ ਸਿੰਘ ਦੀ ਕਿਹੜੀ ਗੱਲ ਤੁਹਾਨੂੰ ਪ੍ਰਭਾਵਿਤ ਕਰਦੀ ਹੈ ?

ਉੱਤਰ ..............................................................................................

..............................................................................................

## 4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ਕਾਹਲ਼ਾ, ਇਨਸਾਫ਼, ਰਫ਼ਾ-ਦਫ਼ਾ, ਸਤਿ ਸ੍ਰੀ ਅਕਾਲ, ਧੀਰਜ)

(ੳ) ਸੰਤਾ ਸਿੰਘ ਨੇ ........................ ਬੁਲਾ ਕੇ ਕਿਹਾ, "ਬਾਬਾ ਮੈਂ ਤੇਰੇ ਕੋਲ਼ ਇੱਕ ਸ਼ਿਕਾਇਤ ਕਰਨ ਆਇਆ ਹਾਂ।"

(ਅ) ਸੰਤਾ ਸਿੰਘ ਬਹੁਤ ........................ ਪਿਆ ਹੋਇਆ ਸੀ।

(ੲ) ਬਾਬਾ ਬੜੇ ........................ ਨਾਲ਼ ਬੋਲਿਆ।

(ਸ) ਤਾਇਆ, ਇਹ ਤੇਰਾ ਚੰਗਾ ........................ ਏ।

(ਹ) ਆਪਣੇ ਹੀ ਢੰਗ ਨਾਲ਼ ਮਾਮਲਾ ........................ ਕਰ ਦਿੱਤਾ ਸੀ।

## 5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| ਸ਼ਬਦ | | ਵਾਕ |
|---|---|---|
| (ੳ) ਚਰ੍ਹੀ | — | ਸੰਤਾ ਸਿੰਘ ਦੇ ਖੇਤ ਵਿੱਚੋਂ ਕਿਸੇ ਨੇ ਚਰ੍ਹੀ ਵੱਢ ਲਿਆਂਦੀ। (ਉਦਾਹਰਨ) |
| (ਅ) ਘਟਨਾ | — | .................................................................... |
| (ੲ) ਪੱਠੇ | — | .................................................................... |
| (ਸ) ਮਾਮਲਾ ਰਫ਼ਾ-ਦਫ਼ਾ ਕਰਨਾ | — | .................................................................... |
| (ਹ) ਦੁੱਧੋਂ ਪਾਣੀ ਛਾਣਨਾ | — | .................................................................... |
| (ਕ) ਸੰਘਣੀ | — | .................................................................... |

## 6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :

(ੳ) ਕਰਮਾ ਸੰਤਾ ਸਿੰਘ ਦਾ ਭਤੀਜਾ ਸੀ। ☐

(ਅ) ਬਾਬੇ ਜ਼ੋਰਾ ਸਿੰਘ ਨੇ ਕਰਮੇ ਨੂੰ ਮੰਜੇ 'ਤੇ ਬਿਠਾ ਲਿਆ। ☐

(ੲ) ਬਾਬਾ ਕਰਮੇ ਦਾ ਤਾਇਆ ਸੀ। ☐

(ਸ) ਸੰਤਾ ਸਿੰਘ ਨੇ ਖੇਤ ਵਿੱਚ ਪੰਜ ਘੁਮਾਂ ਚਰ੍ਹੀ ਬੀਜੀ ਸੀ। ☐

(ਹ) ਸੰਤਾ ਸਿੰਘ ਨੇ ਬਾਬੇ ਜ਼ੋਰਾ ਸਿੰਘ ਕੋਲ਼ ਹਰਨਾਮੇ ਦੀ ਤਾਰੀਫ਼ ਕੀਤੀ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਬਾਬੇ ਦੀ ਇਹ ਗੱਲ ਸੁਣਦਿਆਂ ਹੀ ਉਹਦੇ ਭਤੀਜੇ ਕਰਮੇ ਨੂੰ ਰਤਾ ਗੁੱਸਾ ਆ ਗਿਆ। ਉਹਨੇ ਰੋਸ ਨਾਲ਼ ਬਾਬੇ ਜੋਰਾ ਸਿੰਘ ਨੂੰ ਕਿਹਾ, "ਤਾਇਆ, ਇਹ ਤੇਰਾ ਚੰਗਾ ਇਨਸਾਫ਼ ਏ ? ਜਦੋਂ ਸੰਤੂ ਨੇ ਸ਼ਿਕਾਇਤ ਕੀਤੀ ਤੂੰ ਉਸ ਨੂੰ ਵੀ ਕਹਿ ਦਿੱਤਾ ਕਿ ਠੀਕ ਏ। ਹੁਣ ਹਰਨਾਮੇ ਨੇ ਅੱਗੋਂ ਆਪਣੀ ਦਲੀਲ ਦਿੱਤੀ ਏ ਤਾਂ ਤੂੰ ਇਹਨੂੰ ਵੀ ਠੀਕ ਕਹਿ ਦਿੱਤਾ। ਇਹ ਭਲਾ ਕੀ ਇਨਸਾਫ਼ ਹੋਇਆ ਤੇਰਾ ?"

ਬਾਬੇ ਜੋਰਾ ਸਿੰਘ ਨੇ ਕਰਮੇ ਦੀ ਗੱਲ ਸੁਣ ਕੇ ਉਸੇ ਤਰ੍ਹਾਂ ਸਿਰ ਹਿਲਾ ਦਿੱਤਾ। ਫੇਰ ਮੁਸਕਰਾਉਂਦਾ ਹੋਇਆ ਬੋਲਿਆ, "ਗੱਲ ਤਾਂ ਤੇਰੀ ਵੀ ਠੀਕ ਏ ਸਾਊ।"

(ੳ) ਬਾਬੇ ਦੀ ਗੱਲ ਸੁਣਦਿਆਂ ਕਿਸ ਨੂੰ ਗੁੱਸਾ ਆਇਆ ?

ਕਰਮੇ ਨੂੰ ☐ ਸੰਤੂ ਨੂੰ ☐ ਹਰਨਾਮੇ ਨੂੰ ☐ ਕਰਤਾਰੇ ਨੂੰ ☐

(ਅ) "ਤਾਇਆ, ਇਹ ਤੇਰਾ ਚੰਗਾ ਇਨਸਾਫ਼ ਏ।" ਇਹ ਸ਼ਬਦ ਕਿਸ ਨੇ ਕਹੇ ?

ਕਰਮੂ ਨੇ ☐ ਸੰਤੂ ਨੇ ☐ ਹਰਨਾਮੇ ਨੇ ☐ ਕਰਮੇ ਨੇ ☐

(ੲ) ਕਿਸ ਨੇ ਦਲੀਲ ਦਿੱਤੀ ?

ਸੰਤਾ ਸਿੰਘ ਨੇ ☐ ਬਾਬਾ ਜੋਰਾ ਸਿੰਘ ਨੇ ☐ ਹਰਨਾਮੇ ਨੇ ☐ ਕਰਮੇ ਨੇ ☐

(ਸ) ਬਾਬਾ ਜੋਰਾ ਸਿੰਘ ਨੇ ਕਰਮੇ ਦੀ ਗੱਲ ਸੁਣ ਕੇ ਕੀ ਕੀਤਾ ?

ਸਿਰ ਹਿਲਾ ਦਿੱਤਾ ☐ ਹੱਸ ਦਿੱਤਾ ☐ ਰੌਲ਼ਾ ਪਾਇਆ ☐ ਗੁੱਸਾ ਕੀਤਾ ☐

(ਹ) 'ਗੱਲ ਤਾਂ ਤੇਰੀ ਵੀ ਠੀਕ ਏ ਸਾਊ!' ਇਹ ਸ਼ਬਦ ਕਿਸ ਨੇ ਕਹੇ ?

ਸੰਤਾ ਸਿੰਘ ਨੇ ☐ ਕਰਮੇ ਨੇ ☐ ਹਰਨਾਮੇ ਨੇ ☐ ਬਾਬਾ ਜੋਰਾ ਸਿੰਘ ਨੇ ☐




**1. ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣੋ :**

(ੳ) ਸੰਤਾ ਸਿੰਘ ਦੇ ਖੇਤ ਵਿੱਚੋਂ ਕਿਸੇ ਨੇ ਚਰ੍ਹੀ ਵੱਢ ਲਿਆਂਦੀ। ..............................

(ਅ) ਸਾਰੇ ਲੋਕ ਬਾਬਾ ਜੋਰਾ ਸਿੰਘ ਦਾ ਬੜਾ ਆਦਰ ਕਰਦੇ ਸਨ। ..............................

(ੲ) ਸੰਤਾ ਸਿੰਘ ਅਜਿਹਾ ਬੰਦਾ ਨਹੀਂ ਸੀ। ..............................

(ਸ) ਆਪਾਂ ਹੁਣੇ ਹਰਨਾਮੇ ਨੂੰ ਸੱਦ ਲੈਨੇ ਆਂ। ..............................

(ਹ) ਬਾਬਾ ਉਸੇ ਤਰ੍ਹਾਂ ਮੁਸਕਰਾ ਕੇ ਬੋਲਿਆ। ..............................

**2. ਸਮਾਨਾਰਥਕ ਸ਼ਬਦ ਲਿਖੋ :**

| | | | | | |
|---|---|---|---|---|---|
| ਅਰੰਭ | — | .................... | ਪੁਰਖ | — | .................... |
| ਇਨਸਾਨ | — | .................... | ਧਰਤੀ | — | .................... |
| ਸਹੀ | — | .................... | ਚੰਗਾ | — | .................... |
| ਹਾਨੀ | — | .................... | ਵਰਖਾ | — | .................... |
| ਖ਼ੁਸ਼ੀ | — | .................... | ਵੈਰੀ | — | .................... |

**3. ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :**

(ੳ) ਜੋ ਰੱਬ ਨੂੰ ਮੰਨੇ ....................................

(ਅ) ਪਿੰਡ ਦੀ ਸਾਂਝੀ ਥਾਂ ....................................

(ੲ) ਜਿਸ ਦਾ ਪਤੀ ਮਰ ਗਿਆ ਹੋਵੇ ....................................

(ਸ) ਜੋ ਦੂਜਿਆਂ ਦਾ ਭਲਾ ਕਰੇ ....................................

(ਹ) ਜੋ ਅਖ਼ਬਾਰ ਹਫ਼ਤੇ ਬਾਅਦ ਨਿਕਲ਼ੇ ....................................



## ਯੋਗਤਾ ਵਿਸਤਾਰ

- ਇਸ ਪਾਠ ਵਿੱਚ ਪਿੰਡ ਵਿੱਚ ਇੱਕ ਸਿਆਣੇ ਬੰਦੇ ਦੀ ਮਹੱਤਤਾ ਦੱਸੀ ਗਈ ਹੈ। ਵਿਦਿਆਰਥੀ ਘਰ ਵਿੱਚ ਬਜ਼ੁਰਗਾਂ ਨਾਲ਼ ਸਮਾਂ ਬਤੀਤ ਕਰ ਕੇ ਚੰਗੀਆਂ ਗੱਲਾਂ ਸਿੱਖ ਸਕਦੇ ਹਨ।
- 'ਬਜ਼ੁਰਗਾਂ ਦਾ ਘਰ ਵਿੱਚ ਸਥਾਨ' ਵਿਸ਼ੇ 'ਤੇ ਕੁਝ ਸਤਰਾਂ ਲਿਖੋ।

..........................................................................................

..........................................................................................

..........................................................................................

..........................................................................................

..........................................................................................

..........................................................................................

..........................................................................................

..........................................................................................

# ਅਧਿਆਪਕ ਲਈ

- ਪਾਠ ਵਿੱਚ ਬਾਬਾ ਜੋਰਾ ਸਿੰਘ ਵੱਲੋਂ ਸਿਆਣਪ ਵਾਲ਼ਾ ਫ਼ੈਸਲਾ ਕੀਤਾ ਗਿਆ। ਉਸ ਦੇ ਫ਼ੈਸਲੇ ਅੰਦਰ ਦੇ ਗੁੱਝੇ ਭੇਦ ਨੂੰ ਅਧਿਆਪਕ ਵੱਲੋਂ ਸਮਝਾਇਆ ਜਾਵੇ।
- ਅਧਿਆਪਕ ਵਿਦਿਆਰਥੀਆਂ ਨੂੰ ਘਰ ਦੇ ਜਾਂ ਪਿੰਡ ਦੇ ਕਿਸੇ ਬਜ਼ੁਰਗ ਦੇ ਕਿਸੇ ਸਿਆਣਪ ਵਾਲ਼ੇ ਫ਼ੈਸਲੇ ਬਾਰੇ ਲਿਖਣ ਲਈ ਆਖ ਸਕਦੇ ਹਨ।
- ਕਿਸੇ ਬਜ਼ੁਰਗ ਨਾਲ਼ ਗੱਲ-ਬਾਤ ਕਰਕੇ ਰਿਕਾਰਡ ਕਰਨ ਲਈ ਆਖ ਸਕਦੇ ਹਨ।



# 3 ਪਾਠ ਤੂੰ ਪੰਛੀਆਂ ਨੂੰ ਕਹਿ

## ਪਾਠ ਬਾਰੇ ਚਰਚਾ

- ਤੁਸੀਂ ਆਪਣੇ ਸਰੀਰ ਦੀ ਸਾਫ਼ ਸਫ਼ਾਈ ਕਿਸ ਤਰ੍ਹਾਂ ਕਰਦੇ ਹੋ ?
- ਕੀ ਤੁਸੀਂ ਕਦੇ ਦੰਦਾਂ ਵਾਲ਼ੇ ਡਾਕਟਰ ਕੋਲ਼ ਗਏ ਹੋ ?



ਸੈਂਕੜੇ ਵਰ੍ਹੇ ਪਹਿਲਾਂ ਦੀ ਗੱਲ ਹੈ। ਉਦੋਂ ਮਗਰਮੱਛ ਆਪਣੇ ਦੰਦ ਸਾਫ਼ ਨਹੀਂ ਸਨ ਕਰਦੇ। ਉਹ ਸਾਰਾ ਦਿਨ ਗੰਦੇ ਬਣੇ ਰਹਿੰਦੇ ਸਨ। ਮੱਘੂ ਮਗਰਮੱਛ ਵੀ ਬਾਕੀ ਮਗਰਮੱਛਾਂ ਵਰਗਾ ਹੀ ਸੀ। ਇੱਕ ਦਿਨ ਉਹ ਨਦੀ ਤੋਂ ਬਾਹਰ ਧੁੱਪੇ ਲੰਮਾ ਪਿਆ ਹੋਇਆ ਸੀ।

ਇੱਕ ਚਿੜੀ ਰੁੱਖ ਉੱਤੇ ਬੈਠੀ ਟਾਹਣੀ ਨਾਲ਼ ਚੁੰਝ ਰਗੜ ਰਹੀ ਸੀ, ਕਦੀ ਇੱਕ ਪਾਸਿਓਂ ਤੇ ਕਦੀ ਦੂਜੇ ਪਾਸਿਓਂ।

"ਚਿੜੀਏ! ਚਿੜੀਏ! ਤੂੰ ਇਹ ਕੀ ਕਰ ਰਹੀ ਏਂ ?" ਮੱਘੂ ਨੇ ਪੁੱਛਿਆ।

"ਭੋਜਨ ਕਰਨ ਪਿੱਛੋਂ ਮੈਂ ਚੁੰਝ ਸਾਫ਼ ਕਰ ਰਹੀ ਹਾਂ।" ਚਿੜੀ ਨੇ ਦੱਸਿਆ।

"ਕਾਹਦੇ ਲਈ ?"

"ਵੇਖ ਮੱਘੂ! ਸਾਨੂੰ ਹਮੇਸ਼ਾਂ ਸਾਫ਼-ਸੁਥਰੇ ਬਣ ਕੇ ਰਹਿਣਾ ਚਾਹੀਦਾ ਹੈ।"

"ਸਾਫ਼ ਰਹਿਣ ਨਾਲ਼ ਕੀ ਹੋਊ ?" ਮੱਘੂ ਨੇ ਪੁੱਛਿਆ।

"ਤੂੰ ਸੋਹਣਾ ਲੱਗੇਂਗਾ!"

"ਹੋਰ ?"

"ਤੇਰੇ ਕੋਲ਼ੋਂ **ਬੂ** ਵੀ ਨਹੀਂ ਆਊ !"

> **ਬੂ—**ਬਦਬੂ (foul smell)।

"ਹੋਰ ?"

"ਤੇਰੀ ਸਿਹਤ ਚੰਗੀ ਰਹੂ। ਤੂੰ ਬਿਮਾਰ ਵੀ ਨਹੀਂ ਹੋਵੇਂਗਾ।"

ਮੱਘੂ ਮਗਰਮੱਛ ਨੂੰ ਚਿੜੀ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਹਨੇ ਵੀ ਚਿੜੀ ਵਾਂਗ ਹੀ ਹੇਠਾਂ ਬੂਥੀ ਰਗੜੀ। ਉੱਥੇ ਚਿੱਕੜ ਸੀ। ਮੱਘੂ ਦਾ ਮੂੰਹ ਚਿੱਕੜ ਨਾਲ਼ ਲਿਬੜ ਗਿਆ। ਚਿੜੀ ਹੱਸਣ ਲੱਗ ਪਈ, "ਝੱਲਿਆ! ਇਸ ਤਰ੍ਹਾਂ ਤਾਂ ਚੁੰਝ ਸਾਫ਼ ਕਰੀਦੀ ਐ।" ਮੱਘੂ ਮਗਰਮੱਛ ਝੇਂਪ ਕੇ ਨਦੀ ਵਿੱਚ ਵੜ ਗਿਆ। ਨਦੀ ਦੇ ਪਾਣੀ ਨੇ ਮੱਘੂ ਦੀ ਮੈਲ਼ ਅਤੇ ਚਿੱਕੜ ਧੋ ਦਿੱਤਾ। ਉਹ ਨਦੀ ਵਿੱਚੋਂ ਬਾਹਰ ਆਇਆ ਤਾਂ ਚਿੜੀ ਉੱਥੇ ਹੀ ਬੈਠੀ ਹੋਈ ਸੀ। ਚਿੜੀ ਨੇ ਆਖਿਆ, "ਮੱਘੂ! ਹੁਣ ਤੂੰ ਸੋਹਣਾ ਲੱਗ ਰਿਹਾ ਏਂ, ਪਰ......।"

"ਪਰ ਕੀ ?"

ਚਿੜੀ ਬੋਲੀ, "ਭੋਜਨ ਤੋਂ ਪਿੱਛੋਂ ਦੰਦਾਂ ਵਾਲ਼ੇ ਜੀਵਾਂ ਨੂੰ ਦੰਦ ਸਾਫ਼ ਕਰਨੇ ਚਾਹੀਦੇ ਹਨ ਤੇ ਪੰਛੀਆਂ ਨੂੰ ਚੁੰਝ। ਤੂੰ ਆਪਣੇ ਦੰਦ ਸਾਫ਼ ਕਰ ਲਿਆ ਕਰ।"

ਭੋਜਨ ਕਰਨ ਪਿੱਛੋਂ ਮੱਘੂ ਮਗਰਮੱਛ ਦੇ ਦੰਦਾਂ ਦੀਆਂ ਵਿਰਲਾਂ ਵਿੱਚ ਭੋਜਨ ਦੇ ਟੁੱਕੜੇ ਫਸੇ ਰਹਿ ਜਾਂਦੇ ਸਨ। ਮੱਘੂ ਮਗਰਮੱਛ ਨੂੰ ਚਿੜੀ ਦੀ ਗੱਲ ਸਮਝ ਪੈ ਗਈ। ਉਹਨੇ ਦੰਦ ਸਾਫ਼ ਕਰਨ ਲਈ ਅਗਲੇ ਪੈਰਾਂ ਨੂੰ ਹੱਥਾਂ ਵਾਂਗ ਵਰਤਣ ਦੀ ਕੋਸ਼ਸ਼ ਕੀਤੀ। ਮੱਘੂ ਦੇ ਪੈਰ ਨਿੱਕੇ ਸਨ, ਉਹਦੇ ਮੂੰਹ ਤੱਕ ਨਹੀਂ ਸਨ ਪਹੁੰਚ ਰਹੇ।

ਮੱਘੂ ਨੇ ਚਿੜੀ ਨੂੰ ਪੁੱਛਿਆ, "ਚਿੜੀਏ! ਚਿੜੀਏ! ਤੂੰ ਕਰ ਦੇਵੇਂਗੀ ਮੇਰੇ ਦੰਦ ਸਾਫ਼ ?"

"ਨਹੀਂ! ਤੇਰਾ ਮੂੰਹ ਵੱਡਾ ਸਾਰਾ ਏ ਤੇ ਦੰਦ ਕਿੰਨੇ ਸਾਰੇ। ਮੈਂ ਨਿੱਕੀ ਜਿਹੀ, ਏਨਾ ਕੰਮ ਇਕੱਲੀ ਕਿਸ ਤਰ੍ਹਾਂ ਕਰਾਂਗੀ! ਤੂੰ ਪੰਛੀਆਂ ਨੂੰ ਕਹਿ ਉਹ.....।"

> ਬੂਥੀ—ਮੂੰਹ (mouth)। ਝੇਂਪ—ਝਿਜਕ (hesitation)। ਵਿਰਲਾਂ—ਵਿੱਥਾਂ (spaces)। ਕੋਰਾ—ਸਾਫ਼ (clear)।

ਮੱਘੂ ਮਗਰਮੱਛ ਮੋਰ ਕੋਲ਼ ਚਲਿਆ ਗਿਆ। ਉਸ ਪੁੱਛਿਆ, "ਮੋਰਾ! ਮੋਰਾ! ਤੂੰ ਕਰ ਦੇਵੇਂਗਾ ਮੇਰੇ ਦੰਦ ਸਾਫ਼।"

ਮੋਰ ਨੇ ਕੋਰਾ ਜੁਆਬ ਦੇ ਦਿੱਤਾ, "ਮੇਰੇ ਕੋਲ਼ ਤੇਰੇ ਦੰਦ ਸਾਫ਼ ਕਰਨ ਜੋਗਾ ਵਕਤ ਨਹੀਂ। ਮੇਰਾ ਦਿਨ ਤਾਂ ਆਪਣੇ ਖੰਭ ਸੁਆਰਨ ਵਿੱਚ ਹੀ ਬੀਤ ਜਾਂਦਾ ਹੈ। ਫੇਰ ਮੈਂ ਪੈਲ ਵੀ ਤਾਂ ਪਾਉਣੀ ਹੁੰਦੀ ਐ।"

ਮੱਘੂ ਨੇ ਗੁਟਾਰ ਨੂੰ ਆਖਿਆ, "ਸੋਹਣੇ ਪੰਛੀਆ! ਕਰ ਦੇਵੇਂਗਾ ਮੇਰੇ ਦੰਦ ਸਾਫ਼ ?" ਗੁਟਾਰ ਉੱਡ ਕੇ ਹੇਠਲੀ ਟਾਹਣੀ ਉੱਤੇ ਬੈਠ ਗਈ।

ਉਹ ਬੋਲੀ, "ਇਹ ਕੰਮ ਨਹੀਂ ਪੁੱਗਣਾ। ਉਹੋ ਵੇਲ਼ਾ ਮੇਰਾ ਚੋਗਾ ਚੁੱਗਣ ਦਾ। ਉਹੋ ਵੇਲ਼ਾ ਤੇਰੇ ਦੰਦ ਸਾਫ਼ ਕਰਨ ਦਾ।" ਗੁਟਾਰ ਸੱਚ ਹੀ ਕਹਿ ਰਹੀ ਸੀ। ਪੰਛੀਆਂ ਕੋਲ਼ ਵਿਹਲ ਨਹੀਂ ਸੀ। ਪੰਛੀਆਂ ਨੂੰ ਭੋਜਨ ਦੀ ਭਾਲ ਵਿੱਚ ਦੂਰ-ਦੂਰ ਤੱਕ ਉਡਾਰੀਆਂ ਭਰਨੀਆਂ ਪੈਂਦੀਆਂ ਸਨ। ਕੋਈ ਵੀ ਪੰਛੀ ਮੱਘੂ ਮਗਰਮੱਛ ਦੇ ਦੰਦ ਸਾਫ਼ ਕਰਨ ਲਈ ਤਿਆਰ ਨਹੀਂ ਸੀ। ਉਹ ਨਿਰਾਸ਼ ਹੋ ਗਿਆ। ਉਹ ਸੋਚਣ ਲੱਗ ਪਿਆ, ਆਪਣੇ ਦੰਦ ਸਾਫ਼ ਕਿਸ ਤਰ੍ਹਾਂ ਕਰੇ ?

ਅਚਾਨਕ ਮੱਘੂ ਮਗਰਮੱਛ ਨੂੰ ਦੰਦ ਸਾਫ਼ ਕਰਾਉਣ ਦਾ ਢੰਗ ਸੁੱਝ ਗਿਆ। ਉਹ ਉੱਚੀ-ਉੱਚੀ ਰੌਲ਼ਾ ਪਾਉਣ ਲੱਗ ਪਿਆ, "ਆਹਾ ਜੀ, ਪੰਛੀਆਂ ਲਈ ਭੋਜਨ ਲੱਭ ਪਿਆ! ਪੰਛੀਆਂ ਲਈ ਚੋਗਾ ਲੱਭ ਪਿਆ!" ਮੱਘੂ ਮਗਰਮੱਛ ਦਾ ਰੌਲ਼ਾ ਸੁਣ ਕੇ ਕਈ ਤਰ੍ਹਾਂ ਦੇ ਪੰਛੀ ਉੱਥੇ ਇਕੱਠੇ ਹੋ ਗਏ।

"ਕਿੱਥੇ ਐ ਚੋਗਾ ?..... ਕਿੱਥੇ ਐ ਭੋਜਨ ?" ਉਹਨਾਂ ਪੁੱਛਿਆ।

ਮੱਘੂ ਮਗਰਮੱਛ ਨੇ ਅੱਗੋਂ ਜਵਾਬ ਦਿੱਤਾ, "ਭੋਜਨ ਮੇਰੇ ਦੰਦਾਂ ਵਿੱਚ!

ਚੋਗਾ ਮੇਰੇ ਦੰਦਾਂ ਵਿੱਚ!

ਵੇਖ ਲਓ ਭਾਵੇਂ!

ਵੇਖ ਲਓ ਭਾਵੇਂ!"


**ਪਰ੍ਹਾਂ**—ਪਰੇ, ਦੂਰ (away)। **ਭਾਂਪ ਲਿਆ**—ਅਨੁਮਾਨ ਲਗਾ ਲਿਆ (estimated)।

ਪੰਛੀ ਉੱਡ ਕੇ ਮੱਘੂ ਦੇ ਖੁੱਲ੍ਹੇ ਮੂੰਹ ਦੇ ਕੁਝ ਨੇੜੇ ਹੋਏ ਤੇ ਫਿਰ ਰੁਕ ਗਏ। ਪੰਛੀਆਂ ਨੂੰ ਵੱਡੇ ਸਾਰੇ ਮੂੰਹ ਵਿੱਚ ਵੜਨ ਲੱਗਿਆਂ ਡਰ ਆਇਆ। ਚਿੜੀ ਨੇ ਅਗਾਂਹ ਹੋ ਕੇ ਵੇਖਿਆ। ਮੱਘੂ ਦੇ ਦੰਦਾਂ ਦੀਆਂ ਵਿਰਲਾਂ ਵਿੱਚ ਸੱਚ-ਮੁੱਚ ਹੀ ਬਹੁਤ ਸਾਰਾ ਭੋਜਨ ਸੀ। ਓਨੇ ਭੋਜਨ ਨਾਲ਼ ਤਾਂ ਕਈ ਪੰਛੀ ਰੱਜ ਸਕਦੇ ਸਨ। ਮੱਘੂ ਮਗਰਮੱਛ ਨੇ ਪੂਰਾ ਮੂੰਹ ਖੋਲ੍ਹ ਲਿਆ ਤਾਂ ਕਿ ਵੱਧ ਤੋਂ ਵੱਧ ਪੰਛੀ ਮੂੰਹ ਅੰਦਰ ਜਾ ਸਕਣ। ਪਰ ਪੰਛੀ ਡਰੇ ਹੋਏ ਪਰ੍ਹਾਂ ਹੀ ਰਹੇ।

ਮੱਘੂ ਮਗਰਮੱਛ ਨੇ ਪੰਛੀਆਂ ਦੇ ਡਰ ਦਾ ਕਾਰਨ ਭਾਂਪ ਲਿਆ। ਉਹ ਬੋਲਿਆ, "ਸੋਹਣੇ ਪੰਛੀਓ! ਤੁਸੀਂ ਡਰੋ ਨਾ। ਜੇ ਤੁਸੀਂ ਮੇਰੇ ਮੂੰਹ ਵਿੱਚੋਂ ਭੋਜਨ ਕੱਢ ਲਵੋਗੇ ਤਾਂ ਦੋਹਾਂ ਧਿਰਾਂ ਦਾ ਹੀ ਫ਼ਾਇਦਾ ਹੈ। ਤੁਹਾਨੂੰ ਭੋਜਨ ਲੱਭ ਪਊ ਤੇ ਮੇਰੇ ਦੰਦ ਸਾਫ਼ ਹੋ ਜਾਣਗੇ।"

ਗੁਟਾਰ ਨੇ ਆਪਣਾ ਸ਼ੱਕ ਦੱਸਿਆ, "ਅਸੀਂ ਵੀ ਤਾਂ ਤੇਰਾ ਭੋਜਨ ਹਾਂ। ਜੇ ਤੂੰ ਮੂੰਹ ਬੰਦ ਕਰ ਲਿਆ ਤਾਂ ...?"

ਮੱਘੂ ਮਗਰਮੱਛ ਨੇ ਪੰਛੀਆਂ ਨੂੰ ਭਰੋਸਾ ਦਿੱਤਾ, "ਸੋਹਣੇ ਪੰਛੀਓ! ਇਹ ਮੇਰਾ ਪੱਕਾ ਵਾਅਦਾ ਰਿਹਾ। ਜਦੋਂ ਵੀ ਤੁਸੀਂ ਮੇਰੇ ਦੰਦਾਂ ਵਿੱਚੋਂ ਭੋਜਨ ਚੁਗੋਗੇ, ਮੇਰਾ ਮੂੰਹ ਖੁੱਲ੍ਹਾ ਹੀ ਰਹੂ।"



ਨਿੱਕੀ ਚਿੜੀ ਮੱਘੂ ਮਗਰਮੱਛ ਦੀ ਪਿੱਠ ਉੱਤੇ ਬੈਠ ਕੇ ਕਈ ਵਾਰ ਨਦੀ ਵਿੱਚ ਦੂਰ-ਦੂਰ ਤੱਕ ਸੈਰ ਕਰ ਆਉਂਦੀ ਸੀ। ਉਹਨੂੰ ਮੱਘੂ ਦੀ ਗੱਲ ਦਾ ਯਕੀਨ ਸੀ। ਉਹ ਮੱਘੂ ਦੇ ਦੰਦ ਸਾਫ਼ ਕਰਨ ਲਈ ਤਿਆਰ ਹੋ ਗਈ। ਮੱਘੂ ਮਗਰਮੱਛ ਨੇ ਪੂਰਾ ਮੂੰਹ ਖੋਲ੍ਹ ਲਿਆ। ਚਿੜੀ ਉਹਦੇ ਮੂੰਹ ਵਿੱਚ ਵੜ ਕੇ ਚੁੰਝਾਂ ਮਾਰਨ ਲੱਗ ਪਈ। ਚਿੜੀ ਨੂੰ ਵੇਖ ਕੇ ਦੋ ਹੋਰ ਪੰਛੀ ਵੀ ਉੱਡ ਕੇ ਮੱਘੂ ਮਗਰਮੱਛ ਦੇ ਮੂੰਹ ਵਿੱਚ ਵੜ ਗਏ। ਬਾਕੀ ਪੰਛੀ ਕੁਝ ਡਰੇ-ਡਰੇ ਜਿਹੇ ਮੱਘੂ ਮਗਰਮੱਛ ਦੇ ਦੰਦ ਸਾਫ਼ ਹੁੰਦੇ ਵੇਖਣ ਲੱਗ ਪਏ। ਪੰਛੀਆਂ ਦੇ ਠੂੰਗਿਆਂ ਨਾਲ਼ ਮੱਘੂ ਮਗਰਮੱਛ ਦੇ ਮੂੰਹ ਵਿੱਚ ਮਿੱਠੀ-ਮਿੱਠੀ ਜਲੂਣ ਹੋਣ ਲੱਗ ਪਈ। ਉਹਨੇ ਅਨੰਦ ਵਿੱਚ ਆ ਕੇ ਅੱਖਾਂ ਮੀਟ ਲਈਆਂ, ਪਰ ਮੂੰਹ ਖੁੱਲ੍ਹਾ ਹੀ ਰੱਖਿਆ। ਪੰਛੀਆਂ ਨੇ ਭਰ-ਪੇਟ ਭੋਜਨ ਵੀ ਖਾਧਾ ਤੇ ਮੱਘੂ ਮਗਰਮੱਛ ਦੇ ਦੰਦ ਵੀ ਸਾਫ਼ ਹੋ ਗਏ। ਪੰਛੀ ਆਪਣਾ ਕੰਮ ਮੁਕਾ ਕੇ ਉੱਡ ਗਏ। ਉਸ ਦਿਨ ਤੋਂ ਮਗਰਮੱਛਾਂ ਦੇ ਦੰਦ ਸਾਫ਼ ਕਰਨ ਦੀ ਜ਼ੁੰਮੇਵਾਰੀ ਪੰਛੀਆਂ ਨੇ ਆਪਣੇ ਸਿਰ ਲੈ ਲਈ।

ਇਸ ਗੱਲ ਨੂੰ ਸੈਂਕੜੇ ਸਾਲ ਹੋ ਗਏ ਹਨ। ਪੰਛੀ ਅੱਜ ਵੀ ਆਪਣਾ ਇਹ ਕੰਮ ਪੂਰੇ ਮਨ ਨਾਲ਼ ਕਰ ਰਹੇ ਹਨ। ਮਗਰਮੱਛਾਂ ਨੇ ਵੀ ਉਦੋਂ ਕਦੀ ਮੂੰਹ ਬੰਦ ਨਹੀਂ ਕੀਤਾ ਜਦੋਂ ਪੰਛੀ ਦੰਦ ਸਾਫ਼ ਕਰ ਰਹੇ ਹੋਣ। ਮਗਰਮੱਛ ਵੀ ਵਾਅਦੇ ਦੇ ਪੱਕੇ ਹਨ ਤੇ ਪੰਛੀ ਵੀ।

**ਜਲੂਣ**—ਖੁਰਕ (itching sensation)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਮਗਰਮੱਛ ਦਾ ਨਾਂ ਕੀ ਸੀ ?

ਰਘੂ ☐ ਸੱਗੂ ☐ ਮੱਘੂ ☐ ਬੱਬੂ ☐

(ਅ) ਭੋਜਨ ਕਰਨ ਪਿੱਛੋਂ ਚਿੜੀ ਕੀ ਸਾਫ਼ ਕਰ ਰਹੀ ਸੀ ?

ਖੰਭ ☐ ਚੁੰਝ ☐ ਪੂਛ ☐ ਪੈਰ ☐

(ੲ) ਮਗਰਮੱਛ ਨੂੰ ਕੋਰਾ ਜਵਾਬ ਕਿਸ ਨੇ ਦਿੱਤਾ ?

ਮੋਰ ਨੇ ☐ ਚਿੜੀ ਨੇ ☐ ਗੁਟਾਰ ਨੇ ☐ ਕਾਂ ਨੇ ☐

(ਸ) ਪੰਛੀਆਂ ਨੇ ਆਪਣਾ ਕੰਮ ਮੁਕਾ ਕੇ ਕੀ ਕੀਤਾ ?

ਸੌਂ ਗਏ ☐ ਉੱਡ ਗਏ ☐ ਲੜਨ ਲੱਗੇ ☐ ਬੋਲਣ ਲੱਗੇ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਮੱਘੂ ਕਿਸ ਦਾ ਨਾਂ ਸੀ ?

ਉੱਤਰ ..........................................................................................

(ਅ) ਸੈਂਕੜੇ ਸਾਲ ਪਹਿਲਾਂ ਮਗਰਮੱਛ ਕੀ ਨਹੀਂ ਸੀ ਕਰਦੇ ?

ਉੱਤਰ ..........................................................................................

(ੲ) ਚਿੜੀ ਦੀ ਗੱਲ ਸੁਣ ਕੇ ਮਗਰਮੱਛ ਨੇ ਕੀ ਕਰਨ ਦੀ ਕੋਸ਼ਸ਼ ਕੀਤੀ ?

ਉੱਤਰ ..........................................................................................

(ਸ) ਮੱਘੂ ਮਗਰਮੱਛ ਨੂੰ ਕਿਸ ਦੀਆਂ ਗੱਲਾਂ ਚੰਗੀਆਂ ਲੱਗੀਆਂ ?

ਉੱਤਰ ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਚਿੜੀ ਨੇ ਮੱਘੂ ਨੂੰ ਸਾਫ਼-ਸੁਥਰੇ ਰਹਿਣ ਦੇ ਕੀ ਫ਼ਾਇਦੇ ਦੱਸੇ ?

ਉੱਤਰ ..........................................................................................

..........................................................................................

(ਅ) ਮੱਘੂ ਨੇ ਦੰਦ ਸਾਫ਼ ਕਰਨ ਲਈ ਕੀ-ਕੀ ਕੀਤਾ ?

ਉੱਤਰ ..........................................................................................

..........................................................................................

(ੲ) ਪੰਛੀਆਂ ਨੇ ਮਗਰਮੱਛ ਦੇ ਮੂੰਹ ਵਿੱਚ ਵੜ ਕੇ ਕੀ ਕੀਤਾ ?

ਉੱਤਰ ..........................................................................................

..........................................................................................

(ਸ) ਅੱਜ ਵੀ ਜਦੋਂ ਪੰਛੀ ਮਗਰਮੱਛ ਦੇ ਦੰਦ ਸਾਫ਼ ਕਰ ਰਹੇ ਹੋਣ ਤਾਂ ਉਹ ਕੀ ਕਰਦਾ ਹੈ ?

ਉੱਤਰ ..........................................................................................

..........................................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਮੱਘੂ ਮਗਰਮੱਛ ਨੂੰ .................... ਦੀਆਂ ਗੱਲਾਂ ਚੰਗੀਆਂ ਲੱਗੀਆਂ। (ਚਿੜੀ / ਮੋਰ)

(ਅ) ਮੱਘੂ ਦੇ ਅਗਲੇ ਪੈਰ .................... ਸਨ। (ਵੱਡੇ / ਨਿੱਕੇ)

(ੲ) .................... ਉੱਡ ਕੇ ਹੇਠਲੀ ਟਾਹਣੀ ਉੱਤੇ ਬੈਠ ਗਈ। (ਚਿੜੀ / ਗੁਟਾਰ)

(ਸ) ਨਿੱਕੀ ਚਿੜੀ ਨੂੰ ਮੱਘੂ ਮਗਰਮੱਛ ਦੀ ਗੱਲ ਦਾ .................... ਸੀ। (ਯਕੀਨ / ਸ਼ੱਕ)

(ਹ) .................... ਵੀ ਵਾਅਦੇ ਦੇ ਪੱਕੇ ਹਨ ਤੇ ਪੰਛੀ ਵੀ। (ਮਨੁੱਖ / ਮਗਰਮੱਛ)

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਨਦੀ | — | ਨਦੀ ਦਾ ਪਾਣੀ ਸਾਫ਼ ਸੀ। (ਉਦਾਹਰਨ) |
| (ਅ) ਟਾਹਣੀ | — | ............................................................ |
| (ੲ) ਸਿਹਤ | — | ............................................................ |
| (ਸ) ਚੋਗਾ | — | ............................................................ |
| (ਹ) ਅਨੰਦ | — | ............................................................ |

**6. ਹੇਠ ਲਿਖੇ ਵਾਕ ਕਿਸ ਨੇ, ਕਿਸ ਨੂੰ ਆਖੇ :**

(ੳ) "ਚਿੜੀਏ! ਚਿੜੀਏ! ਤੂੰ ਇਹ ਕੀ ਕਰ ਰਹੀ ਏਂ ?"

ਉੱਤਰ ............................................................

(ਅ) "ਝੱਲਿਆ! ਇਸ ਤਰ੍ਹਾਂ ਤਾਂ ਚੁੰਝ ਸਾਫ਼ ਕਰੀਦੀ ਐ।"

ਉੱਤਰ ............................................................

(ੲ) "ਅਸੀਂ ਵੀ ਤਾਂ ਤੇਰਾ ਭੋਜਨ ਹਾਂ। ਜੇ ਤੂੰ ਮੂੰਹ ਬੰਦ ਕਰ ਲਿਆ ਤਾਂ ...............?"

ਉੱਤਰ ............................................................

(ਸ) "ਇਹ ਮੇਰਾ ਪੱਕਾ ਵਾਅਦਾ ਰਿਹਾ। ਜਦੋਂ ਵੀ ਤੁਸੀਂ ਮੇਰੇ ਦੰਦਾਂ ਵਿੱਚੋਂ ਭੋਜਨ ਚੁਗੋਗੇ, ਮੇਰਾ ਮੂੰਹ ਖੁੱਲ੍ਹਾ ਹੀ ਰਹੂ।"

ਉੱਤਰ ............................................................

**7. ਹੇਠਾਂ ਦਿੱਤਾ ਪੈਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਮੱਘੂ ਮਗਰਮੱਛ ਨੂੰ ਚਿੜੀ ਦੀਆਂ ਗੱਲਾਂ ਚੰਗੀਆਂ ਲੱਗੀਆਂ। ਉਹਨੇ ਵੀ ਚਿੜੀ ਵਾਂਗ ਹੀ ਹੇਠਾਂ ਥੂਥੀ ਰਗੜੀ। ਉੱਥੇ ਚਿੱਕੜ ਸੀ। ਮੱਘੂ ਦਾ ਮੂੰਹ ਚਿੱਕੜ ਨਾਲ਼ ਲਿਬੜ ਗਿਆ। ਚਿੜੀ ਹੱਸਣ ਲੱਗ ਪਈ, "ਝੱਲਿਆ! ਇਸ ਤਰ੍ਹਾਂ ਤਾਂ ਚੁੰਝ ਸਾਫ਼ ਕਰੀਦੀ ਐ।" ਮੱਘੂ ਮਗਰਮੱਛ ਝੇਂਪ ਕੇ ਨਦੀ ਵਿੱਚ ਵੜ ਗਿਆ। ਨਦੀ ਦੇ ਪਾਣੀ ਨੇ ਮੱਘੂ ਦੀ ਮੈਲ਼ ਅਤੇ ਚਿੱਕੜ ਧੋ ਦਿੱਤਾ। ਉਹ ਨਦੀ ਵਿੱਚੋਂ ਬਾਹਰ ਆਇਆ ਤਾਂ ਚਿੜੀ ਉੱਥੇ ਹੀ ਬੈਠੀ ਹੋਈ ਸੀ। ਚਿੜੀ ਨੇ ਆਖਿਆ, "ਮੱਘੂ! ਹੁਣ ਤੂੰ ਸੋਹਣਾ ਲੱਗ ਰਿਹਾ ਏਂ, ਪਰ......।"

(ੳ) ਮੱਘੂ ਮਗਰਮੱਛ ਨੂੰ ਕਿਸ ਦੀਆਂ ਗੱਲਾਂ ਚੰਗੀਆਂ ਲੱਗੀਆਂ ?

ਕਾਂ ਦੀਆਂ ☐ ਕਬੂਤਰ ਦੀਆਂ ☐ ਚਿੜੀ ਦੀਆਂ ☐ ਗੁਟਾਰ ਦੀਆਂ ☐

(ਅ) ਮੱਘੂ ਮਗਰਮੱਛ ਨੇ ਚਿੜੀ ਵਾਂਗ ਕੀ ਰਗੜਿਆ ?

ਬੂਥੀ ☐ ਪੈਰ ☐ ਹੱਥ ☐ ਲੱਤ ☐

(ੲ) ਮੱਘੂ ਦਾ ਮੂੰਹ ਕਿਸ ਨਾਲ਼ ਲਿਬੜ ਗਿਆ ?

ਲਹੂ ਨਾਲ਼ ☐ ਚਿੱਕੜ ਨਾਲ਼ ☐ ਭੋਜਨ ਨਾਲ਼ ☐ ਪਾਣੀ ਨਾਲ਼ ☐

(ਸ) ਮੱਘੂ ਮਗਰਮੱਛ ਝੇਂਪ ਕੇ ਕਿੱਥੇ ਵੜ ਗਿਆ ?

ਚਿੱਕੜ ਵਿੱਚ ☐ ਸਮੁੰਦਰ ਵਿੱਚ ☐ ਨਦੀ ਵਿੱਚ ☐ ਘੁਰਨੇ ਵਿੱਚ ☐

(ਹ) ਜਦੋਂ ਮੱਘੂ ਨਦੀ ਵਿੱਚੋਂ ਬਾਹਰ ਆਇਆ ਤਾਂ ਚਿੜੀ ਨੇ ਮਗਰਮੱਛ ਨੂੰ ਕੀ ਕਿਹਾ ?

ਹੁਣ ਤੂੰ ਭੈੜਾ ਲੱਗ ਰਿਹਾ ਹੈਂ ☐ ਹੁਣ ਤੂੰ ਸੋਹਣਾ ਲੱਗ ਰਿਹਾ ਹੈਂ ☐

ਹੁਣ ਤੂੰ ਪਿਆਰਾ ਲੱਗ ਰਿਹਾ ਹੈਂ ☐ ਹੁਣ ਤੂੰ ਗੰਦਾ ਲੱਗ ਰਿਹਾ ਹੈਂ ☐



## ਵਿਆਕਰਨ

**1. 'ਚਿੜੀ ਆਪਣੀ ਚੁੰਝ ਸਾਫ਼ ਕਰ ਰਹੀ ਸੀ।' ਇਸ ਵਾਕ ਵਿੱਚ 'ਕਰ ਰਹੀ ਸੀ' ਕਿਰਿਆ ਸ਼ਬਦ ਹਨ ਜੋ ਸਾਨੂੰ ਕਿਸੇ ਕੰਮ ਦੇ ਹੋਣ ਜਾਂ ਕਰਨ ਦੀ ਕਾਲ ਸਹਿਤ ਜਾਣਕਾਰੀ ਦਿੰਦੇ ਹਨ।**

**ਹੇਠਾਂ ਦਿੱਤੇ ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣੋ :**

(ੳ) ਮਨਦੀਪ ਨੇ ਫਲ਼ ਖ਼ਰੀਦੇ। ..............................

(ਅ) ਸੰਦੀਪ ਨੇ ਖਾਣਾ ਖਾਧਾ। ..............................

(ੲ) ਦਰਜ਼ੀ ਕੱਪੜੇ ਸਿਉਂਦਾ ਹੈ। ..............................

(ਸ) ਬੱਚੇ ਖੇਡ ਰਹੇ ਸਨ। ..............................

(ਹ) ਅਸੀਂ ਪੁਸਤਕਾਂ ਪੜ੍ਹਾਂਗੇ। ..............................

(ਕ) ਮੈਂ ਮੈਚ ਖੇਡਾਂਗਾ। ..............................

(ਖ) ਬੱਚੇ ਪਤੰਗ ਉਡਾ ਰਹੇ ਹਨ। ..............................

**2. ਹੇਠ ਲਿਖੇ ਵਾਕਾਂ ਵਿੱਚੋਂ ਕਰਤਾ ਅਤੇ ਕਰਮ ਚੁਣੋ :**

| ਵਾਕ | ਕਰਤਾ | ਕਰਮ |
|---|---|---|
| (ੳ) ਬੱਚੀ ਖੇਡਦੀ ਹੈ। | ਬੱਚੀ | ਕੋਈ ਨਹੀਂ |
| (ਅ) ਕੁੱਤਾ ਭੌਂਕ ਰਿਹਾ ਸੀ। | .................. | .................. |
| (ੲ) ਕੁੜੀ ਖਾਣਾ ਬਣਾਉਂਦੀ ਹੈ। | .................. | .................. |

(ਸ) ਹਰਮਨ ਕਿਤਾਬ ਪੜ੍ਹਦਾ ਹੈ। .................... ....................

(ਹ) ਪੰਛੀ ਦਾਣਾ ਚੁਗਦੇ ਹਨ। .................... ....................



## ਯੋਗਤਾ ਵਿਸਤਾਰ

- ਇਹ ਕਹਾਣੀ ਚਿੜੀ ਅਤੇ ਮਗਰਮੱਛ ਬਾਰੇ ਹੈ। ਜੇਕਰ ਤੁਸੀਂ ਇਹਨਾਂ ਬਾਰੇ ਕੋਈ ਹੋਰ ਕਹਾਣੀ ਸੁਣੀ ਹੈ ਤਾਂ ਆਪਣੀ ਜਮਾਤ ਵਿੱਚ ਸੁਣਾਓ।
- ਚਿੜੀ ਮੱਘੂ ਮਗਰਮੱਛ ਦੇ ਦੰਦ ਸਾਫ਼ ਕਰਦੀ ਸੀ। ਤੁਸੀਂ ਆਪਣੇ ਦੰਦਾਂ ਦੀ ਸਾਂਭ-ਸੰਭਾਲ਼ ਲਈ ਕੀ ਕਰਦੇ ਹੋ ? 5-6 ਵਾਕ ਲਿਖੋ।

..........................................................................................................................


..........................................................................................................................

..........................................................................................................................

..........................................................................................................................

..........................................................................................................................

..........................................................................................................................



## ਅਧਿਆਪਕ ਲਈ

- ਅਧਿਆਪਕ, ਬੱਚਿਆਂ ਨੂੰ ਦੱਸ ਸਕਦੇ ਹਨ ਕਿ ਦੰਦਾਂ ਦੀ ਸਫ਼ਾਈ ਕਿੰਨੀ ਜ਼ਰੂਰੀ ਹੁੰਦੀ ਹੈ। ਦੰਦਾਂ ਤੋਂ ਬਿਨਾਂ ਭੋਜਨ ਦਾ ਸੁਆਦ ਖ਼ਤਮ ਹੋ ਜਾਂਦਾ ਹੈ।
- ਮਗਰਮੱਛ ਨੂੰ ਪੰਛੀਆਂ ਦਾ ਭਰੋਸਾ ਜਿੱਤਣ ਲਈ ਕਾਫ਼ੀ ਸਮਾਂ ਲੱਗਾ। ਅਜਿਹਾ ਹੀ ਆਦਮੀ ਨੂੰ ਆਪਣੇ ਜੀਵਨ ਵਿੱਚ ਕਰਨਾ ਪੈਂਦਾ ਹੈ।



# 4 ਪਾਠ ਰੁੱਤ ਗਰਮੀ ਦੀ ਆਈ

## ਪਾਠ ਬਾਰੇ ਚਰਚਾ

- ਤੁਹਾਨੂੰ ਕਿਹੜਾ ਮੌਸਮ ਪਸੰਦ ਹੈ ?
- ਗਰਮੀ ਦੇ ਮੌਸਮ ਵਿੱਚ ਤੁਸੀਂ ਕੀ-ਕੀ ਖਾਂਦੇ ਹੋ ?



ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।
ਸੂਤੀ ਪਤਲੇ ਕੱਪੜੇ ਪਾ ਲਓ, ਸੂਰਜ ਅੱਗ ਵਰ੍ਹਾਈ।

ਨਾਲ਼ ਤਪਸ਼ ਦੇ ਟੋਭੇ-ਛੱਪੜ, ਨਦੀਆਂ-ਨਾਲ਼ੇ ਸੁੱਕੇ।
ਨਲ਼ਕੇ ਜਵਾਬ ਦੇਣ ਲੱਗ ਪਏ, ਹੇਠੋਂ ਪਾਣੀ ਮੁੱਕੇ।
ਸਭ ਦੇ ਵੱਟ ਪਸੀਨਾ ਕੱਢੇ, ਨਾਨੀ ਯਾਦ ਕਰਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।

ਗਰਮੀ ਬਹੁਤ ਸਤਾਵੇ ਸਭ ਨੂੰ, ਕਰਦਾ ਚਿੱਤ ਨਹਾਈਏ।
ਸਰੀਰ ਦੇ ਉੱਤੇ ਠੰਢਾ-ਠੰਢਾ, ਰੋਜ਼ ਹੀ ਪਾਣੀ ਪਾਈਏ।
ਠੰਢੀ ਛਾਂ ਨੂੰ ਹਰ ਕੋਈ ਲੋਚੇ, ਦਿਲ ਜਾਂਦਾ ਘਬਰਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।

ਸ਼ਕੰਜਵੀ ਸ਼ਰਬਤ ਹਰ ਕੋਈ ਪੀਂਦਾ, ਲੱਗੇ ਬਰਫ਼ ਪਿਆਰੀ।
ਆਈਸਕਰੀਮ ਤੇ ਕੁਲਫ਼ੀ ਸੋਡੇ, ਬਣੇ ਨਿਆਮਤ ਭਾਰੀ।

ਰੁੱਤ—ਮੌਸਮ (season)। ਤਪਸ਼— ਗਰਮਾਹਟ (heat)। ਜਵਾਬ ਦੇਣਾ —ਬੰਦ ਹੋ ਜਾਣਾ (stopped)। ਮੁੱਕੇ—ਖ਼ਤਮ ਹੋਏ (end)। ਚਿੱਤ—ਦਿਲ (heart)। ਰੋਜ਼—ਨਿੱਤ (daily)। ਨਿਆਮਤ—ਅਸ਼ੀਰਵਾਦ (blessing)।



ਖੇਡਣ ਨੂੰ ਵੀ ਚਿੱਤ ਨਾ ਕਰਦਾ, ਜੀਅ ਨਾ ਲੱਗੇ ਵਿੱਚ ਪੜ੍ਹਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।

ਸਭ ਲੋਕਾਂ ਨੇ ਪੱਖੇ-ਕੂਲਰ, ਬਾਹਰ ਦੇਖ ਲਓ ਕੱਢੇ।
ਕੰਬਲ, ਖੇਸ, ਰਜਾਈਆਂ ਸਭ ਨੇ, ਉੱਪਰ ਲੈਣੇ ਛੱਡੇ।
ਦਿਨ ਗਰਮੀ ਦੇ ਭੈੜੇ ਲੱਗਣ, ਧੁੱਪਾਂ ਹੱਦ ਮੁਕਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।

ਹਰ ਕੋਈ ਕਹਿੰਦਾ, ਔਖੇ ਹੋ ਗਏ, ਕੇਹੇ ਆਏ ਮਹੀਨੇ।
ਸਵੇਰ ਸਾਰ ਹੀ ਮੁੜ੍ਹਕਾ ਚੋਵੇ, ਆਈ ਜਾਣ ਪਸੀਨੇ।
ਬੱਚੇ ਬਹਿ ਕੇ ਕੁਲਫ਼ੀ ਖਾਂਦੇ, ਫ਼ਰਿੱਜ ਦੇ ਵਿੱਚ ਜਮਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।



**ਭੈੜੇ**—ਬੁਰੇ (bad) । **ਮੁੜ੍ਹਕਾ**—ਪਸੀਨਾ (perspiration) ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਪਸੀਨੇ ਨੇ ਵੱਟ ਕੱਢ ਕੇ ਕੀ ਯਾਦ ਕਰਵਾਇਆ ?

ਮਾਸੀ ☐ ਨਾਨੀ ☐ ਮਾਮੀ ☐ ਚਾਚੀ ☐

(ਅ) ਗਰਮੀ ਕਾਰਨ ਕਿਸ ਵਿੱਚ ਜੀਅ ਨਹੀਂ ਲੱਗਦਾ ?

ਲੜਾਈ ਵਿੱਚ ☐ ਸੌਣ ਵਿੱਚ ☐ ਕਢਾਈ ਵਿੱਚ ☐ ਪੜ੍ਹਾਈ ਵਿੱਚ ☐

(ੲ) ਹਰ ਕੋਈ ਕੀ ਪੀਂਦਾ ਹੈ ?

ਸ਼ਕੰਜਵੀ/ਸ਼ਰਬਤ ☐ ਲੱਸੀ ☐ ਦੁੱਧ ☐ ਕੋਲਡ ਡਰਿੰਕ ☐

(ਸ) ਗਰਮੀ ਦੇ ਦਿਨ ਕਿਹੋ ਜਿਹੇ ਲੱਗਦੇ ਹਨ ?

ਸੋਹਣੇ ☐ ਚੰਗੇ ☐ ਭੈੜੇ ☐ ਲੰਮੇ ☐

(ਹ) ਬੱਚੇ ਕਿਹੜੀ ਕੁਲਫ਼ੀ ਖਾਂਦੇ ਹਨ ?

ਅੰਬ ਦੀ ☐ ਬਜ਼ਾਰ ਦੀ ☐ ਫ਼ਰਿੱਜ ਦੀ ☐ ਖੋਏ ਦੀ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਕਿਹੜੇ ਦਿਨ ਬੀਤ ਗਏ ਹਨ ?

ਉੱਤਰ ..........................................................................................

(ਅ) ਕਿਹੜੇ ਕੱਪੜੇ ਪਾਉਣ ਨੂੰ ਕਿਹਾ ਗਿਆ ਹੈ ?

ਉੱਤਰ ..........................................................................................

(ੲ) ਸਵੇਰ ਸਾਰ ਕੀ ਚੋਣ ਲੱਗ ਜਾਂਦਾ ਹੈ ?

ਉੱਤਰ ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਸਰਦੀ ਦੀ ਰੁੱਤ ਬੀਤਣ ਮਗਰੋਂ ਕੀ ਹੋਇਆ ?

ਉੱਤਰ ..........................................................................................

(ਅ) ਗਰਮੀ ਵਿੱਚ ਲੋਕਾਂ ਨੂੰ ਕੀ ਖਾਣਾ-ਪੀਣਾ ਚੰਗਾ ਲੱਗਦਾ ਹੈ ?

ਉੱਤਰ ..........................................................................................

..........................................................................................

(ੲ) ਗਰਮੀ ਵਿੱਚ ਲੋਕਾਂ ਨੇ ਕੀ ਲੈਣਾ ਛੱਡ ਦਿੱਤਾ ਤੇ ਹੁਣ ਉਹ ਕਿਸ ਦੀ ਵਰਤੋਂ ਕਰਦੇ ਹਨ ?

ਉੱਤਰ ..........................................................................................

..........................................................................................

**4. ਕਾਵਿਤਾ ਅਨੁਸਾਰ ਪੰਕਤੀਆਂ ਪੂਰੀਆਂ ਕਰੋ :**

ਸ਼ਕੰਜਵੀ ਸ਼ਰਬਤ ਹਰ ਕੋਈ ਪੀਂਦਾ, ......................।

......................, ਬਣੇ ਨਿਆਮਤ ਭਾਰੀ।

......................, ਜੀਅ ਨਾ ਲੱਗੇ ਵਿੱਚ ਪੜ੍ਹਾਈ।

ਸਰਦੀ ਦੇ ਦਿਨ ਬੀਤ ਗਏ ਹੁਣ, ........................।

ਸਭ ਲੋਕਾਂ ਨੇ ਪੱਖੇ-ਕੂਲਰ, ................................।

..............................................., ਉੱਪਰ ਲੈਣੇ ਛੱਡੇ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਮੁੜ੍ਹਕਾ | — | ਗੀਤਾ ਨੂੰ ਚੱਲਦੇ-ਚੱਲਦੇ ਮੁੜ੍ਹਕਾ ਆ ਗਿਆ। (ਉਦਾਹਰਨ) |
| (ਅ) ਨਿਆਮਤ | — | ................................................................................................ |
| (ੲ) ਵਰ੍ਹਾਈ | — | ................................................................................................ |
| (ਸ) ਰੁੱਤ | — | ................................................................................................ |
| (ਹ) ਨਾਨੀ ਯਾਦ ਕਰਾਉਣਾ | — | ................................................................................................ |
| (ਕ) ਜੀਅ ਨਾ ਲੱਗਣਾ | — | ................................................................................................ |

**6. ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਗਰਮੀ ਦੇ ਦਿਨ ਚੰਗੇ ਲੱਗਦੇ ਹਨ। ☐

(ਅ) ਗਰਮੀ ਵਿੱਚ ਸਵੇਰੇ ਸਾਰ ਹੀ ਮੁੜ੍ਹਕਾ ਚੋਣ ਲੱਗਦਾ ਹੈ। ☐

(ੲ) ਹਰ ਕੋਈ ਠੰਢੀ ਛਾਂ ਨੂੰ ਲੋਚਦਾ ਹੈ। ☐

(ਸ) ਸੂਰਜ ਨੇ ਅੱਗ ਵਰ੍ਹਾਈ ਹੈ। ☐

(ਹ) ਬੱਚੇ ਬਹਿ ਕੇ ਰੋਟੀ ਖਾਂਦੇ ਹਨ। ☐

**7. ਹੇਠਾਂ ਦਿੱਤੀ ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਨਾਲ਼ ਤਪਸ਼ ਦੇ ਟੋਭੇ-ਛੱਪੜ, ਨਦੀਆਂ-ਨਾਲ਼ੇ ਸੁੱਕੇ।
ਨਲਕੇ ਜਵਾਬ ਦੇਣ ਲੱਗ ਪਏ, ਹੇਠੋਂ ਪਾਣੀ ਮੁੱਕੇ।
ਸਭ ਦੇ ਵੱਟ ਪਸੀਨਾ ਕੱਢੇ, ਨਾਨੀ ਯਾਦ ਕਰਾਈ।
ਸਰਦੀ ਦੇ ਦਿਨ ਬੀਤ ਗਏ ਹੁਣ, ਰੁੱਤ ਗਰਮੀ ਦੀ ਆਈ।

(ੳ) ਟੋਭੇ-ਛੱਪੜ, ਨਦੀਆਂ-ਨਾਲ਼ੇ ਕਿਸ ਨਾਲ਼ ਸੁੱਕ ਗਏ ਹਨ ?

ਹਵਾ ☐ ਸੋਕੇ ☐ ਗਰਮੀ ☐ ਤਪਸ਼ ☐

(ਅ) ਕੀ ਜਵਾਬ ਦੇਣ ਲੱਗ ਪਏ ਹਨ ?

ਟੂਟੀਆਂ ☐ ਨਲਕੇ ☐ ਮੋਟਰਾਂ ☐ ਖੂਹ ☐

(ੲ) ਕਿਸ ਨੇ ਸਭ ਦੇ ਵੱਟ ਕੱਢੇ ਹਨ ?

ਮੁੜ੍ਹਕੇ ਨੇ ☐ ਥਕਾਵਟ ਨੇ ☐ ਪਸੀਨੇ ਨੇ ☐ ਮੌਸਮ ਨੇ ☐

(ਸ) ਕਿਹੜੇ ਦਿਨ ਬੀਤ ਗਏ ਹਨ ?

ਗਰਮੀ ਦੇ ☐ ਬਹਾਰ ਦੇ ☐ ਪਤਝੜ ਦੇ ☐ ਸਰਦੀ ਦੇ ☐

(ਹ) ਹੁਣ ਕਿਹੜੀ ਰੁੱਤ ਆ ਗਈ ਹੈ ?

ਗਰਮੀ ਦੀ ☐ ਸਰਦੀ ਦੀ ☐ ਬਰਸਾਤ ਦੀ ☐ ਬਸੰਤ ਦੀ ☐



## ਵਿਆਕਰਨ

**1. ਹੇਠ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣੋ :**

(ੳ) ਕਰਮਾ ਬਹੁਤ ਸਮਝਦਾਰ ਹੈ। ....................................................

(ਅ) ਹਰਮਨ ਬਹੁਤ ਹੁਸ਼ਿਆਰ ਵਿਦਿਆਰਥੀ ਹੈ। ....................................................

(ੲ) ਰਾਮ ਸ਼ਾਮ ਤੋਂ ਚੁਸਤ ਹੈ। ....................................................

(ਸ) ਸਾਡੀ ਜਮਾਤ ਵਿੱਚ ਪੰਜ ਮੁੰਡੇ ਪਾਸ ਹੋ ਗਏ। ....................................................

(ਹ) ਮੇਰੇ ਕੋਲ਼ ਬਹੁਤ ਵਧੀਆ ਪੁਸਤਕ ਹੈ। ....................................................

**2. ਵਾਕਾਂ ਵਿੱਚ ਵਚਨ ਬਦਲ ਕੇ ਵਾਕ ਦੁਬਾਰਾ ਲਿਖੋ।**

(ੳ) ਮੋਮਬੱਤੀ ਬੁਝ ਗਈ ਹੈ।

....................................................

(ਅ) ਰੇਲ-ਗੱਡੀ ਲੇਟ ਹੋ ਗਈ ਹੈ।

....................................................

(ੲ) ਇਹ ਮਕਾਨ ਬਹੁਤ ਵੱਡਾ ਹੈ।

....................................................

(ਸ) ਮੁੰਡੇ ਨੇ ਅੰਬ ਖਾਧਾ।

....................................................

(ਹ) ਉੱਚੀ ਇਮਾਰਤ ਦੂਰੋਂ ਦਿੱਖ ਰਹੀ ਹੈ।

....................................................

3. ਕਵਿਤਾ ਵਿੱਚੋਂ ਇੱਕੋ ਜਿਹੀ ਲੈਅ ਵਾਲ਼ੇ ਸ਼ਬਦ ਚੁਣ ਕੇ ਲਿਖੋ :

ਜਿਵੇਂ : ਆਈ — ਵਰ੍ਹਾਈ

(ੳ) ਸੁੱਕੇ — ..................  (ਅ) ਨਹਾਈਏ — ..................  (ੲ) ਮਹੀਨੇ — ..................

(ਸ) ਪਿਆਰੀ — ..................  (ਹ) ਕੱਢੇ — ..................



## ਯੋਗਤਾ ਵਿਸਤਾਰ

- ਵਿਦਿਆਰਥੀ ਗਰਮੀ ਦੀ ਰੁੱਤ ਬਾਰੇ ਦੋ ਪੈਰੇ ਲਿਖਣ।

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

.....................................................................................................

- ਵਿਦਿਆਰਥੀ ਗਰਮੀ ਵਿੱਚ ਖਾਣ ਵਾਲ਼ੇ ਵਿਅੰਜਨਾਂ 'ਤੇ ਇੱਕ ਪ੍ਰਾਜੈਕਟ ਤਿਆਰ ਕਰਨ।



## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਰੁੱਤਾਂ ਬਾਰੇ ਗਿਆਨ ਦੇ ਸਕਦੇ ਹਨ। ਉਹ ਅਲੱਗ-ਅਲੱਗ ਰੁੱਤਾਂ ਬਾਰੇ ਦੱਸਣ ਅਤੇ ਧਿਆਨ ਯੋਗ ਗੱਲਾਂ ਦੱਸਣ।
- ਅਧਿਆਪਕ ਵਿਦਿਆਰਥੀਆਂ ਨੂੰ ਗਰਮੀ ਦੀ ਰੁੱਤ ਦੌਰਾਨ ਲੋੜੀਂਦੀਆਂ ਚੀਜ਼ਾਂ ਦੀ ਲਿਸਟ ਬਣਾਉਣ ਲਈ ਕਹਿਣ।



# 5 ਪਾਠ ਗਿਆਨ ਦਾ ਚਾਨਣ


## ਪਾਠ ਬਾਰੇ ਚਰਚਾ

- ਕੀ ਤੁਸੀਂ ਘਰ ਵਿੱਚ ਬਿਜਲੀ ਦੀ ਬੱਚਤ ਕਰਦੇ ਹੋ ?
- ਕੀ ਤੁਸੀਂ ਕਦੇ ਦਾਨ ਪੁੰਨ ਕੀਤਾ ਹੈ ?
- ਕੀ ਤੁਸੀਂ ਘਰ ਵਿੱਚ ਚੀਜ਼ਾਂ ਸਰਫੇ ਨਾਲ਼ ਵਰਤਦੇ ਹੋ ?

ਇੱਕ ਬੜਾ ਅਮੀਰ ਅਤੇ ਵੱਡਾ ਵਪਾਰੀ ਸੀ। ਉਸ ਦਾ ਵਪਾਰ ਕਈ ਮੁਲਕਾਂ ਤੱਕ ਫੈਲਿਆ ਹੋਇਆ ਸੀ। ਉਸ ਦੇ ਵਪਾਰਕ ਅਦਾਰੇ ਵਿੱਚ ਹਜ਼ਾਰਾਂ ਆਦਮੀ ਕੰਮ ਕਰਦੇ ਸਨ। ਉਸ ਦਾ ਆਪਣੇ ਹਰ ਮੁਲਾਜ਼ਮ ਨਾਲ਼ ਬੋਲ-ਚਾਲ ਅਤੇ ਵਿਹਾਰ ਬਹੁਤ ਹੀ ਚੰਗਾ ਸੀ। ਹਰ ਮੁਲਾਜ਼ਮ ਦਿਲੋਂ ਉਸ ਦੀ ਇੱਜ਼ਤ ਕਰਦਾ ਅਤੇ ਉਸ ਦੇ ਅਦਾਰੇ ਨੂੰ ਆਪਣਾ ਸਮਝ ਕੇ ਤਨੋਂ-ਮਨੋਂ ਮਿਹਨਤ ਨਾਲ਼ ਕੰਮ ਕਰਦਾ।

ਉਹ ਅਮੀਰ ਆਦਮੀ ਹਰ ਲੋੜਵੰਦ ਦੀ ਮਦਦ ਕਰਦਾ ਅਤੇ ਸਮਾਜ-ਸੇਵੀ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦਾ। ਦਾਨ ਦੇਣ ਤੋਂ ਪਹਿਲਾਂ ਉਹ ਉਸ ਸੰਸਥਾ ਨੂੰ ਚੰਗੀ ਤਰ੍ਹਾਂ ਘੋਖਦਾ ਕਿ ਕੀ ਇਹ ਸੰਸਥਾ ਜਿਸ ਸਮਾਜ-ਸੇਵਾ ਲਈ ਦਾਨ ਲੈ ਰਹੀ ਹੈ, ਉਸ ਉੱਪਰ ਠੀਕ ਢੰਗ ਨਾਲ਼ ਖ਼ਰਚ ਕਰੇਗੀ? ਜਦੋਂ ਉਸ ਨੂੰ ਪੂਰਾ ਯਕੀਨ ਹੋ ਜਾਂਦਾ ਕਿ ਇਹ ਸੰਸਥਾ ਨੇਕ ਇਰਾਦੇ ਨਾਲ਼ ਕੰਮ ਕਰ ਰਹੀ ਹੈ ਤਾਂ ਉਹ ਉਹਨਾਂ ਦੀ ਪੂਰੀ ਮਦਦ ਕਰਦਾ।

ਮੁਲਕ—ਦੇਸ਼ (country)। ਅਦਾਰਾ—ਸੰਗਠਨ (establishment)। ਮੁਲਾਜ਼ਮ—ਕਰਮਚਾਰੀ (employee)। ਲੋੜਵੰਦ—ਜ਼ਰੂਰਤਮੰਦ (needy)। ਘੋਖਦਾ—ਪਰਖਦਾ (investigate)। ਯਕੀਨ—ਵਿਸ਼ਵਾਸ (faith)।



ਉਹ ਅਮੀਰ ਅਤੇ ਦਾਨੀ ਆਦਮੀ ਕਿਸੇ ਚੀਜ਼ ਨੂੰ ਫ਼ਜ਼ੂਲ ਜ਼ਾਇਆ ਹੁੰਦਿਆਂ ਨਹੀਂ ਸੀ ਵੇਖ ਸਕਦਾ। ਉਹ ਆਪਣੇ ਮੁਲਾਜ਼ਮਾਂ ਨੂੰ ਕਹਿੰਦਾ ਸੀ, "ਤੁਸੀਂ ਜਿੰਨਾ ਮਰਜ਼ੀ ਖਾਓ-ਪੀਓ। ਕਿਸੇ ਵੀ ਚੀਜ਼ ਦੀ ਤੁਹਾਨੂੰ ਜ਼ਰੂਰਤ ਹੈ ਤਾਂ ਵਰਤੋ, ਪਰ ਉਸ ਨੂੰ ਫ਼ਜ਼ੂਲ ਜ਼ਾਇਆ ਨਾ ਕਰੋ।"

ਇੱਕ ਸੰਸਥਾ ਨੇ ਪਿੰਡਾਂ ਵਿੱਚ ਲਾਇਬ੍ਰੇਰੀਆਂ ਖੋਲ੍ਹਣ ਦਾ ਬੀੜਾ ਚੁੱਕਿਆ। ਉਸ ਸੰਸਥਾ ਦੇ ਸਾਰੇ ਮੈਂਬਰ ਬੜੇ ਪੜ੍ਹੇ-ਲਿਖੇ ਅਤੇ ਸੁਲਝੇ ਹੋਏ ਲੋਕ ਸਨ। ਉਹ ਸਮਝਦੇ ਸਨ ਕਿ ਗਿਆਨ ਹੀ ਲੋਕਾਂ ਦੇ ਮਨਾਂ ਦਾ ਹਨੇਰਾ ਦੂਰ ਕਰ ਸਕਦਾ ਹੈ। ਇਸ ਲਈ ਉਹਨਾਂ ਨੇ ਪਹਿਲਾਂ ਹਰ ਪਿੰਡ ਵਿੱਚ ਇੱਕ-ਇੱਕ ਲਾਇਬ੍ਰੇਰੀ ਅਤੇ ਫੇਰ ਸਕੂਲ ਖੋਲ੍ਹਣ ਅਤੇ ਹਰ ਸ਼ਹਿਰ ਵਿੱਚ ਲਾਇਬ੍ਰੇਰੀਆਂ ਦਾ ਜਾਲ਼ ਵਿਛਾਉਣ ਦਾ ਬੀੜਾ ਚੁੱਕਿਆ। ਉਹ ਸੋਚਦੇ ਸਨ ਕਿ ਬੱਚਿਆਂ ਨੂੰ ਸ਼ੁਰੂ ਤੋਂ ਹੀ ਚੰਗੀਆਂ ਕਿਤਾਬਾਂ ਪੜ੍ਹਨ ਦੀ ਆਦਤ ਪਾਉਣੀ ਚਾਹੀਦੀ ਹੈ। ਜਦੋਂ ਉਹ ਵੱਡੇ ਹੋਣ ਤਾਂ ਉਹਨਾਂ ਦੇ ਗਿਆਨ ਦਾ ਚਾਨਣ ਸਮੁੱਚੇ ਦੇਸ਼ ਅਤੇ ਦੁਨੀਆ ਵਿੱਚ ਫੈਲ ਸਕੇ।

ਇਸ ਨਵੀਂ ਬਣੀ ਸੰਸਥਾ ਨੂੰ ਵੀ ਉਸ ਅਮੀਰ ਅਤੇ ਦਾਨੀ ਸੱਜਣ ਦਾ ਪਤਾ ਲੱਗਾ। ਸਾਰੇ ਮੈਂਬਰਾਂ ਨੇ ਇਕੱਠੇ ਹੋ ਕੇ ਉਸ ਕੋਲ਼ੋਂ ਘਰ ਮਿਲ਼ਨ ਦਾ ਸਮਾਂ ਲਿਆ। ਸਾਰੇ ਮੈਂਬਰ ਮਿੱਥੇ ਸਮੇਂ ਅਨੁਸਾਰ ਉਸ ਅਮੀਰ ਆਦਮੀ ਦੇ ਘਰ ਪਹੁੰਚੇ। ਨੌਕਰ ਨੇ ਉਹਨਾਂ ਸਾਰਿਆਂ ਨੂੰ ਬੜੇ ਸਤਿਕਾਰ ਨਾਲ਼ ਇੱਕ ਕਮਰੇ ਵਿੱਚ ਬਿਠਾਇਆ।

ਉਸ ਆਲੀਸ਼ਾਨ ਕਮਰੇ ਵਿੱਚ ਸਾਰੇ ਮੈਂਬਰ ਬੈਠੇ ਹੀ ਸਨ ਤਾਂ ਦੂਸਰੇ ਕਮਰੇ ਵੱਲੋਂ ਉਸ ਅਮੀਰ ਆਦਮੀ ਦੀ ਅਵਾਜ਼ ਆ ਰਹੀ ਸੀ, "ਤੁਹਾਨੂੰ ਪਹਿਲਾਂ ਵੀ ਬੜੀ ਵਾਰੀ ਸਮਝਾਇਆ ਹੈ ਕਿ ਜਿਹੜੇ ਕਮਰੇ ਵਿੱਚ ਬੱਤੀ ਦੀ ਜ਼ਰੂਰਤ ਹੋਵੇ, ਸਿਰਫ਼ ਉਸ ਵਿੱਚ ਹੀ ਜਗਾਇਆ ਕਰੋ। ਸਾਰੇ ਘਰ ਵਿੱਚ ਫ਼ਜ਼ੂਲ ਬੱਤੀਆਂ ਜਗਦੀਆਂ ਰਹਿੰਦੀਆਂ ਹਨ। ਤੁਹਾਨੂੰ ਪਤਾ ਹੈ, ਬਿਜਲੀ ਕਿੰਨੀ ਮਹਿੰਗੀ ਹੋ ਗਈ ਹੈ? ਹਰ ਮਹੀਨੇ ਕਿੰਨੇ ਪੈਸੇ ਭਰਨੇ ਪੈਂਦੇ ਹਨ ਬਿਲ ਦੇ। ਦੂਸਰਾ, ਸਾਡੇ ਮੁਲਕ ਵਿੱਚ ਬਿਜਲੀ ਅਤੇ ਪਾਣੀ ਦੀ ਪਹਿਲਾਂ ਹੀ ਘਾਟ ਹੈ। ਫ਼ਜ਼ੂਲ ਬਿਜਲੀ ਜਗਣ ਨਾਲ਼ ਜਾਂ ਪਾਣੀ ਦੀ ਮੋਟਰ ਚੱਲਣ ਨਾਲ਼ ਬਿਲ ਤਾਂ ਜ਼ਿਆਦਾ ਆਉਣਾ ਹੀ ਆਉਣਾ ਹੈ, ਇਸ ਦੇ ਨਾਲ਼ ਕੌਮੀ ਨੁਕਸਾਨ ਕਿੰਨਾ ਹੈ?"

ਇਹ ਗੱਲਾਂ ਸੁਣ ਕੇ ਸਾਰੇ ਮੈਂਬਰ ਆਪਸ ਵਿੱਚ ਘੁਸਰ-ਮੁਸਰ ਕਰਨ ਲੱਗ ਪਏ ਕਿ ਇਹ ਤਾਂ ਕੋਈ ਬੜਾ ਕੰਜੂਸ ਆਦਮੀ ਲੱਗਦਾ ਹੈ ਜਿਹੜਾ ਬਿਜਲੀ ਦੇ ਦੋ-ਚਾਰ ਬਲਬ ਜਾਂ ਟਿਊਬਾਂ ਜਗਣ 'ਤੇ ਆਪਣੇ ਨੌਕਰਾਂ ਨੂੰ ਐਨਾ ਭਾਸ਼ਣ ਦੇ ਰਿਹਾ ਹੈ, ਇਸ ਨੇ ਸਾਡੀ ਸੰਸਥਾ ਦੀ ਕੀ ਮਦਦ ਕਰਨੀ ਹੈ?

ਐਨੇ ਵਿੱਚ ਅਮੀਰ ਆਦਮੀ ਉਸ ਕਮਰੇ ਵਿੱਚ ਆਇਆ ਜਿੱਥੇ ਸਾਰੇ ਲੋਕ ਬੈਠੇ ਉਸ ਦੀ ਉਡੀਕ ਕਰ ਰਹੇ ਸਨ। ਆਉਂਦਿਆਂ ਹੀ ਉਹ ਇੱਕ-ਇੱਕ ਮੈਂਬਰ ਨੂੰ ਬੜੇ ਪਿਆਰ ਨਾਲ਼ ਮਿਲ਼ਿਆ। ਉਹਨਾਂ ਕੋਲ਼ੋਂ ਲਾਇਬ੍ਰੇਰੀਆਂ ਖੋਲ੍ਹਣ ਦੀ ਸਕੀਮ ਸਮਝ ਕੇ ਬੜਾ ਪ੍ਰਭਾਵਿਤ ਹੋਇਆ ਅਤੇ ਕਹਿਣ ਲੱਗਾ, "ਤੁਹਾਡੀ ਪਿੰਡਾਂ ਵਿੱਚ ਲਾਇਬ੍ਰੇਰੀਆਂ ਖੋਲ੍ਹਣ ਦੀ ਸਾਰੀ ਸਕੀਮ ਬਹੁਤ ਹੀ ਚੰਗੀ ਲੱਗੀ ਹੈ। ਤੁਸੀਂ ਖ਼ੂਬ ਡਟ ਕੇ ਕੰਮ ਕਰੋ। ਮੈਂ ਤਨ, ਮਨ ਅਤੇ ਧਨ ਸਮੇਤ ਤੁਹਾਡੇ ਨਾਲ਼ ਹਾਂ। ਦੱਸੋ ਮੇਰੇ ਜ਼ਿੰਮੇ ਕਿੰਨੀ ਸੇਵਾ ਲਗਾਈ ਹੈ?"

> **ਦਾਨੀ**—ਦਾਨ ਦੇਣ ਵਾਲ਼ਾ (donor)। **ਜ਼ਾਇਆ**—ਬਰਬਾਦ (waste)। **ਲਾਇਬ੍ਰੇਰੀ**—ਪੁਸਤਕਾਲਾ (library)। **ਮਿੱਥੇ**—ਨਿਯਤ (fixed)। **ਬੱਤੀ**—ਲਾਈਟ (light)। **ਘੁਸਰ-ਮੁਸਰ ਕਰਨੀ**—ਹੌਲ਼ੀ-ਹੌਲ਼ੀ ਗੱਲਾਂ ਕਰਨੀਆਂ (whispering)। **ਉਡੀਕ**—ਇੰਤਜ਼ਾਰ (wait)।

ਸਾਰੇ ਮੈਂਬਰ ਇੱਕ-ਦੂਜੇ ਵੱਲ ਤੱਕਣ ਲੱਗੇ। ਫੇਰ ਉਸ ਸੰਸਥਾ ਦੇ ਪ੍ਰਧਾਨ ਨੇ ਆਪਣੇ ਵੱਲੋਂ ਬੜੀ ਛਾਲ਼ ਮਾਰਦਿਆਂ ਕਿਹਾ, "ਇਸ ਨੇਕ ਕੰਮ ਲਈ ਤੁਹਾਡੇ ਕੋਲ਼ੋਂ ਪੰਜਾਹ ਹਜ਼ਾਰ ਰੁਪਿਆ ਜ਼ਰੂਰ ਲੈਣਾ ਹੈ।"

ਉਸ ਅਮੀਰ ਆਦਮੀ ਨੇ ਜੇਬ ਵਿੱਚੋਂ ਚੈੱਕ ਬੁੱਕ ਕੱਢੀ। ਇੱਕ ਲੱਖ ਰੁਪਏ ਦਾ ਚੈੱਕ ਕੱਟ ਕੇ ਉਹਨਾਂ ਨੂੰ ਦੇਂਦਿਆਂ ਕਿਹਾ, "ਫਿਲਹਾਲ ਇੱਕ ਲੱਖ ਰੁਪਿਆ ਰੱਖੋ, ਅੱਗੋਂ ਮੈਂ ਹੋਰ ਵੀ ਜਿੰਨਾ ਹੋ ਸਕਿਆ, ਕਰਾਂਗਾ।"

ਸੰਸਥਾ ਦੇ ਸਾਰੇ ਮੈਂਬਰ ਹੈਰਾਨ ਰਹਿ ਗਏ। ਉਹਨਾਂ ਦਾ ਖ਼ਿਆਲ ਸੀ ਕਿ ਜੇ ਪੰਜ-ਦਸ ਹਜ਼ਾਰ ਰੁਪਿਆ ਵੀ ਇਸ ਕੰਜੂਸ ਕੋਲ਼ੋਂ ਮਿਲ਼ ਜਾਵੇ ਤਾਂ ਬੜੀ ਵੱਡੀ ਗੱਲ ਹੈ।



ਸਾਰਿਆਂ ਦੇ ਮੂੰਹ ਉੱਪਰ ਸਵਾਲੀਆ ਨਿਸ਼ਾਨ ਵੇਖ ਕੇ ਅਮੀਰ ਆਦਮੀ ਕਹਿਣ ਲੱਗਾ, "ਕੀ ਗੱਲ ਹੈ? ਤੁਸੀਂ ਕੁਝ ਸੋਚ ਰਹੇ ਹੋ?"

"ਹਾਂ ਜੀ!" ਇੱਕ ਮੈਂਬਰ ਬੋਲਿਆ, "ਤੁਸੀਂ ਸਾਨੂੰ ਦੱਸੋ ਕਿ ਕੁਝ ਮਿੰਟ ਪਹਿਲਾਂ ਤੁਸੀਂ ਆਪਣੇ ਨੌਕਰਾਂ ਨੂੰ ਬਿਜਲੀ ਜਗਾਉਣ ਤੋਂ ਡਾਂਟ ਰਹੇ ਸੀ ਜਿਸ ਨਾਲ਼ ਤੁਹਾਨੂੰ ਦੋ-ਚਾਰ ਸੌ ਰੁਪਏ ਮਹੀਨੇ ਦਾ ਫ਼ਰਕ ਪੈਣਾ ਸੀ। ਦੂਜੇ ਪਾਸੇ ਅਸੀਂ ਪੰਜਾਹ ਹਜ਼ਾਰ ਮੰਗਿਆ ਹੈ ਪਰ ਤੁਸੀਂ ਇੱਕ ਲੱਖ ਰੁਪਿਆ ਦੇ ਦਿੱਤਾ। ਇਸ ਰਾਜ਼ ਦੀ ਸਾਨੂੰ ਸਮਝ ਨਹੀਂ ਆਈ।"

"ਮੈਂ ਉਹਨਾਂ ਨੂੰ ਬਿਜਲੀ ਜਗਾਉਣ ਲਈ ਕਦੀ ਮਨ੍ਹਾਂ ਨਹੀਂ ਸੀ ਕੀਤਾ। ਮੈਂ ਤਾਂ ਫ਼ਜ਼ੂਲ ਜਗਦੀ ਬਿਜਲੀ ਨੂੰ ਬੰਦ ਕਰਨ ਲਈ ਕਹਿ ਰਿਹਾ ਸੀ। ਫ਼ਜ਼ੂਲ ਜਗਦੀ ਬਿਜਲੀ ਜਾਂ ਫ਼ਜ਼ੂਲ ਵਗਦੇ ਪਾਣੀ ਦਾ ਕਿਸੇ ਨੂੰ ਕੋਈ ਫ਼ਾਇਦਾ ਨਹੀਂ, ਸਗੋਂ ਸਾਡੇ ਦੇਸ਼ ਨੂੰ, ਦੇਸ਼-ਵਾਸੀਆਂ ਨੂੰ ਨੁਕਸਾਨ ਹੈ। ਇਸ ਕਰਕੇ ਮੈਂ ਉਹਨਾਂ ਨੂੰ ਸਮਝਾ ਰਿਹਾ ਸੀ, ਡਾਂਟ ਨਹੀਂ ਸੀ ਰਿਹਾ। ਹੁਣ ਆਈ ਤੁਹਾਡੀ ਗੱਲ, ਤੁਹਾਡੇ ਸ਼ੁਰੂ ਕੀਤੇ ਪ੍ਰਾਜੈਕਟ ਨਾਲ਼ ਸਾਡੇ ਦੇਸ਼ ਦੇ ਬੱਚਿਆਂ, ਨੌਜਵਾਨਾਂ ਅਤੇ ਹਰ ਪੀੜ੍ਹੀ ਦੇ ਮਨਾਂ ਵਿੱਚ ਬਿਜਲੀ ਜਗਣੀ ਹੈ, ਜਿਸ ਦੀ ਰੋਸ਼ਨੀ, ਜਿਸ ਦਾ ਚਾਨਣ

ਸਾਡੇ ਦੇਸ਼ ਵਿੱਚ ਹੋਣਾ ਹੈ ਅਤੇ ਉਸ ਚਾਨਣ ਦੀ ਲੋਅ ਪੂਰੀ ਦੁਨੀਆ ਤੱਕ ਫੈਲਣੀ ਹੈ। ਐਨੇ ਮਹਾਨ ਕੰਮ ਲਈ ਮੈਂ ਜੋ ਕੁਝ ਦਿੱਤਾ ਹੈ, ਉਹ ਕੁਝ ਵੀ ਨਹੀਂ।"

ਉਸ ਅਮੀਰ ਆਦਮੀ ਦੀ ਗੱਲ ਸੁਣ ਕੇ ਸਾਰੇ ਧੰਨ-ਧੰਨ ਹੋ ਗਏ। ਉਹਨਾਂ ਵਿੱਚ ਸੇਵਾ ਕਰਨ ਦਾ ਹੁਣ ਪਹਿਲਾਂ ਨਾਲ਼ੋਂ ਵੀ ਜ਼ਿਆਦਾ ਉਤਸ਼ਾਹ ਸੀ।

**ਲੋਅ**—ਰੋਸ਼ਨੀ (light)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਅਮੀਰ ਆਦਮੀ ਦੇ ਵਪਾਰਕ ਅਦਾਰੇ ਵਿੱਚ ਕਿੰਨੇ ਆਦਮੀ ਕੰਮ ਕਰਦੇ ਸਨ ?

ਲੱਖਾਂ ☐ ਸੌ ☐ ਹਜ਼ਾਰਾਂ ☐ ਕਰੋੜਾਂ ☐

(ਅ) ਸਾਰੇ ਮੈਂਬਰ ਕਿਹੜੇ ਕਮਰੇ ਵਿੱਚ ਬੈਠੇ ਸਨ ?

ਆਲੀਸ਼ਾਨ ☐ ਛੋਟੇ ☐ ਖੁੱਲ੍ਹੇ ☐ ਭੀੜੇ ☐

(ੲ) ਅਮੀਰ ਆਦਮੀ ਨੇ ਕਿੰਨੇ ਦਾ ਚੈੱਕ ਕੱਟ ਕੇ ਦਿੱਤਾ ?

ਇੱਕ ਹਜ਼ਾਰ ਦਾ ☐ ਪੰਜਾਹ ਹਜ਼ਾਰ ਦਾ ☐ ਇੱਕ ਕਰੋੜ ਦਾ ☐ ਇੱਕ ਲੱਖ ਦਾ ☐

(ਸ) ਅਮੀਰ ਆਦਮੀ ਦੀ ਗੱਲ ਸੁਣ ਕੇ ਸਾਰੇ ਕੀ ਹੋ ਗਏ ?

ਧੰਨ-ਧੰਨ ☐ ਖ਼ੁਸ਼ ☐ ਉਦਾਸ ☐ ਬਾਗ਼ੋ-ਬਾਗ਼ ☐

(ਹ) ਗਿਆਨ ਨਾਲ਼ ਕੀ ਦੂਰ ਹੁੰਦਾ ਹੈ ?

ਚਾਨਣ ☐ ਮਨਾਂ ਦਾ ਹਨੇਰਾ ☐ ਕਮਰੇ ਦਾ ਹਨੇਰਾ ☐ ਰਾਤ ਦਾ ਹਨੇਰਾ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਅਮੀਰ ਆਦਮੀ ਸਮਾਜ ਸੇਵੀ ਸੰਸਥਾਵਾਂ ਨੂੰ ਦਾਨ ਦੇਣ ਤੋਂ ਪਹਿਲਾਂ ਕੀ ਕਰਦਾ ਸੀ ?

ਉੱਤਰ ..............................................................................................

(ਅ) ਸੰਸਥਾ ਦੇ ਪ੍ਰਧਾਨ ਨੇ ਅਮੀਰ ਆਦਮੀ ਕੋਲ਼ੋਂ ਕਿੰਨੇ ਪੈਸਿਆਂ ਦੀ ਮੰਗ ਕੀਤੀ ?

ਉੱਤਰ ..............................................................................................

(ੲ) ਅਮੀਰ ਆਦਮੀ ਨੇ ਨੌਜਵਾਨਾਂ ਦੇ ਮਨਾਂ ਅੰਦਰ ਕਿਹੜੀ ਬਿਜਲੀ ਜਗਣ ਦੀ ਗੱਲ ਕੀਤੀ ?

ਉੱਤਰ ..............................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਅਮੀਰ ਤੇ ਦਾਨੀ ਆਦਮੀ ਕੀ ਨਹੀਂ ਵੇਖ ਸਕਦਾ ਸੀ ?

ਉੱਤਰ ..............................................................................................

..............................................................................................

(ਅ) ਸੰਸਥਾ ਦੇ ਮੈਂਬਰਾਂ ਦੀ ਅਮੀਰ ਆਦਮੀ ਪ੍ਰਤੀ ਹੋਈ ਗ਼ਲਤਫਹਿਮੀ ਕਿਵੇਂ ਦੂਰ ਹੋਈ ?

ਉੱਤਰ ..............................................................................................................

..............................................................................................................

(ੲ) ਕਹਾਣੀ ਤੋਂ ਕੀ ਸਿੱਖਿਆ ਮਿਲ਼ਦੀ ਹੈ ?

ਉੱਤਰ ..............................................................................................................

..............................................................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ਹੈਰਾਨ, ਮਨ, ਸਮੇਤ, ਅਮੀਰ, ਦਾਨੀ, ਫ਼ਜ਼ੂਲ)

(ੳ) ਸੰਸਥਾ ਨੂੰ ਉਸ ........................ ਅਤੇ ........................ ਸੱਜਣ ਦਾ ਪਤਾ ਲੱਗਾ।

(ਅ) ਸਾਰੇ ਘਰ ਵਿੱਚ ........................ ਬੱਤੀਆਂ ਜਗਦੀਆਂ ਰਹਿੰਦੀਆਂ ਹਨ।

(ੲ) ਮੈਂ ਤਨ, ........................ ਅਤੇ ਧਨ ........................ ਤੁਹਾਡੇ ਨਾਲ਼ ਹਾਂ।

(ਸ) ਸਾਰੇ ਮੈਂਬਰ ........................ ਰਹਿ ਗਏ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| **ਸ਼ਬਦ** | | **ਵਾਕ** |
|---|---|---|
| (ੳ) ਸੰਸਥਾ | — | ਅਮੀਰ ਆਦਮੀ ਨੇ ਸਮਾਜ-ਸੇਵੀ **ਸੰਸਥਾ** ਨੂੰ ਦਾਨ ਦਿੱਤਾ। (ਉਦਾਹਰਨ) |
| (ਅ) ਤਨੋਂ-ਮਨੋਂ ਮਿਹਨਤ ਕਰਨਾ | — | .............................................................. |
| (ੲ) ਨੇਕ ਇਰਾਦਾ | — | .............................................................. |
| (ਸ) ਲਾਇਬ੍ਰੇਰੀ | — | .............................................................. |
| (ਹ) ਘੁਸਰ ਮੁਸਰ ਕਰਨਾ | — | .............................................................. |
| (ਕ) ਮਿੱਥੇ | — | .............................................................. |

**6. ਹੇਠਾਂ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਹਰ ਮੁਲਾਜ਼ਮ ਅਮੀਰ ਆਦਮੀ ਦੀ ਇੱਜ਼ਤ ਕਰਦਾ। ☐

(ਅ) ਅਮੀਰ ਆਦਮੀ ਕਿਸੇ ਚੀਜ਼ ਦੀ ਫ਼ਜ਼ੂਲ ਵਰਤੋਂ ਵੇਖ ਸਕਦਾ ਸੀ। ☐

(ੲ) ਸੰਸਥਾ ਨੇ ਪਿੰਡ ਵਿੱਚ ਸਾਂਝੀ ਰਸੋਈ ਖੋਲ੍ਹਣ ਦਾ ਬੀੜਾ ਚੁੱਕਿਆ। ☐

(ਸ) ਅਮੀਰ ਆਦਮੀ ਨੇ ਇੱਕ ਲੱਖ ਦਾ ਚੈੱਕ ਦਿੱਤਾ। ☐

(ਹ) ਅਮੀਰ ਆਦਮੀ ਲਾਇਬ੍ਰੇਰੀ ਖੋਲ੍ਹਣ ਦੇ ਖਿਲਾਫ਼ ਸੀ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ —**

ਇੱਕ ਬੜਾ ਅਮੀਰ ਅਤੇ ਵੱਡਾ ਵਪਾਰੀ ਸੀ। ਉਸ ਦਾ ਵਪਾਰ ਕਈ ਮੁਲਕਾਂ ਤੱਕ ਫੈਲਿਆ ਹੋਇਆ ਸੀ। ਉਸ ਦੇ ਵਪਾਰਕ ਅਦਾਰੇ ਵਿੱਚ ਹਜ਼ਾਰਾਂ ਆਦਮੀ ਕੰਮ ਕਰਦੇ ਸਨ। ਉਸ ਦਾ ਆਪਣੇ ਹਰ ਮੁਲਾਜ਼ਮ ਨਾਲ਼ ਬੋਲ-ਚਾਲ ਅਤੇ ਵਿਹਾਰ ਬਹੁਤ ਹੀ ਚੰਗਾ ਸੀ। ਹਰ ਮੁਲਾਜ਼ਮ ਦਿਲੋਂ ਉਸ ਦੀ ਇੱਜ਼ਤ ਕਰਦਾ ਅਤੇ ਉਸ ਦੇ ਅਦਾਰੇ ਨੂੰ ਆਪਣਾ ਸਮਝ ਕੇ ਤਨੋਂ-ਮਨੋਂ ਮਿਹਨਤ ਨਾਲ਼ ਕੰਮ ਕਰਦਾ। ਉਹ ਅਮੀਰ ਆਦਮੀ ਹਰ ਲੋੜਵੰਦ ਦੀ ਮਦਦ ਕਰਦਾ ਅਤੇ ਸਮਾਜ-ਸੇਵੀ ਸੰਸਥਾਵਾਂ ਨੂੰ ਦਿਲ ਖੋਲ੍ਹ ਕੇ ਦਾਨ ਦਿੰਦਾ।

(ੳ) ਵਪਾਰੀ ਦਾ ਵਪਾਰ ਕਿੱਥੇ ਤੱਕ ਫੈਲਿਆ ਸੀ ?

ਦੋ ਮੁਲਕਾਂ ਤੱਕ ☐ ਕਈ ਮੁਲਕਾਂ ਤੱਕ ☐ ਚਾਰ ਮੁਲਕਾਂ ਤੱਕ ☐ ਪੰਜ ਮੁਲਕਾਂ ਤੱਕ ☐

(ਅ) ਹਜ਼ਾਰਾਂ ਆਦਮੀ ਕਿਸ ਦੇ ਵਪਾਰਕ ਅਦਾਰੇ ਵਿੱਚ ਕੰਮ ਕਰਦੇ ਸਨ ?

ਅਮੀਰ ਆਦਮੀ ਦੇ ☐ ਗ਼ਰੀਬ ਆਦਮੀ ਦੇ ☐ ਛੋਟੇ ਵਪਾਰੀ ਦੇ ☐ ਅਮੀਰ ਅਫ਼ਸਰ ਦੇ ☐

(ੲ) ਹਰ ਮੁਲਾਜ਼ਮ ਅਦਾਰੇ ਵਿੱਚ ਕਿਵੇਂ ਕੰਮ ਕਰਦਾ ?

ਮਿਹਨਤ ਨਾਲ਼ ☐ ਕੰਮਚੋਰੀ ਨਾਲ਼ ☐ ਉਤਲੇ ਮਨ ਨਾਲ਼ ☐ ਨੀਝ ਨਾਲ਼ ☐

(ਸ) ਅਮੀਰ ਆਦਮੀ ਦੇ ਮੁਲਾਜ਼ਮ ਉਸ ਦੀ ਕਿਵੇਂ ਇੱਜ਼ਤ ਕਰਦੇ ਸਨ ?

ਉੱਤੋਂ-ਉੱਤੋਂ ☐ ਦਿਲੋਂ ☐ ਬੇਦਿਲੀ ਨਾਲ਼ ☐ ਹੱਸ ਕੇ ☐

(ਹ) ਅਮੀਰ ਆਦਮੀ ਕਿਸ ਨੂੰ ਦਿਲ ਖੋਲ੍ਹ ਕੇ ਦਾਨ ਦਿੰਦਾ ਸੀ ?

ਸਮਾਜ ਨੂੰ ☐ ਸਮਾਜ-ਸੇਵੀ ਸੰਸਥਾਵਾਂ ਨੂੰ ☐

ਸਕੂਲਾਂ ਨੂੰ ☐ ਕਾਲਜਾਂ ਨੂੰ ☐



## ਵਿਆਕਰਨ

**1. ਹੇਠਾਂ ਦਿੱਤੇ ਨਿਰਦੇਸ਼ਾਂ ਅਨੁਸਾਰ ਸਹੀ ਵਿਕਲਪ ਚੁਣੋ —**

(ੳ) 'ਅਮੀਰ' ਦਾ ਵਿਰੋਧੀ ਸ਼ਬਦ ਚੁਣੋ—

ਧਨਵਾਨ ☐ ਗ਼ਰੀਬ ☐ ਧਨਾਢ ☐

(ਅ) ਇਹਨਾਂ ਵਿੱਚੋਂ ਸ਼ੁੱਧ ਸ਼ਬਦ-ਜੋੜ ਚੁਣੋ—

ਜ਼ਰੁਰਤ ☐ ਜਰਰੂਤ ☐ ਜ਼ਰੂਰਤ ☐

(ੲ) 'ਉਡੀਕ' ਦਾ ਸਮਾਨਾਰਥਕ ਸ਼ਬਦ ਚੁਣੋ—

ਇੰਤਜ਼ਾਰ ☐ ਦੇਰੀ ☐ ਸਮਾਂ ☐

(ਸ) 'ਜ਼ੁੰਮੇਵਾਰੀ ਉਠਾਉਣੀ' ਮੁਹਾਵਰੇ ਦਾ ਕੀ ਅਰਥ ਹੈ ?

ਬੀੜਾ ਚੁੱਕਣਾ ☐ ਗਲ਼ ਨਾਲ਼ ਲਾਉਣਾ ☐ ਧੰਨ-ਧੰਨ ਹੋ ਜਾਣਾ ☐

**2. ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ—**

| | | | |
|---|---|---|---|
| ਲੋੜਵਦ | ........................ | ਲਾਇਬਰੇਰਿ | ........................ |
| ਜਕੀਨ | ........................ | ਤੁਹਾਦੇ | ........................ |
| ਘੋਕਦਾ | ........................ | ਏਨਾ | ........................ |
| ਗਿਆਣ | ........................ | ਜਯਾਦਾ | ........................ |
| ਜਿਹਰੇ | ........................ | ਸੁਨ | ........................ |
| ਜਰੂਰ | ........................ | ਸ਼ੁਰੁ | ........................ |
| ਆਪਨੇ | ........................ | ਨੋਕਰ | ........................ |

**3. ਹੇਠ ਲਿਖੇ ਵਾਕਾਂ ਵਿੱਚੋਂ ਉਦੇਸ਼ ਅਤੇ ਵਿਧੇਅ ਅਲੱਗ ਕਰ ਕੇ ਲਿਖੋ —**

| | ਉਦੇਸ਼ | ਵਿਧੇਅ |
|---|---|---|
| (ੳ) ਬੱਦਲ਼ ਗਰਜ ਰਹੇ ਹਨ। | ........................ | ........................ |
| (ਅ) ਰਾਮ ਨਾਟਕ ਦੇਖਣ ਗਿਆ। | ........................ | ........................ |
| (ੲ) ਗੀਟਾ ਪੜ੍ਹ ਰਹੀ ਹੈ। | ........................ | ........................ |
| (ਸ) ਗੌਰਵ ਨੱਚ ਰਿਹਾ ਹੈ। | ........................ | ........................ |
| (ਹ) ਕੁੜੀ ਖਾ ਰਹੀ ਹੈ। | ........................ | ........................ |
| (ਕ) ਉਹ ਖੇਡ ਰਹੇ ਹਨ। | ........................ | ........................ |

**4. ਉਦਾਹਰਨ ਵੱਲ ਵੇਖੋ ਤੇ ਹੇਠਲੇ ਨਾਵਾਂ ਤੋਂ ਵਿਸ਼ੇਸ਼ਣ ਬਣਾਓ—**

| | | | |
|---|---|---|---|
| (ੳ) ਅਮੀਰੀ | ਅਮੀਰ | (ਅ) ਗ਼ਰੀਬੀ | ........................ |
| (ੲ) ਆਲਸ | ........................ | (ਸ) ਹੰਕਾਰ | ........................ |
| (ਹ) ਸ਼ਹਿਰ | ........................ | (ਕ) ਗੱਪ | ........................ |



## ਯੋਗਤਾ ਵਿਸਤਾਰ

✤ ਬੱਚਤ ਅਤੇ ਤਰੱਕੀ ਵਿਸ਼ੇ 'ਤੇ ਪੈਰਾ ਲਿਖੋ।

..............................................................................................................................

- ਪਤਾ ਕਰੋ ਬਿਜਲੀ ਕਿਹੜੇ-ਕਿਹੜੇ ਸ੍ਰੋਤਾਂ ਤੋਂ ਪੈਦਾ ਕੀਤੀ ਜਾਂਦੀ ਹੈ ?



## ਅਧਿਆਪਕ ਲਈ

- ਇਸ ਪਾਠ ਵਿੱਚ ਅਮੀਰ ਵਿਅਕਤੀ ਤੇ ਵਪਾਰੀ ਬਾਰੇ ਦੱਸਿਆ ਹੈ, ਜੋ ਬਹੁਤ ਦਾਨ ਪੁੰਨ ਕਰਦਾ ਹੈ ਤੇ ਨਾਲ਼ ਹੀ ਚੀਜ਼ਾਂ ਦੀ ਫ਼ਜ਼ੂਲ ਵਰਤੋਂ 'ਤੇ ਵਰਜਦਾ ਵੀ ਹੈ। ਅਧਿਆਪਕ ਉਸ ਬਾਰੇ ਜਮਾਤ ਵਿੱਚ ਚਰਚਾ ਕਰਨ।
- ਅਧਿਆਪਕ ਵਿਦਿਆਰਥੀਆਂ ਨੂੰ ਅਜਿਹਾ ਹਫ਼ਤਾਵਾਰੀ ਪ੍ਰਾਜੈਕਟ ਤਿਆਰ ਕਰਨ ਨੂੰ ਕਹਿਣ ਜਿਸ ਅਧੀਨ ਉਹ ਰੋਜ਼ ਕਿਹੜਾ ਫ਼ਾਲਤੂ ਸਮਾਨ ਜ਼ਾਇਆ ਕਰਦੇ ਹਨ ਦੀ ਲਿਸਟ ਬਣਾਉਣ।




6 ਪਾਠ

# ਭਗਤ ਪੂਰਨ ਸਿੰਘ- ਪਿੰਗਲਵਾੜਾ

## ਪਾਠ ਬਾਰੇ ਚਰਚਾ

- ਕੀ ਤੁਸੀਂ ਭਗਤ ਪੂਰਨ ਸਿੰਘ ਜੀ ਦਾ ਨਾਂ ਸੁਣਿਆ ਹੈ ?
- ਕੀ ਤੁਸੀਂ ਕਦੇ ਪਿੰਗਲਵਾੜੇ ਗਏ ਹੋ ?



ਦੁਨੀਆ ਵਿੱਚ ਜ਼ਿਆਦਾਤਰ ਮਨੁੱਖ ਤਾਂ ਸਿਰਫ਼ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਹੀ ਜਿਊਂਦੇ ਹਨ। ਪਰੰਤੂ ਕਈ ਮਨੁੱਖ ਅਜਿਹੇ ਵੀ ਹੁੰਦੇ ਹਨ ਜਿਹੜੇ ਆਪਣੇ ਸੁਖ-ਅਰਾਮ ਦੀ ਪਰਵਾਹ ਕੀਤੇ ਬਿਨਾਂ ਦੂਜਿਆਂ ਲਈ ਜਿਊਂਦੇ ਹਨ। ਭਗਤ ਪੂਰਨ ਸਿੰਘ ਜੀ ਅਜਿਹੇ ਹੀ ਮਨੁੱਖ ਸਨ ਜਿਨ੍ਹਾਂ ਨੇ ਆਪਣੀ ਸਾਰੀ ਉਮਰ ਬੇਸਹਾਰਾ ਲੋਕਾਂ ਦਾ ਸਹਾਰਾ ਬਣਨ ਤੇ ਦੁਖੀ ਲੋਕਾਂ ਦਾ ਦੁੱਖ ਦੂਰ ਕਰਨ ਵਿੱਚ ਹੀ ਗੁਜ਼ਾਰ ਦਿੱਤੀ।

ਸ੍ਰੀ ਅੰਮ੍ਰਿਤਸਰ ਵਿਖੇ ਸਥਿਤ ਪਿੰਗਲਵਾੜੇ ਦੇ ਬਾਨੀ ਭਗਤ ਪੂਰਨ ਸਿੰਘ ਜੀ ਦਾ ਜਨਮ 4 ਜੂਨ, 1904 ਈ. ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਰਾਜੇਵਾਲ ਵਿੱਚ ਹੋਇਆ। ਭਗਤ ਪੂਰਨ ਸਿੰਘ ਜੀ ਦੇ ਪਿਤਾ ਦਾ ਨਾਂ ਸ਼ਿੱਬੂ ਮੱਲ ਤੇ ਮਾਤਾ ਦਾ ਨਾਂ ਮਹਿਤਾਬ ਕੌਰ ਸੀ। ਉਹਨਾਂ ਦਾ ਬਚਪਨ ਦਾ ਨਾਂ 'ਰਾਮ ਜੀ ਦਾਸ' ਸੀ। ਉਹਨਾਂ ਦੀ ਮਾਤਾ ਬਹੁਤ ਧਾਰਮਿਕ ਵਿਚਾਰਾਂ ਵਾਲ਼ੀ ਔਰਤ ਸੀ। ਉਹ ਭਗਤ ਪੂਰਨ ਸਿੰਘ ਜੀ ਨੂੰ ਗੁਰੂਆਂ, ਭਗਤਾਂ ਅਤੇ ਮਹਾਂਪੁਰਖਾਂ ਦੀਆਂ ਕਹਾਣੀਆਂ ਸੁਣਾਉਂਦੀ ਰਹਿੰਦੀ ਸੀ। ਉਹ ਆਪਣੇ ਹੱਥੀਂ ਸਮਾਜ-ਸੇਵਾ ਦੇ ਕੰਮ ਕਰਦੀ ਤੇ ਭਗਤ ਜੀ ਨੂੰ ਵੀ ਨਾਲ਼ ਲਾਈ ਰੱਖਦੀ ਸੀ। ਉਹ ਭਗਤ ਜੀ ਨੂੰ ਦਰਖ਼ਤ ਲਾਉਣ, ਗ਼ਰੀਬਾਂ ਨੂੰ ਰੋਟੀ ਖੁਆਉਣ, ਰਾਹੀਆਂ ਨੂੰ ਪਾਣੀ ਪਿਆਉਣ, ਰਾਹ ਵਿੱਚੋਂ ਇੱਟਾਂ, ਪੱਥਰ ਤੇ ਕੱਚ ਚੁਗਣ ਦੀ ਪ੍ਰੇਰਨਾ ਦਿੰਦੀ ਰਹਿੰਦੀ ਸੀ।

ਬਾਨੀ—ਆਗੂ, ਮੋਢੀ (founder)।

ਇੱਕ ਦਿਨ ਰਾਮ ਜੀ ਦਾਸ ਖੰਨੇ ਤੋਂ ਵਾਪਸ ਆਪਣੇ ਪਿੰਡ ਨੂੰ ਪੈਦਲ ਆ ਰਹੇ ਸਨ ਕਿ ਰਾਹ ਵਿੱਚ ਹਨੇਰਾ ਪੈ ਗਿਆ। ਉਹ ਨੇੜੇ ਦੇ ਗੁਰਦੁਆਰੇ ਰੇਰੂ ਸਾਹਿਬ ਚਲੇ ਗਏ। ਇੱਥੇ ਉਹਨਾਂ ਨੇ ਲੰਗਰ ਛਕਿਆ ਅਤੇ ਫਿਰ

ਰਾਤ ਨੂੰ ਅਰਾਮ ਕੀਤਾ। ਸਵੇਰੇ ਉਹਨਾਂ ਨੇ ਗੁਰਬਾਣੀ ਦਾ ਕੀਰਤਨ ਸੁਣਿਆ। ਗੁਰਬਾਣੀ ਦਾ ਉਹਨਾਂ 'ਤੇ ਇੰਨਾ ਅਸਰ ਹੋਇਆ ਕਿ ਉਹਨਾਂ ਦਾ ਕਾਇਆ-ਕਲਪ ਹੋ ਗਿਆ। ਉਹਨਾਂ ਨੇ ਆਪਣਾ ਨਾਂ ਪੂਰਨ ਸਿੰਘ ਰੱਖ ਲਿਆ ਅਤੇ ਗੁਰੂ-ਘਰ ਦੀ ਸੇਵਾ ਵਿੱਚ ਜੁਟ ਗਏ।

> **ਕਾਇਆ-ਕਲਪ—**ਸਰੀਰ ਦੇ ਬਦਲ਼ਨ ਦੀ ਕਿਰਿਆ, ਤਬਦੀਲੀ (rejuvenation)। **ਨਿਸ਼ਕਾਮ ਸੇਵਾ—**ਉਹ ਸੇਵਾ ਜੋ ਕਿਸੇ ਫਲ਼ ਦੀ ਇੱਛਾ ਤੋਂ ਬਿਨਾਂ ਕੀਤੀ ਜਾਵੇ (selfless service)। **ਅਪਾਹਜ—**ਅੰਗ-ਭੰਗ, ਲੂਲ੍ਹਾ-ਲੰਗੜਾ, ਮੁਥਾਜ (disabled)। **ਕੰਧਾੜੇ—**ਮੋਢਿਆਂ 'ਤੇ (on shoulders)।

ਸੰਨ 1924 ਵਿੱਚ ਭਗਤ ਪੂਰਨ ਸਿੰਘ ਜੀ ਲਾਹੌਰ ਆ ਗਏ। ਇੱਥੇ ਉਹ ਗੁਰਦੁਆਰਾ ਡੇਹਰਾ ਸਾਹਿਬ ਰਹਿਣ ਲੱਗ ਪਏ ਤੇ ਨਿਸ਼ਕਾਮ ਸੇਵਾ ਕਰਨ ਲੱਗੇ। ਉਹਨਾਂ ਦਿਨਾਂ ਵਿੱਚ ਇੱਕ ਘਟਨਾ ਵਾਪਰੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਗੁਰਪੁਰਬ ਦਾ ਦਿਨ ਸੀ। ਲਗਭਗ ਚਾਰ ਸਾਲ ਦੇ ਇੱਕ ਲੂਲ੍ਹੇ-ਲੰਗੜੇ ਤੇ ਅਪਾਹਜ ਬੱਚੇ ਨੂੰ ਕੋਈ ਗੁਰਦੁਆਰੇ ਛੱਡ ਗਿਆ। ਇਹ ਬੱਚਾ ਚੱਲਣ-ਫਿਰਨ ਅਤੇ ਬੋਲਣ ਵਿੱਚ ਅਸਮਰਥ ਸੀ ਅਤੇ ਪੂਰੀ ਤਰ੍ਹਾਂ ਪਰਨਿਰਭਰ ਸੀ। ਭਗਤ ਜੀ ਨੇ ਇਸ ਲਾਵਾਰਸ ਬੱਚੇ ਨੂੰ ਪਿਆਰ ਨਾਲ਼ ਆਪਣੀ ਗੋਦੀ ਚੁੱਕ ਲਿਆ ਅਤੇ ਇਸ ਦਾ ਨਾਂ 'ਪਿਆਰਾ ਸਿੰਘ' ਰੱਖਿਆ। ਭਗਤ ਜੀ ਆਪਣੇ ਅੰਤ ਤੱਕ ਆਪਣੇ ਇਸ ਪੁੱਤਰ ਦੀ ਸਾਂਭ-ਸੰਭਾਲ਼ ਕਰਦੇ ਰਹੇ।

26 ਸਾਲ ਦੀ ਉਮਰ ਵਿੱਚ ਭਗਤ ਜੀ ਨੇ ਆਪਣੀ ਮਰਨ ਕਿਨਾਰੇ ਪਈ ਮਾਂ ਕੋਲ਼ ਪ੍ਰਣ ਲਿਆ ਕਿ ਉਹ ਉਮਰ ਭਰ ਕੁਆਰੇ ਰਹਿ ਕੇ ਲੋੜਵੰਦ ਤੇ ਬੇਸਹਾਰਾ ਲੋਕਾਂ ਦੀ ਸੇਵਾ ਕਰਨਗੇ।

ਭਗਤ ਪੂਰਨ ਸਿੰਘ ਜੀ ਤੇਜ਼ ਬੁੱਧੀ ਦੇ ਮਾਲਕ ਸਨ। ਉਹ ਪੜ੍ਹਨ ਵਿੱਚ ਵੀ ਰੁਚੀ ਰੱਖਦੇ ਸਨ। ਉਹ ਅਕਸਰ ਦਿਆਲ ਸਿੰਘ ਲਾਇਬ੍ਰੇਰੀ ਲਾਹੌਰ ਜਾ ਕੇ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਇਸ ਅਧਿਐਨ ਨੇ ਉਹਨਾਂ ਦੇ ਜੀਵਨ ਵਿੱਚ ਹੋਰ ਤਬਦੀਲੀ ਲਿਆਂਦੀ। ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਸਾਰੀ ਉਮਰ ਖੱਦਰ ਪਹਿਨਿਆ। ਜਾਨਵਰਾਂ ਉੱਤੇ ਕੀਤੇ ਜਾਂਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਉਹਨਾਂ ਨੇ ਕਦੇ ਵੀ ਚਮੜੇ ਦੀ ਜੁੱਤੀ ਨਾ ਪਾਉਣ ਦਾ ਫ਼ੈਸਲਾ ਕੀਤਾ। ਉਹਨਾਂ ਨੇ ਕਿਸੇ ਕਿਤਾਬ ਵਿੱਚ ਪੜ੍ਹਿਆ ਸੀ ਕਿ ਹਜ਼ਰਤ ਮੁਹੰਮਦ ਸਾਹਿਬ ਇੱਕ ਕੁੱਲੀ ਵਿੱਚ ਰਹਿੰਦੇ ਸਨ ਤੇ ਕਈ ਲੂਲ੍ਹੇ-ਲੰਗੜਿਆਂ ਤੇ ਕੋਹੜੀ ਵਿਅਕਤੀਆਂ ਦੀ ਸੇਵਾ ਕਰਦੇ ਸਨ। ਇਸ ਗੱਲ ਤੋਂ ਭਗਤ ਜੀ ਦੇ ਮਨ ਵਿੱਚ ਲੂਲ੍ਹੇ-ਲੰਗੜਿਆਂ ਅਤੇ ਅਪਾਹਜਾਂ ਦੀ ਸੇਵਾ ਕਰਨ ਦੀ ਇੱਛਿਆ ਹੋਰ ਵੱਧ ਗਈ। ਇਸ ਤਰ੍ਹਾਂ ਸੇਵਾ ਕਰਦਿਆਂ ਭਗਤ ਜੀ ਨੇ 24 ਸਾਲ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਬਿਤਾਏ। ਇੱਥੇ ਉਹਨਾਂ ਦਾ ਕੰਮ ਭੁੱਖਿਆਂ ਨੂੰ ਰੋਟੀ ਦੇਣਾ, ਬੇਸਹਾਰੇ, ਅਪਾਹਜਾਂ ਨੂੰ ਸੰਭਾਲ਼ਣਾ ਤੇ ਹਸਪਤਾਲ ਤੋਂ ਉਹਨਾਂ ਦਾ ਇਲਾਜ ਕਰਵਾਉਣਾ ਹੁੰਦਾ ਸੀ। ਉਹ ਰੋਗੀਆਂ ਦੇ ਲਿਬੜੇ ਤੇ ਮੈਲ਼ੇ ਕੱਪੜੇ ਧੋਂਦੇ ਤੇ ਉਹਨਾਂ ਨੂੰ ਨੁਹਾਉਂਦੇ ਵੀ ਸਨ।

ਸੰਨ 1947 ਵਿੱਚ ਦੇਸ਼ ਦੀ ਵੰਡ ਹੋ ਗਈ। ਭਗਤ ਜੀ ਲੂਲ੍ਹੇ-ਲੰਗੜੇ ਪਿਆਰਾ ਸਿੰਘ ਨੂੰ ਕੰਧਾੜੇ ਚੁੱਕ ਕੇ ਇੱਕ ਹੋਰ ਬਿਰਧ ਮਰੀਜ਼ ਨਾਲ਼ ਸ੍ਰੀ ਅੰਮ੍ਰਿਤਸਰ ਸ਼ਰਨਾਰਥੀਆਂ ਦੇ ਕੈਂਪ ਵਿੱਚ ਆ ਗਏ। ਇੱਥੇ ਉਹ ਬਿਮਾਰ ਤੇ ਲੋੜਵੰਦਾਂ ਦੀ ਦਿਨ-ਰਾਤ ਸੇਵਾ ਕਰਦੇ ਰਹਿੰਦੇ। ਜਦੋਂ ਕੁਝ ਮਹੀਨਿਆਂ ਬਾਅਦ ਸਰਕਾਰੀ ਕੈਂਪ ਹਟ ਗਿਆ ਤਾਂ ਭਗਤ ਜੀ ਇੱਕ ਬੋਹੜ ਥੱਲੇ ਵੀਹ-ਪੰਝੀ ਬਿਰਧ ਮਰੀਜ਼ਾਂ ਦੀ ਸੇਵਾ ਸੰਭਾਲ਼ ਕਰਦੇ ਰਹੇ। ਫਿਰ ਉਹਨਾਂ ਨੂੰ ਦੋ ਖ਼ਾਲੀ ਕੋਠੀਆਂ ਮਿਲ਼ ਗਈਆਂ ਤੇ ਉੱਥੇ ਉਹਨਾਂ ਨੇ ਪਿੰਗਲਵਾੜਾ ਬਣਾ ਲਿਆ। ਉਹ ਹਸਪਤਾਲ ਵਿੱਚੋਂ ਮਰੀਜ਼ਾਂ ਲਈ ਦਵਾਈ ਲਿਆਉਂਦੇ, ਉਹਨਾਂ ਦੇ ਗੰਦੇ ਤੇ ਲਿਬੜੇ ਕੱਪੜੇ ਧੋਂਦੇ ਤੇ ਗਲ਼ੀ-ਗਲ਼ੀ ਜਾ ਕੇ ਉਹਨਾਂ

ਲਈ ਰੋਟੀਆਂ ਮੰਗ ਕੇ ਲਿਆਉਂਦੇ। ਉਹ ਰੋਗੀਆਂ ਨੂੰ ਆਪਣੇ ਟੱਬਰ ਵਾਂਗ ਪਾਲ਼ਦੇ ਰਹਿੰਦੇ। ਘਰਦਿਆਂ ਵੱਲੋਂ ਠੁਕਰਾਏ ਬਜ਼ੁਰਗ, ਲਾ-ਇਲਾਜ ਮਰੀਜ਼, ਅੰਨ੍ਹੇ, ਲੂਲ੍ਹੇ, ਲੰਗੜੇ ਤੇ ਹੋਰ ਲੋੜਵੰਦ ਪਿੰਗਲਵਾੜੇ ਵਿੱਚ ਇੱਕ ਪਰਿਵਾਰ ਵਾਂਗ ਰਹਿੰਦੇ। ਪਿੰਗਲਵਾੜੇ ਨੂੰ ਚਲਾਉਣ ਲਈ ਸਾਰੀ ਮਾਇਆ ਪਿੰਗਲਵਾੜੇ ਦੇ ਸੇਵਕਾਂ ਦੁਆਰਾ ਦਾਨ ਦੇ ਰੂਪ ਵਿੱਚ ਮੰਗ ਕੇ ਇਕੱਠੀ ਕੀਤੀ ਜਾਂਦੀ। ਬਹੁਤ ਸਾਰੇ ਲੋਕ ਆਪ ਵੀ ਪਿੰਗਲਵਾੜੇ ਲਈ ਮਾਇਕ ਸਹਾਇਤਾ ਭੇਜਦੇ ਰਹਿੰਦੇ। ਭਗਤ ਪੂਰਨ ਸਿੰਘ ਜੀ ਨੇ ਬਿਨਾਂ ਕਿਸੇ ਜਾਤ-ਪਾਤ, ਧਰਮ, ਲਿੰਗ ਆਦਿ ਦੇ ਵਿਤਕਰੇ ਦੇ ਮਨੁੱਖਤਾ ਦੀ ਸੇਵਾ ਕੀਤੀ। ਉਹਨਾਂ ਦੀਆਂ ਇਹਨਾਂ ਸੇਵਾਵਾਂ ਸਦਕਾ ਕਈ ਸੰਸਥਾਵਾਂ ਨੇ ਉਹਨਾਂ ਨੂੰ ਅਨੇਕਾਂ ਮਾਣ-ਸਨਮਾਨ ਦਿੱਤੇ ਸਨ।




ਭਗਤ ਪੂਰਨ ਸਿੰਘ ਜੀ ਪਿੰਗਲਵਾੜੇ ਵਿੱਚ ਰਹਿੰਦੇ ਲੋੜਵੰਦਾਂ ਨੂੰ ਆਪਣਾ ਪਰਿਵਾਰ ਸਮਝ ਕੇ ਪਾਲ਼ਦੇ ਰਹੇ। ਭਗਤ ਜੀ ਨੇ ਅਨੇਕਾਂ ਮੁਸ਼ਕਲਾਂ ਤੇ ਸਮੱਸਿਆਵਾਂ ਦਾ ਸਾਹਮਣਾ ਕਰਦੇ ਹੋਏ ਵੀ ਦੁਖੀ, ਬੇਸਹਾਰਾ, ਅਪਾਹਜਾਂ ਤੇ ਰੋਗੀਆਂ ਦੇ ਦਰਦ ਨੂੰ ਘਟਾਇਆ ਅਤੇ ਢਾਰਸ ਦਿੱਤਾ। ਉਹ ਪਿੰਗਲਵਾੜੇ ਦੇ ਕਰਮਚਾਰੀਆਂ ਨੂੰ ਵੀ ਘਰ ਦੇ ਜੀਆਂ ਵਾਂਗ ਹੀ ਪਿਆਰ ਦਿੰਦੇ ਸਨ।

> **ਢਾਰਸ**—ਦਿਲਾਸਾ, ਧੀਰਜ, ਤਸੱਲੀ (consolation)। **ਪੈਂਫ਼ਲਿਟ**—ਛੋਟੇ ਆਕਾਰ ਦੀ ਪੁਸਤਕ (pamphlet)। **ਜੀਵਨ-ਜਾਚ**—ਜ਼ਿੰਦਗੀ ਗੁਜ਼ਾਰਨ ਦਾ ਢੰਗ (art of living)।

ਭਗਤ ਜੀ ਨਿਸ਼ਕਾਮ ਸਮਾਜ-ਸੇਵੀ ਹੋਣ ਦੇ ਨਾਲ਼-ਨਾਲ਼ ਇੱਕ ਉੱਚ-ਕੋਟੀ ਦੇ ਲਿਖਾਰੀ ਵੀ ਸਨ। ਉਹ ਮਨੁੱਖਤਾ ਦੇ ਕਲਿਆਣ ਦੇ ਲਗਭਗ ਹਰ ਵਿਸ਼ੇ ਉੱਤੇ ਲਿਖ ਕੇ ਪਿੰਗਲਵਾੜੇ ਦੀ ਪ੍ਰੈੱਸ ਤੋਂ ਛਪਵਾਉਂਦੇ ਅਤੇ ਮੁਫ਼ਤ ਵੰਡਦੇ ਸਨ। ਉਹਨਾਂ ਨੇ ਪੰਜਾਬੀ, ਹਿੰਦੀ ਤੇ ਅੰਗਰੇਜ਼ੀ ਵਿੱਚ ਅਣਗਿਣਤ ਪੈਂਫ਼ਲਿਟ ਪ੍ਰਕਾਸ਼ਿਤ ਕੀਤੇ। ਉਹਨਾਂ ਨੇ ਵੱਡੀਆਂ-ਵੱਡੀਆਂ ਸਮਾਜ-ਸੇਵੀ ਕਾਨਫ਼ਰੰਸਾਂ ਵਿੱਚ ਆਪਣੇ ਵਿਚਾਰ ਪ੍ਰਗਟ ਕੀਤੇ। ਉਹਨਾਂ ਨੇ ਵਿਗਿਆਨਿਕ ਸੋਚ ਵਾਲ਼ੀ ਜੀਵਨ-ਜਾਚ ਅਪਣਾਉਣ ਦੀ ਪ੍ਰੇਰਨਾ ਦਿੱਤੀ।

ਭਗਤ ਜੀ ਦਾ ਜੀਵਨ ਸੰਤਾਂ ਵਾਂਗ ਬਹੁਤ ਹੀ ਸਾਦਾ ਤੇ ਸੁੱਚਾ ਸੀ। ਉਹਨਾਂ ਨੇ ਸਾਰੀ ਉਮਰ ਖੱਦਰ ਦਾ ਬਹੁਤ ਸਾਦਾ ਪਹਿਰਾਵਾ 'ਤੇ ਸਾਦੇ ਜਿਹੇ ਕੱਪੜੇ ਦੇ ਬੂਟ ਪਹਿਨੇ। ਉਹਨਾਂ ਦੀ ਖ਼ੁਰਾਕ ਵੀ ਬਹੁਤ ਸਾਦੀ ਸੀ। ਉਹਨਾਂ ਦੇ ਹੱਥ ਵਿੱਚ ਲੋਹੇ ਦਾ ਇੱਕ ਬਾਟਾ ਹਮੇਸ਼ਾਂ ਰਹਿੰਦਾ ਸੀ। ਉਹ ਪੈਦਲ ਚੱਲਦੇ ਸਮੇਂ ਰਾਹ ਵਿੱਚੋਂ ਮਿਲ਼ਨ ਵਾਲ਼ੇ ਰੋੜੇ, ਲੋਹੇ, ਕੱਚ ਆਦਿ ਦੇ ਟੁਕੜੇ ਇਸ ਬਾਟੇ ਵਿੱਚ ਇਕੱਠੇ ਕਰਦੇ ਰਹਿੰਦੇ ਸਨ। ਉਹਨਾਂ ਦਾ ਕਹਿਣਾ ਸੀ ਕਿ ਜਿਨ੍ਹਾਂ ਰਾਹਾਂ 'ਤੇ ਲੋਕ ਚੱਲਦੇ ਹਨ ਉਹ ਪੱਧਰੇ ਤੇ ਸਾਫ਼-ਸੁਥਰੇ ਹੋਣ ਤਾਂ ਕਿ ਕਦੇ ਕਿਸੇ ਦੀ ਯਾਤਰਾ ਵਿੱਚ ਵਿਘਨ ਨਾ ਪਵੇ। ਉਹ ਵਾਤਾਵਰਨ ਨੂੰ ਨਾ ਕੇਵਲ ਸਾਫ਼-ਸੁਥਰਾ ਰੱਖਣਾ ਲੋਚਦੇ ਸਨ ਸਗੋਂ ਇਸ ਨੂੰ ਹਰਾ-ਭਰਾ ਵੀ ਵੇਖਣਾ ਚਾਹੁੰਦੇ ਸਨ।

ਭਗਤ ਜੀ ਆਪਣੀ ਸੇਵਾ-ਭਾਵਨਾ ਦਾ ਪ੍ਰੇਰਨਾ-ਸ੍ਰੋਤ ਆਪਣੀ ਮਾਤਾ ਜੀ ਨੂੰ ਮੰਨਦੇ ਸਨ। ਉਹਨਾਂ ਅਨੁਸਾਰ ਉਹਨਾਂ ਦੀ ਮਾਂ ਨੇ ਉਹਨਾਂ ਦੇ ਬਚਪਨ ਵਿੱਚ ਹੀ ਉਹਨਾਂ ਦੇ ਕੋਮਲ ਮਨ ਵਿੱਚ ਪਰਉਪਕਾਰ ਦੇ ਬੀਜ ਬੋਅ ਦਿੱਤੇ ਸਨ। ਭਗਤ ਜੀ ਨੇ ਭਾਈ ਘਨੱਈਆ ਜੀ ਦੇ ਮਿਸ਼ਨ ਨੂੰ ਅੱਗੇ ਤੋਰਨ ਦਾ ਕੰਮ ਕੀਤਾ। ਉਹ ਸੇਵਾ, ਤਿਆਗ ਤੇ ਸਿਮਰਨ ਦੀ ਮੂਰਤੀ ਸਨ। ਇਸ ਨਿਸ਼ਕਾਮ ਸੇਵਾ ਤੋਂ ਮਿਲ਼ਨ ਵਾਲ਼ੀ ਸੰਤੁਸ਼ਟੀ ਬਾਰੇ ਉਹਨਾਂ ਨੇ ਲਿਖਿਆ, "ਇਹ ਕੰਮ ਕਿਉਂਕਿ ਮੇਰੀ ਆਤਮਾ ਨੂੰ ਪ੍ਰਸੰਨ ਕਰਦਾ ਸੀ ਸੋ ਮੈਂ ਖਿੜੇ-ਮੱਥੇ ਇਹ ਡਿਊਟੀ ਨਿਭਾਉਂਦਾ ਰਿਹਾ ਹਾਂ।"

ਭਗਤ ਪੂਰਨ ਸਿੰਘ ਜੀ ਦਾ ਜੀਵਨ ਇਹ ਦਰਸਾਉਂਦਾ ਹੈ ਕਿ ਜੇਕਰ ਲਗਨ ਸੱਚੀ ਹੋਵੇ ਤਾਂ ਕੋਈ ਚੀਜ਼ ਜਿਵੇਂ ਕਿ ਉਮਰ, ਪੈਸੇ ਤੇ ਪਦਾਰਥਾਂ ਦੀ ਘਾਟ ਕਿਸੇ ਨੂੰ ਰੋਕ ਨਹੀਂ ਸਕਦੀ। ਸੱਚ-ਮੁੱਚ ਭਗਤ ਪੂਰਨ ਸਿੰਘ ਜੀ ਨੇ ਭਾਈ ਘਨੱਈਆ ਜੀ ਦੀ ਸੇਵਾ-ਭਾਵਨਾ ਨੂੰ ਆਪਣੇ ਜੀਵਨ ਵਿੱਚ ਸਾਕਾਰ ਕੀਤਾ। ਉਹਨਾਂ ਵੱਲੋਂ ਚਲਾਇਆ ਗਿਆ ਪਿੰਗਲਵਾੜਾ ਨਿਆਸਰਿਆਂ ਲਈ ਆਸ ਤੇ ਆਸਰਾ ਹੈ।

ਭਗਤ ਪੂਰਨ ਸਿੰਘ ਜੀ ਦੁਖੀਆਂ ਅਤੇ ਲੋੜਵੰਦਾਂ ਦੀ ਸੇਵਾ ਕਰਨ ਦੇ ਆਪਣੇ ਮਿਸ਼ਨ ਦੇ ਲਈ ਸਾਰੀ ਉਮਰ ਕਾਰਜਸ਼ੀਲ ਰਹੇ। ਅੰਤ 5 ਅਗਸਤ, 1992 ਨੂੰ ਉਹ ਸਾਨੂੰ ਸਦੀਵੀ ਵਿਛੋੜਾ ਦੇ ਗਏ। ਉਹਨਾਂ ਨੂੰ ਅਨੇਕਾਂ ਮਾਣ-ਸਨਮਾਨ ਮਿਲ਼ੇ ਪਰ ਉਹਨਾਂ ਨੂੰ ਲੋਕਾਂ ਵੱਲੋਂ ਮਿਲ਼ਿਆ ਪਿਆਰ ਅਤੇ ਸਤਿਕਾਰ ਅਕੱਥ ਹੈ।

**ਪਰਉਪਕਾਰ**—ਦੂਜਿਆਂ ਦਾ ਭਲਾ ਕਰਨ ਦਾ ਭਾਵ (other's interest)। **ਤਿਆਗ**—ਛੱਡ ਦੇਣਾ (renunciation)। **ਸੰਤੁਸ਼ਟ**—ਜਿਸ ਦੀ ਇੱਛਾ ਪੂਰੀ ਹੋ ਜਾਵੇ, ਪ੍ਰਸੰਨ, ਖ਼ੁਸ਼ (satisfied)। **ਸਦੀਵੀ ਵਿਛੋੜਾ**—ਦੇਹਾਂਤ ਹੋ ਜਾਣਾ (to die)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਭਗਤ ਪੂਰਨ ਸਿੰਘ ਜੀ ਦਾ ਜਨਮ ਕਿਹੜੇ ਸੰਨ ਵਿੱਚ ਹੋਇਆ ਸੀ ?

1906 ਈ. ☐ 1904 ਈ. ☐ 1908 ਈ. ☐ 1910 ਈ. ☐

(ਅ) ਭਗਤ ਪੂਰਨ ਸਿੰਘ ਜੀ ਦਾ ਬਚਪਨ ਦਾ ਕੀ ਨਾਂ ਸੀ ?

ਕਰਮ ਚੰਦ ☐ ਸ਼ਿੱਬੂ ਮੱਲ ☐ ਰਾਮ ਜੀ ਦਾਸ ☐ ਰਾਮ ਸਿੰਘ ☐

(ੲ) ਭਗਤ ਪੂਰਨ ਸਿੰਘ ਜੀ ਨੇ ਲਾਵਾਰਸ ਬੱਚੇ ਦਾ ਕੀ ਨਾਂ ਰੱਖਿਆ ਸੀ ?

ਬਚਨ ਸਿੰਘ ☐ ਕਰਮ ਸਿੰਘ ☐ ਧਰਮ ਸਿੰਘ ☐ ਪਿਆਰਾ ਸਿੰਘ ☐

(ਸ) ਭਗਤ ਪੂਰਨ ਸਿੰਘ ਜੀ ਨੇ ਕਿਸ ਕੋਲ਼ ਸਾਰੀ ਉਮਰ ਕੁਆਰਾ ਰਹਿਣ ਦਾ ਪ੍ਰਣ ਕੀਤਾ ਸੀ ?

ਪਿਤਾ ਕੋਲ਼ ☐ ਚਾਚੇ ਕੋਲ਼ ☐ ਅਧਿਆਪਕ ਕੋਲ਼ ☐ ਮਾਂ ਕੋਲ਼ ☐

(ਹ) ਭਗਤ ਪੂਰਨ ਸਿੰਘ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਵਿਖੇ ਕਿੰਨੇ ਸਾਲ ਗੁਜ਼ਾਰੇ ਸਨ?

ਬੱਤੀ ਸਾਲ ☐ ਚੌਵੀ ਸਾਲ ☐ ਛੱਬੀ ਸਾਲ ☐ ਅਠਾਰਾਂ ਸਾਲ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਰਾਮ ਜੀ ਦਾਸ ਕਿਨ੍ਹਾਂ ਦੇ ਬਚਪਨ ਦਾ ਨਾਂ ਸੀ ?

ਉੱਤਰ ..............................................................................................

(ਅ) ਭਗਤ ਪੂਰਨ ਸਿੰਘ ਜੀ ਦੇ ਮਾਤਾ-ਪਿਤਾ ਦਾ ਕੀ ਨਾਂ ਸੀ ?

ਉੱਤਰ ..............................................................................................

(ੲ) ਕਿਹੜੇ ਸੰਨ ਵਿੱਚ ਭਗਤ ਪੂਰਨ ਸਿੰਘ ਜੀ ਲਾਹੌਰ ਆਏ ਸਨ ?

ਉੱਤਰ ..............................................................................................

(ਸ) ਭਗਤ ਪੂਰਨ ਸਿੰਘ ਜੀ ਨੇ ਗੁਰਦੁਆਰਾ ਡੇਹਰਾ ਸਾਹਿਬ ਵਿੱਚ ਕਿੰਨੇ ਸਾਲ ਬਿਤਾਏ ?

ਉੱਤਰ ..............................................................................................

(ਹ) ਗੁਰਦੁਆਰਾ ਡੇਹਰਾ ਸਾਹਿਬ ਕਿੱਥੇ ਸਥਿਤ ਹੈ ?

ਉੱਤਰ ..............................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਭਗਤ ਪੂਰਨ ਸਿੰਘ ਜੀ ਦੇ ਬਚਪਨ ਬਾਰੇ ਜਾਣਕਾਰੀ ਦਿਓ।

ਉੱਤਰ ..............................................................................................

..............................................................................................

(ਅ) ਭਗਤ ਪੂਰਨ ਸਿੰਘ ਜੀ ਦਾ ਰਹਿਣ-ਸਹਿਣ ਕਿਹੋ ਜਿਹਾ ਸੀ ?

ਉੱਤਰ ..............................................................................................

..............................................................................................

(ੲ) ਭਗਤ ਪੂਰਨ ਸਿੰਘ ਜੀ ਦੇ ਜੀਵਨ ਦੀ ਗੁਰਦੁਆਰਾ ਰੇਰੂ ਸਾਹਿਬ ਦੀ ਘਟਨਾ ਬਾਰੇ ਲਿਖੋ।

ਉੱਤਰ ..............................................................................................

..............................................................................................

(ਸ) ਕਿਹੜੀ ਘਟਨਾ ਤੋਂ ਪ੍ਰਭਾਵਿਤ ਹੋ ਕੇ ਭਗਤ ਪੂਰਨ ਸਿੰਘ ਜੀ ਨਿਸ਼ਕਾਮ ਸੇਵਾ ਕਰਨ ਲੱਗੇ ਸਨ ?

ਉੱਤਰ ..............................................................................................

..............................................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਹੇਠਾਂ ਦਿੱਤੇ ਵਾਕਾਂ ਵਿਚਲੀਆਂ ਖ਼ਾਲੀ ਥਾਵਾਂ ਭਰੋ :**

(ਗੁਰਦੁਆਰੇ, ਅਨੇਕਾਂ, ਬੇਸਹਾਰਾ, ਮਹਾਂਪੁਰਖਾਂ, ਵਿਆਹ)

(ੳ) ਭਗਤ ਪੂਰਨ ਸਿੰਘ ਜੀ ਨੇ ਸਾਰੀ ਉਮਰ .................... ਲੋਕਾਂ ਦੀ ਸੇਵਾ ਕੀਤੀ।

(ਅ) ਭਗਤ ਪੂਰਨ ਸਿੰਘ ਜੀ ਦੇ ਮਾਤਾ ਜੀ ਉਹਨਾਂ ਨੂੰ .................... ਦੀਆਂ ਕਹਾਣੀਆਂ ਸੁਣਾਉਂਦੇ ਸਨ।

(ੲ) ਭਗਤ ਪੂਰਨ ਸਿੰਘ ਜੀ ਨੂੰ .................... ਮਾਣ-ਸਨਮਾਨ ਮਿਲ਼ੇ।

(ਸ) ਭਗਤ ਪੂਰਨ ਸਿੰਘ ਜੀ ਨੇ .................... ਨਹੀਂ ਕਰਵਾਇਆ ਸੀ।

(ਹ) ਉਹ ਨੇੜੇ ਦੇ .................... ਰੇਰੂ ਸਾਹਿਬ ਚਲੇ ਗਏ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਅਪਾਹਜ | — | ਭਗਤ ਪੂਰਨ ਸਿੰਘ ਜੀ ਅਪਾਹਜਾਂ ਦੀ ਸੇਵਾ ਕਰਦੇ ਸਨ। (ਉਦਾਹਰਨ) |
| (ਅ) ਲੋੜਵੰਦ | — | .................................................... |
| (ੲ) ਬਿਰਧ | — | .................................................... |
| (ਸ) ਪ੍ਰੇਰਨਾ ਸ੍ਰੋਤ | — | .................................................... |
| (ਹ) ਖਿੜੇ ਮੱਥੇ ਕੰਮ ਕਰਨਾ | — | .................................................... |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਭਗਤ ਜੀ ਨੇ ਸਾਰੀ ਉਮਰ ਲੋੜਵੰਦਾਂ ਦੀ ਸੇਵਾ ਕੀਤੀ। ☐

(ਅ) ਭਗਤ ਜੀ ਰੋਗੀਆਂ ਨੂੰ ਆਪਣੇ ਟੱਬਰ ਵਾਂਗ ਨਹੀਂ ਪਾਲ਼ਦੇ ਸਨ। ☐

(ੲ) ਭਗਤ ਪੂਰਨ ਸਿੰਘ ਜੀ ਨੇ ਵਿਆਹ ਕਰਵਾਇਆ ਸੀ। ☐

(ਸ) ਭਗਤ ਪੂਰਨ ਸਿੰਘ ਜੀ ਆਪਣਾ ਪ੍ਰੇਰਨਾ-ਸ੍ਰੋਤ ਆਪਣੀ ਮਾਤਾ ਨੂੰ ਮੰਨਦੇ ਸਨ। ☐

(ਹ) ਭਗਤ ਪੂਰਨ ਸਿੰਘ ਜੀ ਨੂੰ ਕੋਈ ਮਾਣ-ਸਨਮਾਨ ਨਹੀਂ ਮਿਲ਼ਿਆ ਸੀ। ☐

**7. ਹੇਠਾਂ ਦਿੱਤਾ ਪੇਰਾ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਭਗਤ ਪੂਰਨ ਸਿੰਘ ਜੀ ਤੇਜ਼ ਬੁੱਧੀ ਦੇ ਮਾਲਕ ਸਨ। ਉਹ ਪੜ੍ਹਨ ਵਿੱਚ ਵੀ ਰੁਚੀ ਰੱਖਦੇ ਸਨ। ਉਹ ਅਕਸਰ ਦਿਆਲ ਸਿੰਘ ਲਾਇਬ੍ਰੇਰੀ ਲਾਹੌਰ ਜਾ ਕੇ ਕਿਤਾਬਾਂ ਪੜ੍ਹਦੇ ਰਹਿੰਦੇ ਸਨ। ਇਸ ਅਧਿਐਨ ਨੇ ਉਹਨਾਂ ਦੇ ਜੀਵਨ ਵਿੱਚ ਹੋਰ ਤਬਦੀਲੀ ਲਿਆਂਦੀ। ਮਹਾਤਮਾ ਗਾਂਧੀ ਤੋਂ ਪ੍ਰਭਾਵਿਤ ਹੋ ਕੇ ਉਹਨਾਂ ਨੇ ਸਾਰੀ ਉਮਰ ਖੱਦਰ ਪਹਿਨਿਆ। ਜਾਨਵਰਾਂ ਉੱਤੇ ਕੀਤੇ ਜਾਂਦੇ ਅੱਤਿਆਚਾਰਾਂ ਤੋਂ ਦੁਖੀ ਹੋ ਕੇ ਉਹਨਾਂ ਨੇ ਕਦੇ ਵੀ ਚਮੜੇ ਦੀ ਜੁੱਤੀ ਨਾ ਪਾਉਣ ਦਾ ਫ਼ੈਸਲਾ ਕੀਤਾ। ਉਹਨਾਂ ਨੇ ਕਿਸੇ ਕਿਤਾਬ ਵਿੱਚ ਪੜ੍ਹਿਆ ਸੀ ਕਿ ਹਜ਼ਰਤ ਮੁਹੰਮਦ ਸਾਹਿਬ ਇੱਕ ਕੁੱਲੀ ਵਿੱਚ ਰਹਿੰਦੇ ਸਨ ਤੇ ਕਈ ਲੂਲ੍ਹੇ-ਲੰਗੜਿਆਂ ਤੇ ਕੋਹੜੀ ਵਿਅਕਤੀਆਂ ਦੀ ਸੇਵਾ ਕਰਦੇ ਸਨ। ਇਸ ਗੱਲ ਤੋਂ ਭਗਤ ਜੀ ਦੇ ਮਨ ਵਿੱਚ ਲੂਲ੍ਹੇ-ਲੰਗੜਿਆਂ ਅਤੇ ਅਪਾਹਜਾਂ ਦੀ ਸੇਵਾ ਕਰਨ ਦੀ ਇੱਛਿਆ ਹੋਰ ਵੱਧ ਗਈ। ਇਸ ਤਰ੍ਹਾਂ ਸੇਵਾ ਕਰਦਿਆਂ ਭਗਤ ਜੀ ਨੇ

24 ਸਾਲ ਗੁਰਦੁਆਰਾ ਡੇਹਰਾ ਸਾਹਿਬ ਲਾਹੌਰ ਬਿਤਾਏ। ਇੱਥੇ ਉਹਨਾਂ ਦਾ ਕੰਮ ਭੁੱਖਿਆਂ ਨੂੰ ਰੋਟੀ ਦੇਣਾ, ਬੇਸਹਾਰੇ, ਅਪਾਹਜਾਂ ਨੂੰ ਸੰਭਾਲ਼ਣਾ ਤੇ ਹਸਪਤਾਲ ਤੋਂ ਉਹਨਾਂ ਦਾ ਇਲਾਜ ਕਰਵਾਉਣਾ ਹੁੰਦਾ ਸੀ। ਉਹ ਰੋਗੀਆਂ ਦੇ ਲਿਬੜੇ ਤੇ ਮੈਲ਼ੇ ਕੱਪੜੇ ਧੋਂਦੇ ਤੇ ਉਹਨਾਂ ਨੂੰ ਨੁਹਾਉਂਦੇ ਵੀ ਸਨ।

(ੳ) ਭਗਤ ਪੂਰਨ ਸਿੰਘ ਜੀ ਕਿਸ ਦੇ ਮਾਲਕ ਸਨ ?

ਮਕਾਨ ਦੇ ☐ ਕਾਰ ਦੇ ☐ ਤੇਜ਼ ਬੁੱਧੀ ਦੇ ☐ ਘਰ ਦੇ ☐

(ਅ) ਭਗਤ ਪੂਰਨ ਸਿੰਘ ਜੀ ਕਿਸ ਵਿੱਚ ਰੁਚੀ ਰੱਖਦੇ ਸਨ ?

ਪੜ੍ਹਨ ਵਿੱਚ ☐ ਸੈਰ ਕਰਨ ਵਿੱਚ ☐ ਦੌੜਨ ਵਿੱਚ ☐ ਖੇਡਣ ਵਿੱਚ ☐

(ੲ) ਕਿਸ ਤੋਂ ਪ੍ਰਭਾਵਿਤ ਹੋ ਕੇ ਭਗਤ ਪੂਰਨ ਸਿੰਘ ਜੀ ਨੇ ਸਾਰੀ ਉਮਰ ਖੱਦਰ ਪਹਿਨਿਆ ?

ਆਪਣੇ ਗੁਰੂ ਤੋਂ ☐ ਆਪਣੇ ਪਿਤਾ ਤੋਂ ☐ ਮਹਾਤਮਾ ਗਾਂਧੀ ਤੋਂ ☐ ਆਪਣੀ ਮਾਂ ਤੋਂ ☐

(ਸ) ਭਗਤ ਪੂਰਨ ਸਿੰਘ ਜੀ ਨੇ ਲਾਹੌਰ ਦੇ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਕਿੰਨੇ ਸਾਲ ਸੇਵਾ ਕੀਤੀ ?

25 ਸਾਲ ☐ 22 ਸਾਲ ☐ 20 ਸਾਲ ☐ 24 ਸਾਲ ☐

(ਹ) ਭਗਤ ਪੂਰਨ ਸਿੰਘ ਜੀ ਕਿਹਨਾਂ ਦੇ ਲਿਬੜੇ ਕੱਪੜੇ ਧੋਂਦੇ ਸਨ ?

ਗੁਆਂਢੀਆਂ ਦੇ ☐ ਰੋਗੀਆਂ ਦੇ ☐ ਸੰਗਤ ਦੇ ☐ ਆਪਣੇ ☐




**1. ਦੱਸੇ ਅਨੁਸਾਰ ਕਰੋ :**

ਇਸ ਪਾਠ ਵਿੱਚ ਦਿੱਤੇ ਗਏ ਕੁਝ ਨਾਂਵ ਸ਼ਬਦ ਹਨ :- ਭਗਤ ਪੂਰਨ ਸਿੰਘ, ਅੰਮ੍ਰਿਤਸਰ, ਪੱਥਰ, ਪਾਣੀ, ਔਰਤ ਆਦਿ। ਤੁਸੀਂ ਪਾਠ ਵਿੱਚੋਂ ਹੋਰ ਪੰਜ ਨਾਂਵ ਸ਼ਬਦ ਚੁਣ ਕੇ ਲਿਖੋ।

..........................................................................................................

**2. ਹੇਠਾਂ ਦਿੱਤੇ ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ :**

(ੳ) ਮਿੱਟੀ ਦੇ ਭਾਂਡੇ ਬਣਾਉਣ ਵਾਲ਼ਾ ..............................

(ਅ) ਜਿਸ ਨੂੰ ਸਾਰੇ ਹੀ ਪਿਆਰ ਕਰਦੇ ਹੋਣ ..............................

(ੲ) ਜੋ ਬਹੁਤ ਗੱਲਾਂ ਕਰਦਾ ਹੋਵੇ ..............................

(ਸ) ਜੋ ਰੱਬ ਵਿੱਚ ਵਿਸ਼ਵਾਸ ਨਾ ਰੱਖਦਾ ਹੋਵੇ ..............................

(ਹ) ਜੋ ਬਹੁਤ ਹੀ ਡਰਦਾ ਹੋਵੇ ..............................

**3. ਠੀਕ ਉੱਤਰ ਦੇ ਸਾਹਮਣੇ (✓) ਦਾ ਨਿਸ਼ਾਨ ਲਗਾਓ :**

(ੳ) ਵਿਆਕਰਨ ਵਿੱਚ ਕਾਲ ਤੋਂ ਭਾਵ ਹੈ :

ਕਾਲ਼ਾ ਰੰਗ ☐ ਸਮਾਂ ☐ ਕਿਸਮਤ ☐ ਯਮਰਾਜ ☐

(ਅ) ਕਾਲ ਦੀਆਂ ਕਿੰਨੀਆਂ ਕਿਸਮਾਂ ਹਨ ?

ਤਿੰਨ ☐ ਪੰਜ ☐ ਦੋ ☐ ਚਾਰ ☐

(ੲ) ਜਿਹੜਾ ਸਮਾਂ ਬੀਤ ਚੁੱਕਾ ਹੋਵੇ ਉਸ ਨੂੰ ਕੀ ਕਹਿੰਦੇ ਹਨ ?

ਵਰਤਮਾਨ ਕਾਲ ☐ ਭੂਤ ਕਾਲ ☐ ਚਲਦਾ ☐ ਭਵਿਖਤ ਕਾਲ ☐

(ਸ) 'ਮੈਂ ਅੰਬ ਦਾ ਅਚਾਰ ਖਾਧਾ ਸੀ।' ਇਸ ਵਾਕ ਵਿੱਚ 'ਖਾਧਾ ਸੀ' ਸ਼ਬਦ ਕਿਹੜੇ ਕਾਲ ਨਾਲ਼ ਸੰਬੰਧਿਤ ਹੈ ?

ਵਰਤਮਾਨ ਕਾਲ ☐ ਭਵਿਖਤ ਕਾਲ ☐ ਭੂਤ ਕਾਲ ☐ ਮੌਜੂਦਾ ਕਾਲ ☐



## ਯੋਗਤਾ ਵਿਸਤਾਰ

✤ ਭਗਤ ਪੂਰਨ ਸਿੰਘ ਜੀ ਦੀ ਸ਼ਖ਼ਸੀਅਤ ਤੋਂ ਤੁਹਾਨੂੰ ਕੀ ਪ੍ਰੇਰਨਾ ਮਿਲ਼ੀ ਹੈ ?

..........................................................................................

..........................................................................................

..........................................................................................

..........................................................................................

..........................................................................................

..........................................................................................



## ਅਧਿਆਪਕ ਲਈ

✤ ਅਧਿਆਪਕ ਵਿਦਿਆਰਥੀਆਂ ਨੂੰ ਉਦਾਹਰਨਾਂ ਸਹਿਤ ਦੱਸਣ ਕਿ ਦੂਸਰਿਆਂ ਦੀ ਸਹਾਇਤਾ ਕਰਨ ਨਾਲ਼ ਜਿਹੜੀ ਮਾਨਸਿਕ ਸ਼ਾਂਤੀ ਮਿਲ਼ਦੀ ਹੈ, ਉਸ ਨੂੰ ਮੁੱਲ ਨਹੀਂ ਖ਼ਰੀਦਿਆ ਜਾ ਸਕਦਾ।

# ਮਾਡਲ ਟੈੱਸਟ ਪੇਪਰ—1

**ਜਮਾਤ-5 (ਪਾਠ 1 ਤੋਂ 6)**

**ਸਮਾਂ : 1 ਘੰਟਾ 30 ਮਿੰਟ** **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✔) ਕਰੋ—** **(4 × 2 = 8)**

(ੳ) ਭੁੱਲ ਹੋਣ 'ਤੇ ਹਿੰਮਤੀ ਕੀ ਕਰਦੇ ਹਨ ?

ਘਬਰਾ ਜਾਂਦੇ ਹਨ ☐ ਰੋਂਦੇ ਹਨ ☐ ਹੱਸਦੇ ਹਨ ☐ ਸਾਹਸ ਰੱਖਦੇ ਹਨ ☐

(ਅ) ਮਗਰਮੱਛ ਨੂੰ ਕੋਰਾ ਜਵਾਬ ਕਿਸ ਨੇ ਦਿੱਤਾ ?

ਮੋਰ ਨੇ ☐ ਚਿੜੀ ਨੇ ☐ ਗੁਟਾਰ ਨੇ ☐ ਕਾਂ ਨੇ ☐

(ੲ) ਗਰਮੀ ਕਾਰਨ ਕਿਸ ਵਿੱਚ ਜੀਅ ਨਹੀਂ ਲੱਗਦਾ ?

ਲੜਾਈ ਵਿੱਚ ☐ ਸੌਣ ਵਿੱਚ ☐ ਕਢਾਈ ਵਿੱਚ ☐ ਪੜ੍ਹਾਈ ਵਿੱਚ ☐

(ਸ) ਭਗਤ ਪੂਰਨ ਸਿੰਘ ਜੀ ਦਾ ਬਚਪਨ ਦਾ ਕੀ ਨਾਂ ਸੀ ?

ਕਰਮ ਚੰਦ ☐ ਸ਼ਿੱਬੂ ਮੱਲ ☐ ਰਾਮ ਜੀ ਦਾਸ ☐ ਰਾਮ ਸਿੰਘ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 2 = 8)**

(ੳ) ਬਾਬਾ ਜ਼ੋਰਾ ਸਿੰਘ ਕੌਣ ਸੀ ?

ਉੱਤਰ— ..................................................

(ਅ) ਮੱਘੂ ਕਿਸਦਾ ਨਾਂ ਸੀ ?

ਉੱਤਰ— ..................................................

(ੲ) ਅਮੀਰ ਆਦਮੀ ਸਮਾਜ ਸੇਵੀ ਸੰਸਥਾਵਾਂ ਨੂੰ ਦਾਨ ਦੇਣ ਤੋਂ ਪਹਿਲਾਂ ਕੀ ਕਰਦਾ ਸੀ ?

ਉੱਤਰ— ..................................................

(ਸ) ਰਾਮ ਜੀ ਦਾਸ ਕਿਨ੍ਹਾਂ ਦਾ ਪਹਿਲਾਂ ਨਾਂ ਸੀ ?

ਉੱਤਰ— ..................................................

**3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ—** **(2 × 3 = 6)**

(ੳ) ਬਾਬਾ ਜ਼ੋਰਾ ਸਿੰਘ ਦੀ ਕਿਹੜੀ ਗੱਲ ਤੁਹਾਨੂੰ ਪ੍ਰਭਾਵਿਤ ਕਰਦੀ ਹੈ ?

ਉੱਤਰ— ..................................................

..................................................

(ਅ) ਅਮੀਰ ਤੇ ਦਾਨੀ ਆਦਮੀ ਕੀ ਨਹੀਂ ਦੇਖ ਸਕਦਾ ਸੀ ?

ਉੱਤਰ— ..................................................

..................................................

**4. ਹੇਠਾਂ ਦਿੱਤੇ ਵਾਕਾਂ ਵਿਚਲੀਆਂ ਖ਼ਾਲੀ ਥਾਵਾਂ ਭਰੋ—** **(3 × 2 = 6)**

(ੳ) ਬਾਬਾ ਬੜੇ .................... ਨਾਲ਼ ਬੋਲਿਆ। (ਪਿਆਰ/ਧੀਰਜ)

(ਅ) ਨਿੱਕੀ ਚਿੜੀ ਨੂੰ ਮੱਘੂ ਮਗਰਮੱਛ ਦੀ ਗੱਲ ਦਾ .................... ਸੀ। (ਯਕੀਨ / ਸ਼ੱਕ)

(ੲ) ਭਗਤ ਪੂਰਨ ਸਿੰਘ ਜੀ ਨੂੰ .................... ਮਾਣ-ਸਨਮਾਨ ਮਿਲ਼ੇ। (ਅਨੇਕਾਂ/ਕਈ)

**5. ਸਹੀ ਵਾਕ ਦੇ ਸਾਹਮਣੇ (✔) ਦਾ ਨਿਸ਼ਾਨ ਅਤੇ ਗ਼ਲਤ ਵਾਕ ਦੇ ਸਾਹਮਣੇ (✗) ਦਾ ਨਿਸ਼ਾਨ ਲਗਾਓ— (3 × 1 = 3)**

(ੳ) ਹਿੰਮਤੀ ਲੋਕ ਔਖ-ਸੌਖ ਹੱਸ ਕੇ ਝੱਲਦੇ ਹਨ। ☐

(ਅ) ਗਰਮੀ ਦੇ ਦਿਨ ਚੰਗੇ ਲੱਗਦੇ ਹਨ। ☐

(ੲ) ਅਮੀਰ ਆਦਮੀ ਲਾਇਬ੍ਰੇਰੀ ਖੋਲ੍ਹਣ ਦੇ ਖਿਲਾਫ਼ ਸੀ। ☐

**6. (ੳ) ਹੇਠ ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਲਿਖੋ— (2 × 1 = 2)**

(*i*) ਉਹ ਮੇਰੀ ਜਮਾਤ ਵਿੱਚ ਪੜ੍ਹਦਾ ਹੈ। ....................

(*ii*) ਪੁੱਤ ਨੂੰ ਦੇਖ ਕੇ ਮਾਂ ਨੂੰ ਚਾਅ ਚੜ੍ਹ ਗਿਆ। ....................

**(ਅ) ਹੇਠ ਦਿੱਤੇ ਵਾਕਾਂ ਵਿੱਚੋਂ ਕਰਤਾ ਅਤੇ ਕਰਮ ਚੁਣ ਕੇ ਲਿਖੋ— (2 × 1 = 2)**

(*i*) ਬੱਚੀ ਖੇਡਦੀ ਹੈ। .................... ....................

(*ii*) ਕੁੱਤਾ ਭੌਂਕ ਰਿਹਾ ਸੀ। .................... ....................

**(ੲ) ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਵੱਖ ਕਰਕੇ ਲਿਖੋ— (2 × 1 = 2)**

(*i*) ਉਹ ਬਹੁਤ ਉੱਦਮੀ ਹੈ। ....................

(*ii*) ਕੌਣ ਆਇਆ ਹੈ। ....................

**7. (ੳ) ਹੇਠ ਦਿੱਤੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ ਲਿਖੋ— (4 × ½ = 2)**

(*i*) ਇਨਸਾਨ .................... (*ii*) ਧਰਤੀ ....................

(*iii*) ਵੈਰੀ .................... (*iv*) ਖ਼ੁਸ਼ੀ ....................

**(ਅ) ਹੇਠ ਦਿੱਤੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ— (4 × ½ = 2)**

(*i*) ਘੋਕਦਾ .................... (*ii*) ਲਾਇਬਰੇਰਿ ....................

(*iii*) ਜਰੁਰ .................... (*iv*) ਨੋਕਰ ....................

**8. (ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖੋ— (2 × 1 = 2)**

(*i*) ਜੋ ਰੱਬ ਨੂੰ ਮੰਨੇ ....................

(*ii*) ਜਿਸ ਨੂੰ ਸਾਰੇ ਹੀ ਪਿਆਰ ਕਰਦੇ ਹੋਣ ....................

**(ਅ) ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ— (4 × ½ = 2)**

(*i*) ਸਿਆਣੇ (*ii*) ਸੁੰਦਰ (*iii*) ਕੋਮਲ (*iv*) ਹਿੰਮਤ

**9. ਗਰਮੀ ਦੀ ਰੁੱਤ ਬਾਰੇ ਪੰਜ ਵਾਕ ਲਿਖੋ। (5 × 1 = 5)**

....................................................................................................

....................................................................................................

....................................................................................................

....................................................................................................

....................................................................................................



7 ਪਾਠ

# ਸ੍ਰੀ ਅਨੰਦਪੁਰ ਸਾਹਿਬ

## ਪਾਠ ਬਾਰੇ ਚਰਚਾ

- ਕੀ ਤੁਸੀਂ ਕਦੇ ਕਿਸੇ ਇਤਿਹਾਸਿਕ ਸਥਾਨ ਦੀ ਯਾਤਰਾ ਕੀਤੀ ਹੈ ?
- ਸ੍ਰੀ ਅਨੰਦਪੁਰ ਸਾਹਿਬ ਬਾਰੇ ਤੁਸੀਂ ਕੀ ਜਾਣਦੇ ਹੋ ?

ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦਾ ਇੱਕ ਪ੍ਰਸਿੱਧ ਇਤਿਹਾਸਿਕ ਸ਼ਹਿਰ ਹੈ। ਇਹ ਸ਼ਹਿਰ ਰੋਪੜ ਤੋਂ ਨੰਗਲ ਵੱਲ ਜਾਂਦੀ ਸੜਕ ਉੱਤੇ ਸਥਿਤ ਹੈ। ਇਹ ਸ਼ਹਿਰ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਵਸਾਇਆ ਸੀ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਇਹ ਸ਼ਹਿਰ ਵਸਾਉਣ ਲਈ ਬਿਲਾਸਪੁਰ ਦੀ ਰਾਣੀ ਕੋਲ਼ੋਂ ਜ਼ਮੀਨ ਖ਼ਰੀਦੀ ਸੀ। ਨਵੇਂ ਵਸੇ ਸ਼ਹਿਰ ਦਾ ਨਾਂ ਉਹਨਾਂ ਨੇ ਆਪਣੀ ਮਾਤਾ ਜੀ ਦੀ ਯਾਦ ਵਿੱਚ 'ਚੱਕ ਨਾਨਕੀ' ਰੱਖਿਆ। ਬਾਅਦ ਵਿੱਚ ਇਹ ਸਥਾਨ ਸ੍ਰੀ ਅਨੰਦਪੁਰ ਸਾਹਿਬ ਦੇ ਨਾਂ ਨਾਲ਼ ਪ੍ਰਸਿੱਧ ਹੋਇਆ। ਇਸ ਦਾ ਇਹ ਨਾਂ ਇੱਥੇ ਬਣੇ ਕਿਲ੍ਹੇ ਅਨੰਦਗੜ੍ਹ ਤੋਂ ਪਿਆ। ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਕਿਲ੍ਹਾ, ਭੰਗਾਣੀ ਦੇ ਯੁੱਧ ਤੋਂ ਬਾਅਦ ਬਣਵਾਇਆ ਸੀ।



ਸ੍ਰੀ ਅਨੰਦਪੁਰ ਸਾਹਿਬ ਧਾਰਮਿਕ ਤੇ ਇਤਿਹਾਸਿਕ ਪੱਖੋਂ ਬਹੁਤ ਹੀ ਮਹੱਤਵਪੂਰਨ ਸ਼ਹਿਰ ਹੈ। ਇੱਥੇ ਹੀ ਕਸ਼ਮੀਰੀ ਪੰਡਤ ਆਪਣੀ ਦੁੱਖ ਭਰੀ ਫ਼ਰਿਆਦ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ ਸਨ। ਇੱਥੋਂ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਔਰੰਗਜ਼ੇਬ ਦੇ ਅੱਤਿਆਚਾਰਾਂ ਦੇ ਖ਼ਿਲਾਫ਼ ਸ਼ਹੀਦੀ ਦੇਣ ਲਈ ਦਿੱਲੀ ਲਈ ਰਵਾਨਾ ਹੋਏ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਹੀ ਪਹੁੰਚੇ ਸਨ। ਸੀਸ ਦਾ ਸਸਕਾਰ ਵੀ ਸ੍ਰੀ ਅਨੰਦਪੁਰ ਸਾਹਿਬ ਹੀ ਕੀਤਾ ਗਿਆ ਸੀ। ਜਿਸ ਥਾਂ 'ਤੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ ਉਸ ਥਾਂ ਗੁਰਦੁਆਰਾ


ਅੱਤਿਆਚਾਰ—ਜ਼ੁਲਮ (atrocities)।
ਉਪਰੰਤ—ਪਿੱਛੋਂ (after)।

ਸੀਸ ਗੰਜ ਸਾਹਿਬ ਸੁਸ਼ੋਭਿਤ ਹੈ। ਇੱਥੇ ਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ 1699 ਈ. ਵਿੱਚ ਵਿਸਾਖੀ ਵਾਲ਼ੇ ਦਿਨ ਸੰਗਤਾਂ ਦਾ ਭਾਰੀ ਇਕੱਠ ਸੱਦਿਆ ਸੀ। ਉਹਨਾਂ ਨੇ ਭਰੇ ਦੀਵਾਨ ਵਿੱਚ ਪੰਜ ਪਿਆਰਿਆਂ ਦੀ ਚੋਣ ਕੀਤੀ ਤੇ ਖ਼ਾਲਸਾ ਪੰਥ ਦੀ ਸਾਜਣਾ ਕੀਤੀ ਸੀ। ਇਸ ਥਾਂ ਗੁਰਦੁਆਰਾ ਸ੍ਰੀ ਕੇਸਗੜ੍ਹ ਸਾਹਿਬ ਸੁਸ਼ੋਭਿਤ ਹੈ।

ਸ੍ਰੀ ਕੇਸਗੜ੍ਹ ਸਾਹਿਬ ਨੂੰ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਹੋਣ ਦਾ ਮਾਣ ਹਾਸਲ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਅੰਮ੍ਰਿਤਸਰ, ਤਖ਼ਤ ਸ੍ਰੀ ਦਮਦਮਾ ਸਾਹਿਬ-ਤਲਵੰਡੀ ਸਾਬ੍ਹੋ, ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ ਨਾਂਦੇੜ ਹੋਰ ਚਾਰ ਤਖ਼ਤ ਹਨ।

ਗੁਰਦੁਆਰਾ ਗੁਰੂ ਕਾ ਲਾਹੌਰ, ਗੁਰਦੁਆਰਾ ਮੰਜੀ ਸਾਹਿਬ, ਗੁਰਦੁਆਰਾ ਸੀਸਗੰਜ ਸਾਹਿਬ ਅਤੇ ਗੁਰਦੁਆਰਾ ਭੋਰਾ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਦੇ ਹੋਰ ਵਰਨਣਯੋਗ ਇਤਿਹਾਸਿਕ ਸਥਾਨ ਹਨ। ਇੱਥੇ ਹਰ ਸਾਲ ਵਿਸਾਖੀ ਦਾ ਤਿਉਹਾਰ ਬਹੁਤ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ।

ਸ਼ਿਵਾਲਿਕ ਦੀਆਂ ਪਹਾੜੀਆਂ ਦੇ ਪੈਰਾਂ ਵਿੱਚ ਵਸੇ ਹੋਣ ਕਰਕੇ ਇਸ ਸ਼ਹਿਰ ਦਾ ਵਾਤਾਵਰਨ ਬੜਾ ਸੁਹਾਵਣਾ ਹੈ। ਦੂਰ-ਦੁਰਾਡੇ ਤੋਂ ਆਉਂਦੇ ਸ਼ਰਧਾਲੂਆਂ ਕਾਰਨ ਇੱਥੇ ਸਾਰਾ ਸਾਲ ਰੌਣਕ ਲੱਗੀ ਰਹਿੰਦੀ ਹੈ। ਫ਼ਰਵਰੀ/ਮਾਰਚ ਦੇ ਮਹੀਨੇ ਮਨਾਇਆ ਜਾਣ ਵਾਲ਼ਾ ਹੋਲੇ ਮਹੱਲੇ ਦਾ ਤਿਉਹਾਰ ਵਿਸ਼ੇਸ਼ ਮਾਣਤਾ ਰੱਖਦਾ ਹੈ। ਹੋਲੇ ਮਹੱਲੇ ਦੀ ਸ਼ੁਰੂਆਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੀਤੀ ਸੀ ਜੋ ਕਿ ਹੋਲੀ ਦਾ ਬਦਲਵਾਂ ਰੂਪ ਸੀ। ਗੁਰੂ ਸਾਹਿਬ ਇਸ ਦਿਨ ਸਿੰਘਾਂ ਦੇ ਜੰਗੀ ਕਰਤਬਾਂ ਦੇ ਮੁਕਾਬਲੇ ਕਰਵਾਉਂਦੇ ਸਨ। ਉਹ ਜੇਤੂਆਂ ਨੂੰ ਇਨਾਮ ਵੀ ਦਿੰਦੇ ਸਨ।



ਸ੍ਰੀ ਅਨੰਦਪੁਰ ਸਾਹਿਬ ਵਿਖੇ ਅੱਜ-ਕੱਲ੍ਹ ਵੀ ਹੋਲਾ ਮਹੱਲਾ ਮਨਾਉਣ ਲਈ ਭਾਰੀ ਮੇਲਾ ਲੱਗਦਾ ਹੈ। ਮੇਲੇ ਤੋਂ ਕਈ ਦਿਨ ਪਹਿਲਾਂ ਹੀ ਬਜ਼ਾਰ ਸਜ ਜਾਂਦੇ ਹਨ। ਕਈ ਤਰ੍ਹਾਂ ਦੀਆਂ ਨੁਮਾਇਸ਼ਾਂ ਲੱਗਦੀਆਂ ਹਨ। ਮੇਲੇ ਦੇ ਦਿਨਾਂ ਵਿੱਚ ਵੱਖ-ਵੱਖ ਥਾਵਾਂ 'ਤੇ ਕਾਨਫ਼ਰੰਸਾਂ ਵੀ ਹੁੰਦੀਆਂ ਹਨ। ਸੰਗਤਾਂ ਹੁੰਮ-ਹੁਮਾ ਕੇ ਆਉਂਦੀਆਂ ਹਨ ਤੇ ਉਹ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰਦੀਆਂ ਹਨ। ਕੀਰਤਨ ਦਰਬਾਰ ਤੇ ਢਾਡੀ ਦਰਬਾਰਾਂ ਲਈ ਦੂਰੋਂ-ਦੂਰੋਂ ਜਥੇ ਆਉਂਦੇ ਹਨ। ਮਹੱਲੇ ਵਾਲ਼ੇ ਦਿਨ ਨਿਹੰਗ ਸਿੰਘ ਨੇਜ਼ੇਬਾਜ਼ੀ, ਘੋੜਸਵਾਰੀ ਤੇ ਗਤਕੇ ਦੇ ਕਰਤਬ ਦਿਖਾਉਂਦੇ ਹਨ। ਨੀਲੇ ਤੇ ਕੇਸਰੀ ਬਾਣੇ ਵਿੱਚ ਗੁਰੂ ਦੀਆਂ ਫ਼ੌਜਾਂ (ਨਿਹੰਗ ਸਿੰਘ) ਸ੍ਰੀ ਅਨੰਦਪੁਰ ਸਾਹਿਬ ਦੇ ਹੋਲੇ ਮਹੱਲੇ ਦੀ ਰੌਣਕ ਵਧਾਉਂਦੀਆਂ ਹਨ। ਥਾਂ-ਥਾਂ ਗੁਰੂ ਕਾ ਅਟੁੱਟ ਲੰਗਰ ਚਲਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਵਿਖੇ 13 ਅਪਰੈਲ, 1999 ਈ. ਨੂੰ ਖ਼ਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਦੇ ਜਸ਼ਨ ਬੜੇ ਚਾਅ ਤੇ ਉਤਸ਼ਾਹ ਨਾਲ਼ ਮਨਾਏ ਗਏ। ਇਸ ਮੌਕੇ ਕਈ ਪ੍ਰੋਜੈਕਟ ਅਰੰਭੇ ਗਏ। ਇਹਨਾਂ ਪ੍ਰੋਜੈਕਟਾਂ ਵਿੱਚੋਂ ਇੱਕ ਸ੍ਰੀ ਅਨੰਦਪੁਰ ਸਾਹਿਬ ਵਿੱਚ ਬਣਿਆ 'ਵਿਰਾਸਤ-ਏ-ਖ਼ਾਲਸਾ' ਅਜਾਇਬ-ਘਰ ਵੇਖਣ ਯੋਗ ਹੈ।

**ਧੂਮ-ਧਾਮ**—ਉਤਸ਼ਾਹ (pomp and show)। **ਸੁਹਾਵਣਾ**—ਸੁੰਦਰ (pleasant)।

ਇਸ ਨੂੰ ਸ਼ੁਰੂ ਕਰਨ ਤੋਂ ਤਕਰੀਬਨ 13 ਸਾਲ ਬਾਅਦ ਇਸ ਦਾ ਉਦਘਾਟਨ 25 ਨਵੰਬਰ, 2011 ਨੂੰ ਕੀਤਾ ਗਿਆ। ਇਸ ਨੂੰ 27 ਨਵੰਬਰ, 2011 ਨੂੰ ਜਨਤਾ ਦੇ ਦੇਖਣ ਲਈ ਖੋਲ੍ਹਿਆ ਗਿਆ। ਇਹ ਅਜਾਇਬ-ਘਰ ਉਹਨਾਂ ਘਟਨਾਵਾਂ ਉੱਤੇ ਇੱਕ ਝਾਤ ਪਾਉਂਦਾ ਹੈ ਜਿਹੜੀਆਂ ਪੰਜਾਬ ਵਿੱਚ ਅੱਜ ਤੋਂ 500 ਸਾਲ ਪਹਿਲਾਂ ਵਾਪਰੀਆਂ। ਇਹ ਅਜਾਇਬ-ਘਰ ਮਹਾਨ ਗੁਰੂਆਂ ਦੇ ਸੁਪਨੇ ਉੱਤੇ ਰੋਸ਼ਨੀ ਪਾਉਂਦਾ ਹੈ। ਵਿਰਾਸਤ-ਏ-ਖ਼ਾਲਸਾ 100 ਏਕੜ ਰਕਬੇ ਵਿੱਚ ਉਸਾਰਿਆ ਗਿਆ ਹੈ। ਇਸ ਨੂੰ ਅੰਤਰਰਾਸ਼ਟਰੀ ਪ੍ਰਸਿੱਧ ਆਰਕੀਟੈਕਟ ਸ੍ਰੀ ਮੋਸ਼ੇ ਸੈਫ਼ਦੀ, ਜਿਨ੍ਹਾਂ ਨੇ ਯੇਰੂਸ਼ਲਮ ਵਿੱਚ ਹੋਲੋ ਕਾਸਟ ਮਿਊਜ਼ੀਅਮ ਵੀ ਤਿਆਰ ਕੀਤੀ ਸੀ, ਨੇ ਡਿਜ਼ਾਇਨ ਕੀਤਾ ਹੈ। ਵਿਰਾਸਤ-ਏ-ਖ਼ਾਲਸਾ ਦਰਸ਼ਨ ਦੌਰਾਨ ਸੈਲਾਨੀ ਇੱਥੇ ਪੰਜਾਬ ਦੇ ਸੱਭਿਆਚਾਰ, ਰਹਿਣ-ਸਹਿਣ ਨਾਲ਼ ਰੂ-ਬਰੂ ਹੁੰਦੇ ਹਨ। ਉਹ ਇੱਥੇ ਸਿੱਖ ਧਰਮ ਦੇ ਉਦੈ, ਦਸ ਗੁਰੂ ਸਾਹਿਬਾਨ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਮਿਲ਼ਨ ਤੱਕ ਦਾ ਇਤਿਹਾਸ ਮਲਟੀ-ਮੀਡੀਆ ਦੀਆਂ ਅਤਿ-ਆਧੁਨਿਕ ਤਕਨੀਕਾਂ ਜ਼ਰੀਏ ਦੇਖਦੇ ਅਤੇ ਸੁਣਦੇ ਹਨ।

ਇਸ ਤੋਂ ਇਲਾਵਾ ਇਸ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਤੋਂ ਲੈ ਕੇ ਭਾਰਤ ਦੀ ਅਜ਼ਾਦੀ ਤੱਕ ਪੰਜਾਬ ਦੇ ਅਮੀਰ ਅਤੇ ਗੌਰਵਸ਼ਾਲੀ ਸਿੱਖ ਇਤਿਹਾਸ ਨੂੰ ਦਰਸਾਇਆ ਗਿਆ ਹੈ। ਇਸ ਨੂੰ ਹਸਤ-ਕਲਾ, ਅਤਿ-ਆਧੁਨਿਕ ਮਲਟੀ-ਮੀਡੀਆ ਤਕਨੀਕ ਦੇ ਨਾਲ਼-ਨਾਲ਼ ਥ੍ਰੀ ਡੀ ਤਕਨੀਕ ਸਮੇਤ ਉੱਚੇ ਦਰਜੇ ਦੇ ਆਡੀਓ ਤੇ ਵੀਡੀਓ ਕੰਨਟੈਂਟ ਨਾਲ਼ ਇਸ ਤਰ੍ਹਾਂ ਪਿਰੋਇਆ ਗਿਆ ਹੈ ਕਿ ਦਰਸ਼ਕ ਆਪਣੇ-ਆਪ ਨੂੰ ਉਸ ਕਾਲ ਵਿੱਚ ਜੀਵੰਤ ਮਹਿਸੂਸ ਕਰਦੇ ਹਨ।

ਸਤਲੁਜ ਦਰਿਆ ਦੇ ਨੇੜੇ ਵਸੇ ਇਸ ਸ਼ਹਿਰ ਦੀ ਦਿੱਖ ਦਰਸ਼ਕਾਂ ਨੂੰ ਦੂਰੋਂ ਹੀ ਪ੍ਰਭਾਵਿਤ ਕਰਦੀ ਹੈ। ਕਿਸੇ ਪਾਸਿਓਂ ਵੀ ਆਓ ਚੌੜੀਆਂ ਸੜਕਾਂ ਉੱਤੇ ਬਣੇ ਯਾਦਗਾਰੀ ਗੇਟ, ਸੁੰਦਰ ਇਮਾਰਤਾਂ ਇੱਕ ਵੱਖਰਾ ਹੀ ਨਜ਼ਾਰਾ ਪੇਸ਼ ਕਰਦੀਆਂ ਹਨ। ਨੇੜੇ ਹੀ ਵਗਦੀ ਭਾਖੜਾ ਨਹਿਰ, ਪੰਜਾਬ ਨੂੰ ਜਾਣ ਵਾਲ਼ੀਆਂ ਬਿਜਲੀ ਦੀਆਂ ਤਾਰਾਂ ਦੇ ਟਾਵਰਾਂ ਜਿਹੇ ਖੰਭੇ, ਇਸ ਦੀ ਬੁਲੰਦੀ ਨੂੰ ਸਿਖਰ 'ਤੇ ਪਹੁੰਚਾਉਂਦੇ ਹਨ। ਦੁੱਧ ਵਾਂਗ ਸਫ਼ੈਦ ਚਮਕਦਾ ਇਹ ਸ਼ਹਿਰ ਹਰ ਆਉਣ-ਜਾਣ ਵਾਲ਼ੇ ਉੱਤੇ ਆਪਣਾ ਵੱਖਰਾ ਹੀ ਪ੍ਰਭਾਵ ਛੱਡਦਾ ਹੈ।

ਸ੍ਰੀ ਅਨੰਦਪੁਰ ਸਾਹਿਬ ਤੋਂ ਨੈਣਾ ਦੇਵੀ ਦਾ ਮੰਦਰ ਵੀ ਬਹੁਤਾ ਦੂਰ ਨਹੀਂ ਹੈ। ਕੀਰਤਪੁਰ ਸਾਹਿਬ ਵੀ ਇਸੇ ਸੜਕ ਉੱਤੇ ਪਿਛਾਂਹ ਨੂੰ ਰੋਪੜ ਵੱਲ ਕੁਝ ਫ਼ਾਸਲੇ ਉੱਤੇ ਹੈ। ਇੱਥੋਂ ਹੀ ਕੁੱਲੂ-ਮਨਾਲੀ ਜਾਣ ਲਈ ਲੰਘਣਾ ਪੈਂਦਾ ਹੈ। ਅਗਾਂਹ ਨੰਗਲ ਸ਼ਹਿਰ ਹੈ, ਜਿੱਥੇ ਸੰਸਾਰ ਪ੍ਰਸਿੱਧ ਭਾਖੜਾ ਡੈਮ ਅਤੇ ਗੋਬਿੰਦ ਸਾਗਰ ਝੀਲ ਸਥਿਤ ਹੈ। ਇਸ ਸ਼ਹਿਰ ਦੇ ਉੱਤਰ ਵਾਲ਼ੇ ਪਾਸੇ ਕਲ-ਕਲ ਕਰਦਾ ਸਤਲੁਜ ਦਾ ਪਾਣੀ ਇਸ ਦੀ ਸੁੰਦਰਤਾ ਨੂੰ ਚਾਰ-ਚੰਨ ਲਾਉਂਦਾ ਹੈ। ਸ੍ਰੀ ਅਨੰਦਪੁਰ ਸਾਹਿਬ ਕੁਦਰਤੀ ਸੁਹੱਪਣ ਦੇ ਨਾਲ਼ ਭਰਪੂਰ ਹੈ। ਸਮਾਜ-ਸੇਵੀ ਸੰਸਥਾਵਾਂ ਅਤੇ ਸਰਕਾਰ ਇਸ ਨੂੰ ਨਮੂਨੇ ਦਾ ਸ਼ਹਿਰ ਬਣਾਉਣ ਲਈ ਯਤਨਸ਼ੀਲ ਹਨ।

**ਫ਼ਾਸਲੇ**—ਦੂਰੀ (distance)। **ਚਾਰ-ਚੰਨ ਲਾਉਣਾ**—ਸੁੰਦਰਤਾ ਵਧਾਉਣਾ (to enhance beauty)।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਕਿਸ ਨੇ ਵਸਾਇਆ ਸੀ ?

ਸ੍ਰੀ ਗੁਰੂ ਨਾਨਕ ਦੇਵ ਜੀ ਨੇ ☐ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ☐

ਸ੍ਰੀ ਗੁਰੂ ਰਾਮ ਦਾਸ ਜੀ ਨੇ ☐ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ☐

(ਅ) ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਦਾ ਪਹਿਲਾ ਨਾਂ ਕੀ ਸੀ ?

ਸੀਤਾਪੁਰ ☐ ਅਨੰਦਗੜ੍ਹ ☐ ਰਾਮਪੁਰ ☐ ਚੱਕ ਨਾਨਕੀ ☐

(ੲ) ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਹੜਾ ਤਿਉਹਾਰ ਧੂਮ-ਧਾਮ ਨਾਲ਼ ਮਨਾਇਆ ਜਾਂਦਾ ਹੈ ?

ਲੋਹੜੀ ☐ ਵਿਸਾਖੀ ☐ ਦੀਵਾਲੀ ☐ ਹੋਲਾ ਮਹੱਲਾ ☐

(ਸ) ਸ੍ਰੀ ਅਨੰਦਪੁਰ ਸਾਹਿਬ ਕਿਸ ਦਰਿਆ ਦੇ ਕੰਢੇ ਵੱਸਿਆ ਹੋਇਆ ਹੈ ?

ਬਿਆਸ ☐ ਰਾਵੀ ☐ ਸਤਲੁਜ ☐ ਜਿਹਲਮ ☐

(ਹ) ਸ੍ਰੀ ਅਨੰਦਪੁਰ ਸਾਹਿਬ ਵਿਖੇ ਕਿਹੜਾ ਪ੍ਰਸਿੱਧ ਕਿਲ੍ਹਾ ਹੈ ?

ਲੋਹਗੜ੍ਹ ☐ ਫਤਹਿਗੜ੍ਹ ☐ ਰਾਮਗੜ੍ਹ ☐ ਅਨੰਦਗੜ੍ਹ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਖ਼ਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਕਦੋਂ ਮਨਾਈ ਗਈ ਸੀ ?

ਉੱਤਰ ..........................................................................................

(ਅ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ਼ ਰੱਖਿਆ ਦੀ ਪੁਕਾਰ ਕਰਨ ਕੌਣ ਆਏ ਸਨ ?

ਉੱਤਰ ..........................................................................................

(ੲ) ਖ਼ਾਲਸਾ ਪੰਥ ਦੀ ਸਾਜਨਾ ਕਿਸ ਨੇ ਅਤੇ ਕਦੋਂ ਕੀਤੀ ਸੀ ?

ਉੱਤਰ ..........................................................................................

(ਸ) ਸ੍ਰੀ ਅਨੰਦਪੁਰ ਸਾਹਿਬ ਨੇੜੇ ਕਿਹੜਾ ਪ੍ਰਸਿੱਧ ਮੰਦਰ ਹੈ ?

ਉੱਤਰ ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਸ੍ਰੀ ਅਨੰਦਪੁਰ ਸਾਹਿਬ ਵਿੱਚ ਕਿਹੜੇ-ਕਿਹੜੇ ਇਤਿਹਾਸਿਕ ਗੁਰਦੁਆਰੇ ਹਨ ?

ਉੱਤਰ ..........................................................................................

..........................................................................................

(ਅ) ਖ਼ਾਲਸਾ ਪੰਥ ਦੀ ਸਥਾਪਨਾ ਕਦੋਂ ਅਤੇ ਕਿਸ ਨੇ ਕੀਤੀ ? ਇਹ ਸਥਾਪਨਾ ਕਿੱਥੇ ਕੀਤੀ ਗਈ ?

ਉੱਤਰ ..........................................................................................

..........................................................................................

(ੲ) 'ਵਿਰਾਸਤ-ਏ-ਖ਼ਾਲਸਾ' ਅਜਾਇਬ-ਘਰ ਦਾ ਕੀ ਮਹੱਤਵ ਹੈ ? ਇਸ ਨੂੰ ਆਮ ਜਨਤਾ ਲਈ ਕਦੋਂ ਖੋਲ੍ਹਿਆ ਗਿਆ ?

ਉੱਤਰ ..........................................................................................

..........................................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਹੇਠਾਂ ਦਿੱਤੇ ਵਾਕਾਂ ਵਿਚਲੀਆਂ ਖ਼ਾਲੀ ਥਾਵਾਂ ਭਰੋ :**

(ਰੌਣਕ, ਭਾਖੜਾ, ਇਤਿਹਾਸਿਕ, ਵਿਰਾਸਤ-ਏ-ਖ਼ਾਲਸਾ, ਪੰਜ)

(ੳ) ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦਾ ਪ੍ਰਸਿੱਧ ..................... ਸ਼ਹਿਰ ਹੈ।

(ਅ) ਉਹਨਾਂ ਨੇ ਭਰੇ ਦੀਵਾਨ ਵਿੱਚੋਂ ..................... ਪਿਆਰਿਆਂ ਦੀ ਚੋਣ ਕੀਤੀ।

(ੲ) ਸਾਰਾ ਸਾਲ ..................... ਲੱਗੀ ਰਹਿੰਦੀ ਹੈ।

(ਸ) ..................... ਅਜਾਇਬ-ਘਰ ਵੇਖਣ ਯੋਗ ਹੈ।

(ਹ) ਸੰਸਾਰ ਪ੍ਰਸਿੱਧ ..................... ਡੈਮ ਇੱਥੋਂ ਨੇੜੇ ਹੀ ਹੈ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| ਨਮੂਨੇ | — | ਭਾਰਤੀ ਸੈਨਿਕਾਂ ਨੇ ਯੁੱਧ ਵਿੱਚ ਬਹਾਦਰੀ ਦੇ ਨਮੂਨੇ ਪੇਸ਼ ਕੀਤੇ। (ਉਦਾਹਰਨ) |
| ਕੀਰਤਨ | — | .............................................................................. |
| ਕਰਤਬ | — | .............................................................................. |
| ਰਵਾਨਾ | — | .............................................................................. |
| ਮਾਣਤਾ | — | .............................................................................. |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਸ੍ਰੀ ਅਨੰਦਪੁਰ ਸਾਹਿਬ ਰੋਪੜ ਤੋਂ ਨੰਗਲ ਜਾਣ ਵਾਲ਼ੀ ਸੜਕ ਉੱਤੇ ਸਥਿਤ ਹੈ। ☐

(ਅ) ਕਿਲ੍ਹਾ ਅਨੰਦਗੜ੍ਹ ਸ੍ਰੀ ਗੁਰੂ ਤੇਗ਼ ਬਹਾਦਰ ਜੀ ਨੇ ਬਣਵਾਇਆ ਸੀ। ☐

(ੲ) ਸ੍ਰੀ ਕੇਸਗੜ੍ਹ ਸਾਹਿਬ ਸਿੱਖਾਂ ਦੇ ਪੰਜ ਤਖ਼ਤਾਂ ਵਿੱਚੋਂ ਇੱਕ ਤਖ਼ਤ ਹੈ। ☐

(ਸ) ਸ੍ਰੀ ਅਨੰਦਪੁਰ ਸਾਹਿਬ ਵਿਖੇ 13 ਮਾਰਚ, 1999 ਈ ਨੂੰ ਖ਼ਾਲਸਾ ਪੰਥ ਦੀ ਤ੍ਰੈ-ਸ਼ਤਾਬਦੀ ਮਨਾਈ ਗਈ ਸੀ। ☐

(ਹ) ਸ੍ਰੀ ਅਨੰਦਪੁਰ ਸਾਹਿਬ ਦੇ ਨੇੜੇ ਹੀ ਸਤਲੁਜ ਦਰਿਆ ਵਹਿੰਦਾ ਹੈ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਸ੍ਰੀ ਅਨੰਦਪੁਰ ਸਾਹਿਬ ਧਾਰਮਿਕ ਤੇ ਇਤਿਹਾਸਿਕ ਪੱਖੋਂ ਬਹੁਤ ਹੀ ਮਹੱਤਵਪੂਰਨ ਸ਼ਹਿਰ ਹੈ। ਇੱਥੇ ਹੀ ਕਸ਼ਮੀਰੀ ਪੰਡਤ ਆਪਣੀ ਦੁੱਖ ਭਰੀ ਫ਼ਰਿਆਦ ਲੈ ਕੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਰਨ ਵਿੱਚ ਆਏ ਸਨ। ਇੱਥੋਂ ਹੀ ਸ੍ਰੀ ਗੁਰੂ ਤੇਗ਼ ਬਹਾਦਰ ਜੀ, ਔਰੰਗਜ਼ੇਬ ਦੇ ਅੱਤਿਆਚਾਰਾਂ ਦੇ ਖ਼ਿਲਾਫ਼ ਸ਼ਹੀਦੀ ਦੇਣ ਲਈ ਦਿੱਲੀ ਲਈ ਰਵਾਨਾ ਹੋਏ ਸਨ। ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਭਾਈ ਜੈਤਾ ਜੀ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਹੀ ਪਹੁੰਚੇ ਸਨ। ਸੀਸ ਦਾ ਸਸਕਾਰ ਵੀ ਸ੍ਰੀ ਅਨੰਦਪੁਰ ਸਾਹਿਬ ਹੀ ਕੀਤਾ ਗਿਆ ਸੀ। ਜਿਸ ਥਾਂ 'ਤੇ ਗੁਰੂ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਸੀ ਉਸ ਥਾਂ ਗੁਰਦੁਆਰਾ ਸੀਸ ਗੰਜ ਸਾਹਿਬ ਸੁਸ਼ੋਭਿਤ ਹੈ।

(ੳ) ਕਿਹੜਾ ਸ਼ਹਿਰ ਇਤਿਹਾਸਿਕ ਪੱਖੋਂ ਬਹੁਤ ਮਹੱਤਵਪੂਰਨ ਹੈ।

ਰੋਪੜ ☐ ਨੰਗਲ ☐

ਸ੍ਰੀ ਅੰਨਦਪੁਰ ਸਾਹਿਬ ☐ ਊਨਾ ☐

(ਅ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਕੋਲ਼ ਆਪਣੀ ਦੁਖ ਭਰੀ ਫ਼ਰਿਆਦ ਕੌਣ ਲੈ ਕੇ ਆਏ ਸਨ ?

ਕਸ਼ਮੀਰੀ ਪੰਡਤ ☐ ਪੰਜਾਬੀ ਪੰਡਤ ☐ ਮੁਗ਼ਲ ☐ ਹਿਮਾਚਲੀ ਪੰਡਤ ☐

(ੲ) ਔਰੰਗਜ਼ੇਬ ਦੇ ਅੱਤਿਆਚਾਰਾਂ ਦੇ ਖਿਲਾਫ਼ ਸ੍ਰੀ ਗੁਰੂ ਤੇਗ਼ ਬਹਾਦਰ ਜੀ ਸ਼ਹੀਦੀ ਦੇਣ ਲਈ ਕਿਹੜੇ ਸ਼ਹਿਰ ਵੱਲ ਰਵਾਨਾ ਹੋਏ ?

ਦਿੱਲੀ ☐ ਸ੍ਰੀ ਅਨੰਦਪੁਰ ਸਾਹਿਬ ☐

ਰੋਪੜ ☐ ਅੰਮ੍ਰਿਤਸਰ ☐

(ਸ) ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਕੌਣ ਗੁਰੂ ਜੀ ਦਾ ਸੀਸ ਲੈ ਕੇ ਸ੍ਰੀ ਅਨੰਦਪੁਰ ਸਾਹਿਬ ਪਹੁੰਚੇ ?

ਗੁਰੂ ਜੀ ਦੇ ਸਿੰਘ ☐ ਭਾਈ ਜੈਤਾ ਜੀ ☐

ਕਸ਼ਮੀਰੀ ਪੰਡਤ ☐ ਸਿਪਾਹੀ ☐

(ਹ) ਜਿੱਥੇ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ ਸੀਸ ਦਾ ਸਸਕਾਰ ਕੀਤਾ ਗਿਆ ਉੱਥੇ ਅੱਜ-ਕੱਲ੍ਹ ਕਿਹੜਾ ਗੁਰਦੁਆਰਾ ਸੁਸ਼ੋਭਿਤ ਹੈ ?

ਗੁਰਦੁਆਰਾ ਰਕਾਬ ਗੰਜ ☐ ਗੁਰਦੁਆਰਾ ਸੀਸ ਗੰਜ ☐

ਗੁਰੂ ਕਾ ਲਾਹੌਰ ☐ ਗੁਰਦੁਆਰਾ ਬਾਬਾ ਅਟੱਲ ☐




**1. ਪਾਠ ਵਿੱਚੋਂ ਪੰਜ ਪੜਨਾਂਵ ਸ਼ਬਦ ਚੁਣ ਕੇ ਲਿਖੋ :**

....................................................................................................

2. ਹੇਠਾਂ ਲਿਖੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਸਾਹਮਣੇ ਲਿਖੋ—

(ੳ) ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦਾ ਇਤਿਹਾਸਿਕ ਸ਼ਹਿਰ ਹੈ।

(ਅ) ਔਰੰਗਜ਼ੇਬ ਇੱਕ ਅੱਤਿਆਚਾਰੀ ਸ਼ਾਸਕ ਸੀ।

(ੲ) ਗੁਰੂ ਜੀ ਨੇ ਸੰਗਤਾਂ ਦਾ ਭਾਰੀ ਇਕੱਠ ਸੱਦਿਆ।

(ਸ) ਥਾਂ-ਥਾਂ ਗੁਰੂ ਕਾ ਅਟੁੱਟ ਲੰਗਰ ਚੱਲਦਾ ਹੈ।

(ਹ) ਸੁੰਦਰ ਇਮਾਰਤਾਂ ਇੱਕ ਵੱਖਰਾ ਨਜ਼ਾਰਾ ਪੇਸ਼ ਕਰਦੀਆਂ ਹਨ।



## ਯੋਗਤਾ ਵਿਸਤਾਰ

- ਇਸ ਪਾਠ ਵਿੱਚ ਪੰਜਾਬ ਦੇ ਇੱਕ ਇਤਿਹਾਸਿਕ ਸ਼ਹਿਰ ਸ੍ਰੀ ਅਨੰਦਪੁਰ ਸਾਹਿਬ ਬਾਰੇ ਜਾਣਕਾਰੀ ਦਿੱਤੀ ਗਈ ਹੈ। ਤੁਸੀਂ ਆਪਣੇ ਸ਼ਹਿਰ ਬਾਰੇ ਕੁਝ ਵਿਸ਼ੇਸ਼ ਗੱਲਾਂ ਲਿਖੋ।



## ਅਧਿਆਪਕ ਲਈ

- ਅਧਿਆਪਕ ਬੱਚਿਆਂ ਨੂੰ ਦੱਸਣ ਕਿ ਇਤਿਹਾਸਿਕ ਸ਼ਹਿਰਾਂ ਦੀ ਕੀ ਮਹੱਤਤਾ ਹੁੰਦੀ ਹੈ।
- ਸ੍ਰੀ ਅਨੰਦਪੁਰ ਸਾਹਿਬ ਪੰਜਾਬ ਦੇ ਇਤਿਹਾਸ ਅਤੇ ਸੱਭਿਆਚਾਰ ਨਾਲ਼ ਜੁੜਿਆ ਸ਼ਹਿਰ ਹੈ। ਅਧਿਆਪਕ ਹੋ ਸਕੇ ਤਾਂ ਬੱਚਿਆਂ ਨੂੰ ਸ੍ਰੀ ਅਨੰਦਪੁਰ ਸਾਹਿਬ ਦਿਖਾਉਣ ਜਾਂ ਇੰਟਰਨੈੱਟ ਤੋਂ ਸ੍ਰੀ ਅਨੰਦਪੁਰ ਸਾਹਿਬ ਦੀਆਂ ਫੋਟੋਆਂ ਦਿਖਾਉਣ।



8 ਪਾਠ

# ਪਾਣੀ

## ਪਾਠ ਬਾਰੇ ਚਰਚਾ

- ਕੀ ਪਾਣੀ ਤੋਂ ਬਿਨਾਂ ਜੀਵਨ ਸੰਭਵ ਹੈ ?

ਪਾਣੀ ਹਾਂ ਮੈਂ ਪਾਣੀ ਹਾਂ,
ਸਭ ਦਾ ਜੀਵਨ ਦਾਨੀ ਹਾਂ।


ਨਾਲ਼ ਤਪਸ਼ ਦੇ ਉੱਡਦਾ ਹਾਂ,
ਅੰਬਰ ਵਿੱਚ ਜਾ ਪੁੱਜਦਾ ਹਾਂ।
ਬੱਦਲ਼ ਬਣ-ਬਣ ਆਉਂਦਾ ਹਾਂ,
ਕਣੀਆਂ ਮੀਂਹ ਵਰਸਾਉਂਦਾ ਹਾਂ।

ਉੱਚ ਪਹਾੜੀਂ ਚੜ੍ਹਦਾ ਹਾਂ,
ਬਰਫ਼ਾਂ ਬਣ ਕੇ ਖੜ੍ਹਦਾ ਹਾਂ।
ਨਦੀਆਂ ਦੇ ਵਿੱਚ ਵਹਿੰਦਾ ਹਾਂ,
ਕਲ਼-ਕਲ਼ ਕਰਦਾ ਰਹਿੰਦਾ ਹਾਂ।

ਝੀਲਾਂ ਝਰਨੇ ਸਾਗਰ 'ਚੋਂ,
ਘੜੇ ਸੁਰਾਹੀਆਂ ਗਾਗਰ 'ਚੋਂ।
ਸਭ ਦੀ ਪਿਆਸ ਬੁਝਾਉਂਦਾ ਹਾਂ,
ਜਿੰਦ ਨਵੀਂ ਧੜਕਾਉਂਦਾ ਹਾਂ।



ਪੰਛੀ ਪਿਆਰੇ ਪਿਆਰੇ ਨੇ,
ਜੰਗਲ਼ੀ ਜੀਵ ਨਿਆਰੇ ਨੇ।



ਹਰਾ-ਭਰਾ ਜੋ ਜੰਗਲ਼ ਹੈ,
ਗਾਉਂਦਾ ਮੇਰਾ ਮੰਗਲ਼ ਹੈ।
ਫੁੱਲ, ਬੂਟੇ, ਘਾਹ ਹਰੇ-ਹਰੇ,
ਪਾਣੀ ਸੰਗ ਸਭ ਭਰੇ-ਭਰੇ।
ਧਰਤੀ ਅੰਨ ਉਗਾਉਂਦੀ ਹੈ,
ਗੀਤ ਮੇਰੇ ਹੀ ਗਾਉਂਦੀ ਹੈ।

ਪਾਣੀ ਹਾਂ ਮੈਂ ਪਾਣੀ ਹਾਂ,
ਸਭ ਦਾ ਜੀਵਨ ਦਾਨੀ ਹਾਂ।

ਤਪਸ਼—ਗਰਮੀ (heat)। ਅੰਬਰ—ਅਕਾਸ਼ (sky)। ਕਲ਼-ਕਲ਼ ਕਰਨਾ—ਝਰਨੇ ਤੋਂ ਪਾਣੀ ਡਿੱਗਣ ਦੀ ਅਵਾਜ਼ (sound of falling water from a waterfall)। ਝਰਨਾ—ਪਾਣੀ ਦਾ ਚਸ਼ਮਾ (kind of waterfall)। ਸੁਰਾਹੀ—ਧਾਤ, ਕੱਚ ਜਾਂ ਮਿੱਟੀ ਦੀ ਝੱਜਰ (ਜਿਸ ਵਿੱਚ ਪਾਣੀ ਰੱਖਿਆ ਜਾਂਦਾ ਹੈ) (a long necked pitcher made of glass or sand)। ਗਾਗਰ—ਪਾਣੀ ਸਾਂਭਣ ਵਾਲ਼ਾ ਧਾਤ ਦਾ ਭਾਂਡਾ (metallic pitcher for storing water)। ਜਿੰਦ—ਜ਼ਿੰਦਗੀ (life)। ਨਿਆਰੇ—ਅਨੋਖੇ (unique)। ਮੰਗਲ਼—ਖ਼ੁਸ਼ੀ ਦਾ ਗੀਤ (song of happiness)। ਸੰਗ—ਨਾਲ਼ (with)।

## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਸਹੀ (✓) ਦਾ ਨਿਸ਼ਾਨ ਲਗਾਓ :**

(ੳ) ਪਾਠ ਅਨੁਸਾਰ ਸਭ ਦਾ ਜੀਵਨ ਦਾਨੀ ਕੌਣ ਹੈ ?

ਹਵਾ ☐ ਧਰਤੀ ☐ ਬੱਦਲ਼ ☐ ਪਾਣੀ ☐

(ਅ) ਪਾਣੀ ਆਕਾਸ਼ ਵਿੱਚ ਕਿਵੇਂ ਪਹੁੰਚ ਜਾਂਦਾ ਹੈ ?

ਉੱਡ ਕੇ ☐ ਠੰਢ ਨਾਲ਼ ☐ ਤਪਸ਼ ਨਾਲ਼ ☐ ਘੁੰਮ ਕੇ ☐

(ੲ) ਕਿਹੜਾ ਪਾਣੀ ਦਾ ਕੁਦਰਤੀ ਭੰਡਾਰ ਨਹੀਂ ਹੈ ?

ਸਾਗਰ ☐ ਝੀਲ ☐ ਟੋਭਾ ☐ ਫਰਿੱਜ ☐

(ਸ) ਹਰਾ-ਭਰਾ ਜੰਗਲ ਕਿਸਦੇ ਗੁਣ ਗਾਉਂਦਾ ਹੈ ?

ਕਵੀ ਦੇ ☐ ਹਵਾ ਦੇ ☐ ਪੰਛੀਆਂ ਦੇ ☐ ਪਾਣੀ ਦੇ ☐

(ਹ) ਸਾਡੇ ਲਈ ਅੰਨ ਕੌਣ ਉਗਾਉਂਦਾ ਹੈ ?

ਧਰਤੀ ☐ ਬੱਦਲ਼ ☐ ਦਰਿਆ ☐ ਦੁਕਾਨਦਾਰ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਬੱਦਲ਼ ਕਿਵੇਂ ਬਣਦੇ ਹਨ ?

ਉੱਤਰ ..............................................................................................

(ਅ) ਉੱਚੇ ਪਹਾੜਾਂ 'ਤੇ ਚੜ੍ਹ ਕੇ ਬੱਦਲ਼ ਕੀ ਬਣ ਜਾਂਦਾ ਹੈ ?

ਉੱਤਰ ..............................................................................................

(ੲ) ਪਾਣੀ ਸਾਰਿਆਂ ਵਿੱਚ ਨਵੀਂ ਜਿੰਦ ਕਿਵੇਂ ਧੜਕਾਉਂਦਾ ਹੈ ?

ਉੱਤਰ ..............................................................................................

(ਸ) ਇਸ ਧਰਤੀ ਉੱਤੇ ਪਾਣੀ ਕੀਹਦੇ-ਕੀਹਦੇ ਕੰਮ ਆਉਂਦਾ ਹੈ ?

ਉੱਤਰ ..............................................................................................

**3. ਕਵਿਤਾ ਅਨੁਸਾਰ ਪੰਕਤੀਆਂ ਪੂਰੀਆਂ ਕਰੋ :**

(ੳ) ਬੱਦਲ਼ ਬਣ-ਬਣ ਆਉਂਦਾ ਹਾਂ,

..................................................

(ਅ) ਸਭ ਦੀ ਪਿਆਸ ਬੁਝਾਉਂਦਾ ਹਾਂ,

..................................................

(ੲ) ਹਰਾ-ਭਰਾ ਜੋ ਜੰਗਲ਼ ਹੈ,

..................................................

(ਸ) ਧਰਤੀ ਅੰਨ ਉਗਾਉਂਦੀ ਹੈ,

..................................................

**4. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਪਾਣੀ | — | ਪਾਣੀ ਪੀਣ ਨਾਲ਼ ਪਿਆਸ ਬੁੱਝ ਜਾਂਦੀ ਹੈ। (ਉਦਾਹਰਨ) |
| (ਅ) ਮੀਂਹ | — | ........................................ |
| (ੲ) ਪਿਆਸ | — | ........................................ |
| (ਸ) ਸਾਗਰ | — | ........................................ |
| (ਹ) ਪੰਛੀ | — | ........................................ |

**5. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਪਾਣੀ ਸਭ ਦੀ ਪਿਆਸ ਬੁਝਾਉਂਦਾ ਹੈ। ☐

(ਅ) ਪਾਣੀ ਨੂੰ ਘੜਿਆਂ, ਸੁਰਾਹੀਆਂ ਅਤੇ ਗਾਗਰਾਂ ਵਿੱਚ ਸੰਭਾਲਿਆ ਜਾਂਦਾ ਹੈ। ☐

(ੲ) ਪਾਣੀ ਤੋਂ ਬਿਨਾਂ ਵੀ ਜੰਗਲ ਹਰਾ-ਭਰਾ ਰਹਿ ਸਕਦਾ ਹੈ। ☐

(ਸ) ਪਾਣੀ ਸਭ ਨੂੰ ਜੀਵਨ ਦੇਣ ਵਾਲ਼ਾ ਹੈ। ☐

(ਹ) ਸਾਰੀ ਬਨਸਪਤੀ ਪਾਣੀ ਉੱਤੇ ਨਿਰਭਰ ਹੈ। ☐

**6. ਹੇਠਾਂ ਦਿੱਤੀ ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਪਾਣੀ ਹਾਂ ਮੈਂ ਪਾਣੀ ਹਾਂ,
ਸਭ ਦਾ ਜੀਵਨ ਦਾਨੀ ਹਾਂ।

ਨਾਲ਼ ਤਪਸ਼ ਦੇ ਉੱਡਦਾ ਹਾਂ,
ਅੰਬਰ ਵਿੱਚ ਜਾ ਪੁੱਜਦਾ ਹਾਂ।
ਬੱਦਲ਼ ਬਣ-ਬਣ ਆਉਂਦਾ ਹਾਂ,
ਕਣੀਆਂ ਮੀਂਹ ਵਰਸਾਉਂਦਾ ਹਾਂ।

ਉੱਚ ਪਹਾੜੀਂ ਚੜ੍ਹਦਾ ਹਾਂ,
ਬਰਫ਼ਾਂ ਬਣ ਕੇ ਖੜ੍ਹਦਾ ਹਾਂ।
ਨਦੀਆਂ ਦੇ ਵਿੱਚ ਵਹਿੰਦਾ ਹਾਂ,
ਕਲ਼-ਕਲ਼ ਕਰਦਾ ਰਹਿੰਦਾ ਹਾਂ।

(ੳ) ਸਭ ਦਾ ਜੀਵਨ ਦਾਨੀ ਕੌਣ ਹੈ ?

ਹਵਾ ☐ ਰੁੱਖ ☐ ਪਾਣੀ ☐ ਧਰਤੀ ☐

(ਅ) ਪਾਣੀ ਕਿਸ ਨਾਲ਼ ਉੱਡ ਜਾਂਦਾ ਹੈ ?

ਠੰਢ ਨਾਲ਼ ☐ ਤਪਸ਼ ਨਾਲ਼ ☐ ਹਵਾ ਨਾਲ਼ ☐ ਤੂਫ਼ਾਨ ਨਾਲ਼ ☐

(ੲ) ਉੱਡਿਆ ਹੋਇਆ ਪਾਣੀ ਕੀ ਬਣ ਕੇ ਆਉਂਦਾ ਹੈ ?

ਬੱਦਲ਼ ☐ ਪਾਣੀ ☐ ਹਨੇਰੀ ☐ ਝੱਖੜ ☐

(ਸ) ਉੱਚੇ ਪਹਾੜਾਂ 'ਤੇ ਪਾਣੀ ਕੀ ਬਣ ਕੇ ਖੜ੍ਹਦਾ ਹੈ ?

ਰੁੱਖ ☐ ਬਰਫ਼ ☐ ਮੀਂਹ ☐ ਬੱਦਲ਼ ☐

(ਹ) ਨਦੀਆਂ ਵਿੱਚ ਪਾਣੀ ਕੀ ਕਰਦਾ ਵਹਿੰਦਾ ਹੈ ?

ਚਲ-ਚਲ ☐ ਦਲ-ਦਲ ☐ ਕਲ਼-ਕਲ਼ ☐ ਰੁਕ-ਰੁਕ ☐




**1. ਹੇਠਾਂ ਦਿੱਤੇ ਸਮਾਨ ਅਰਥਾਂ ਵਾਲ਼ੇ ਸ਼ਬਦਾਂ ਦੀਆਂ ਟੋਲੀਆਂ ਵਿੱਚ ਬੇਮੇਲ ਸ਼ਬਦ ਉੱਤੇ ਗੋਲ਼ਾ ਲਗਾਓ :**

ਪਾਣੀ — ਜਲ / (ਸ਼ਰਬਤ) / ਨੀਰ

ਭਲਾ — ਸਾਊ / ਬੁਰਾ / ਨੇਕ

ਉੱਦਮੀ — ਮਿਹਨਤੀ / ਕਾਮਾ / ਵਿਹਲੜ

ਕਾਹਲੀ — ਜਲਦੀ / ਆਰਾਮ / ਤੇਜ਼

ਸਦਾ — ਹਮੇਸ਼ਾਂ / ਹਰ ਵੇਲੇ / ਹਰ ਰੋਜ਼

**2. ਹੇਠ ਲਿਖੇ ਅਸ਼ੁੱਧ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ :**

ਪਾਨੀ — ਪਾਣੀ

ਪਯਾਰੇ — ..............................

ਨਦਿਯਾਂ — ..............................

ਅੱਨ — ..............................

ਪਯਾਸ — ..............................


ਫੂਲ — ..............................

ਪਕਸ਼ੀ — ..............................



## ਯੋਗਤਾ ਵਿਸਤਾਰ

✤ ਪਾਣੀ ਦੇ ਵੱਖ-ਵੱਖ ਸੋਮਿਆਂ ਬਾਰੇ ਤੁਸੀਂ ਸੁਣਿਆ ਹੋਵੇਗਾ, ਜਿਵੇਂ ਨਦੀ, ਦਰਿਆ, ਸਮੁੰਦਰ ਆਦਿ। ਪਾਣੀ ਦੇ ਕੋਈ ਪੰਜ ਸੋਮਿਆਂ ਦੀਆਂ ਤਸਵੀਰਾਂ ਆਪਣੀ ਸਕਰੈਪ ਕਾਪੀ ਵਿੱਚ ਲਗਾਓ।



## ਅਧਿਆਪਕ ਲਈ

✤ ਇਹ ਪਾਠ ਪੜ੍ਹਾਉਂਦਿਆਂ ਵਿਦਿਆਰਥੀਆਂ ਦੇ ਧਿਆਨ ਵਿੱਚ ਇਹ ਨੁਕਤੇ ਲਿਆਉਣੇ ਜ਼ਰੂਰੀ ਹਨ :

**ਪਹਿਲਾ** : ਲੋਕੀਂ ਪਾਣੀ ਕਿਵੇਂ ਵਿਅਰਥ ਗੁਆਉਂਦੇ ਹਨ।

**ਦੂਜਾ** : ਸਾਡਾ ਵਰਤੋਂ ਯੋਗ ਪਾਣੀ ਕਿਵੇਂ ਦੂਸ਼ਿਤ ਹੁੰਦਾ ਹੈ।

**ਤੀਜਾ** : ਪਾਣੀ ਦੀ ਠੀਕ ਸੰਭਾਲ ਅਤੇ ਸੁਚੱਜੀ ਵਰਤੋਂ ਕਿਵੇਂ ਹੋ ਸਕਦੀ ਹੈ।

ਬੱਚਿਆਂ ਅੱਗੇ ਇਹ ਪ੍ਰਸ਼ਨ ਵੀ ਰੱਖਿਆ ਜਾ ਸਕਦਾ ਹੈ ਕਿ ਜੇ ਧਰਤੀ ਉੱਤੇ ਪਾਣੀ ਮੁੱਕ ਜਾਵੇ ਤਾਂ ਕੀ ਹੋਵੇਗਾ ?



ਪਾਠ 9

# ਦੋ ਖਜੂਰਾਂ

## ਪਾਠ ਬਾਰੇ ਚਰਚਾ

- ਕੀ ਤੁਸੀਂ ਖਜੂਰਾਂ ਖਾਧੀਆਂ ਹਨ ?
- ਕੀ ਤੁਸੀਂ ਕਦੇ ਕੋਈ ਰੁੱਖ ਲਾਇਆ ਹੈ ?

**ਰੁੱਖ**—ਦਰਖ਼ਤ (tree)। **ਓਪਰੀ**—ਪਰਾਈ (stranger)। **ਅਣਿਆਈ ਮੌਤ**—ਸਮੇਂ ਤੋਂ ਪਹਿਲਾਂ ਆਈ ਮੌਤ (uncertain death)।

ਉਹ ਖਜੂਰਾਂ ਦੋ ਸਨ।

ਇੱਕ ਖਜੂਰ ਲੰਮੀ ਸੀ ਤੇ ਦੂਸਰੀ ਕੁਝ ਨਿੱਕੀ।

ਉਹ ਦੋਵੇਂ ਚੰਡੀਗੜ੍ਹ ਦੀ ਇੱਕ ਕੋਠੀ ਦੇ ਬਾਹਰ ਉੱਗੀਆਂ ਹੋਈਆਂ ਸਨ। ਪਰ ਉੱਥੇ ਉਹ ਆਪੇ ਨਹੀਂ ਸਨ ਉੱਗੀਆਂ।

ਉਦੋਂ ਚੰਡੀਗੜ੍ਹ ਹਾਲੇ ਪੂਰਾ ਵੱਸਿਆ ਨਹੀਂ ਸੀ। ਉਹ ਦੋਵੇਂ ਖਜੂਰਾਂ ਬਤਾਲ਼ੀ ਸੈਕਟਰ ਦੀ ਉਜਾੜ ਵਿੱਚ ਉੱਗੀਆਂ ਹੋਈਆਂ ਸਨ।

ਨਵਰਾਜ ਸਿੰਘ ਨੇ ਲੰਘਦਿਆਂ, ਆਉਂਦਿਆਂ ਉਹਨਾਂ ਖਜੂਰਾਂ ਨੂੰ ਵੇਖਿਆ ਸੀ। ਖਜੂਰਾਂ ਹਰ ਵਾਰ ਕੁਝ ਆਖਦੀਆਂ ਪ੍ਰਤੀਤ ਹੁੰਦੀਆਂ ਸਨ। ਨਵਰਾਜ ਸਿੰਘ ਨੇ ਸੋਚ ਲਿਆ ਕਿ ਦੋਵੇਂ ਖਜੂਰਾਂ ਉਹਦੀ ਕੋਠੀ ਦਾ ਸ਼ਿੰਗਾਰ ਬਣਨਗੀਆਂ।

ਉਸ ਵੇਲ਼ੇ ਤੱਕ ਦੋਵੇਂ ਜੰਗਲ਼ੀ ਖਜੂਰਾਂ **ਰੁੱਖ** ਹੋ ਚੁੱਕੀਆਂ ਸਨ।

ਰੁੱਖਾਂ ਨੂੰ ਜੜ੍ਹਾਂ ਤੋਂ ਪੁੱਟ ਕੇ **ਓਪਰੀ** ਮਿੱਟੀ ਵਿੱਚ ਬੀਜ ਦੇਣਾ **ਅਣਿਆਈ ਮੌਤੇ** ਮਾਰਨ ਵਾਂਗੂੰ ਸੀ।

ਨਵਰਾਜ ਸਿੰਘ ਨੇ ਫੇਰ ਵੀ ਮਨ ਦੀ ਪੁਗਾ ਲਈ।

ਮਦਨ ਪੁਰ ਚੌਂਕ ਤੋਂ ਉਹਨੇ ਦੋ ਮਜ਼ਦੂਰਾਂ ਨੂੰ ਜੀਪ ਵਿੱਚ ਬਿਠਾ ਲਿਆ । ਉਹ ਬਤਾਲ਼ੀ ਸੈਕਟਰ ਦੀ ਉਜਾੜ ਵਿੱਚ ਪਹੁੰਚ ਗਏ।



ਖਜੂਰਾਂ ਦੁਆਲ਼ੇ ਟੋਆ ਪੁੱਟਦਿਆਂ ਦੋਵੇਂ ਮਜ਼ਦੂਰ ਹਫ ਗਏ। ਜੰਗਲ਼ੀ ਖਜੂਰਾਂ ਦੀਆਂ ਜੜ੍ਹਾਂ ਤਾਂ ਜਿਵੇਂ ਪਤਾਲ ਤੱਕ ਡੂੰਘੀਆਂ ਸਨ।

ਜਦੋਂ ਦੂਸਰੇ ਦਿਨ ਵੀ ਜੜ੍ਹਾਂ ਦਾ ਥਾਹ ਨਾ ਮਿਲ਼ਿਆ ਤਾਂ ਮਜ਼ਦੂਰਾਂ ਨੇ ਜੜ੍ਹਾਂ ਨੂੰ ਹੇਠੋਂ ਵੱਢ-ਟੁਕ ਕੇ ਖਜੂਰਾਂ ਨੂੰ ਟੋਇਆਂ ਤੋਂ ਬਾਹਰ ਖਿੱਚ ਲਿਆ।

ਦੋ ਰੁੱਖਾਂ ਨੂੰ ਜੀਪ ਵਿੱਚ ਲੱਦ ਕੇ ਕੋਠੀ ਤੱਕ ਲੈ ਕੇ ਜਾਣਾ ਸੰਭਵ ਨਹੀਂ ਸੀ।

ਉਹ ਦੋਵੇਂ ਖਜੂਰਾਂ ਤਿੰਨ ਦਿਨਾਂ ਤੱਕ ਟੋਇਆਂ ਤੋਂ ਬਾਹਰ ਲਾਵਾਰਸ ਪਈਆਂ ਰਹੀਆਂ। ਚੌਥੇ ਦਿਨ ਨਵਰਾਜ ਸਿੰਘ ਖਜੂਰਾਂ ਨੂੰ ਕਿਰਾਏ ਦੇ ਟਰੱਕ ਵਿੱਚ ਲੱਦ ਕੇ ਕੋਠੀ ਤੱਕ ਲੈ ਆਇਆ।

ਨਵਰਾਜ ਸਿੰਘ ਦਾ ਪੁੱਤਰ ਰਿਸ਼ਮ ਸਕੂਲ ਤੋਂ ਵਾਪਸ ਮੁੜਿਆ। ਉਹਨੇ ਗੇਟ ਦੇ ਨੇੜੇ ਖਜੂਰਾਂ ਦੇ ਰੁੱਖ ਪਏ ਹੋਏ ਵੇਖੇ। ਉਹਨੇ ਕਿਹਾ, "ਪਾਪਾ! ਇਹਨਾਂ ਰੁੰਡ-ਮੁੰਡ ਖਜੂਰਾਂ ਕੋਲ਼ੋਂ ਹਰਾ ਨਹੀਂ ਹੋਇਆ ਜਾਣਾ।"

ਨਵਰਾਜ ਸਿੰਘ ਨੇ ਹੱਸ ਕੇ ਜਵਾਬ ਦਿੱਤਾ, "ਇਹ ਦੋਵੇਂ ਖਜੂਰਾਂ ਜੜ੍ਹਾਂ ਫੜ ਲੈਣਗੀਆਂ, ਤੂੰ ਵੇਖ ਲਵੀਂ ਭਾਵੇਂ ।"

ਦੋ ਟੋਏ ਪੁਟਵਾ ਕੇ ਖਜੂਰਾਂ ਬੀਜ ਦਿੱਤੀਆਂ ਗਈਆਂ।

ਕੁਝ ਦਿਨਾਂ ਪਿੱਛੋਂ ਰਿਸ਼ਮ ਨੇ ਖਜੂਰਾਂ ਦੇ ਸਿਖਰ ਉੱਤੇ ਹਰਿਆਵਲ ਵੇਖੀ । ਉਹਨੇ ਰੌਲ਼ਾ ਪਾ ਕੇ ਸਾਰਿਆਂ ਨੂੰ ਦੱਸਿਆ, "ਖਜੂਰਾਂ ਜਿਊ ਪਈਆਂ ਨੇ।"

ਖਜੂਰਾਂ ਹੌਲ਼ੀ-ਹੌਲ਼ੀ ਵਧਣ-ਫੁੱਲਣ ਲੱਗ ਪਈਆਂ ਸਨ।

ਕੁਝ ਸਾਲਾਂ ਪਿੱਛੋਂ ਤਾਂ ਉਹ ਖਜੂਰਾਂ ਅਸਮਾਨ ਛੂਹਣ ਲੱਗ ਪਈਆਂ ਸਨ।

ਜਦੋਂ ਖਜੂਰਾਂ ਗੇਟ ਦੇ ਨਾਲ਼ ਬੀਜੀਆਂ ਗਈਆਂ ਸਨ, ਮਨ ਵਿੱਚ ਆਇਆ ਸਵਾਲ ਰਿਸ਼ਮ ਨੇ ਉਦੋਂ ਪੁੱਛਿਆ ਨਹੀਂ ਸੀ।

ਮੁਲਤਵੀ ਹੋਇਆ ਸਵਾਲ ਉਹਨੇ ਅਚਾਨਕ ਇੱਕ ਦਿਨ ਨਵਰਾਜ ਸਿੰਘ ਨੂੰ ਪੁੱਛ ਲਿਆ, "ਪਾਪਾ, ਵੱਢੀਆਂ, ਟੁੱਕੀਆਂ ਜੜ੍ਹਾਂ ਵਾਲ਼ੀਆਂ ਖਜੂਰਾਂ ਹਰੀਆਂ ਹੋ ਗਈਆਂ, ਇਹ ਤਾਂ ਨਿਰਾ ਜਾਦੂ ਸੀ, ਪਰ ਤੁਹਾਨੂੰ ਕਿਸ ਤਰ੍ਹਾਂ ਪਤਾ ਸੀ ਕਿ.......।"

ਨਵਰਾਜ ਸਿੰਘ ਪਹਿਲੋਂ ਹੱਸਿਆ ਤੇ ਫਿਰ ਗੰਭੀਰ ਹੋ ਗਿਆ, "ਸੱਚੀ ਦੱਸਾਂ! ਖਜੂਰਾਂ ਬਾਰੇ ਮੈਂ ਕੁਝ ਨਹੀਂ ਜਾਣਦਾ। ਜਦੋਂ ਕਦੀ ਵੀ ਮੈਂ ਬਤਾਲ਼ੀ ਸੈਕਟਰ ਦੇ ਵਿੱਚੋਂ ਦੀ ਲੰਘਦਾ ਸਾਂ ਤਾਂ ਇਹਨਾਂ ਦੋਹਾਂ ਖਜੂਰਾਂ ਨੂੰ ਵੇਖਦਾ ਸਾਂ। ਉੱਥੇ ਆਖ਼ਰਾਂ ਦੀ ਧੁੱਪ ਸੀ ਤੇ ਭੱਠੀ ਦੇ ਸੇਕ ਵਰਗਾ ਤਾਅ ਸੀ । ਉਹਨਾਂ ਖਜੂਰਾਂ ਦੇ ਨੇੜੇ-ਤੇੜੇ ਚੁਲ਼ੀ ਭਰ ਪਾਣੀ ਵੀ ਨਹੀਂ ਸੀ । ਉਹ ਫੇਰ ਵੀ ਸੜ-ਸੁੱਕ ਕੇ ਮਰੀਆਂ ਨਹੀਂ ਸਨ । ਉਹਨਾਂ ਦੇ ਜਿਊਣ ਦੀ ਇੱਛਾ ਕਮਾਲ ਸੀ। ਮੈਨੂੰ ਪਤਾ ਲੱਗ ਗਿਆ ਸੀ, ਉਹਨਾਂ ਖਜੂਰਾਂ ਨੂੰ ਹਰ ਹਾਲ ਵਿੱਚ ਜਿਊਣਾ ਆਉਂਦਾ ਸੀ ਭਾਵੇਂ ਜੜ੍ਹਾਂ ਕੱਟੀਆਂ ਹੋਈਆਂ ਹੀ ਹੋਣ ।"

**ਹਫ ਜਾਣਾ**—ਥੱਕ ਜਾਣਾ (tired)। **ਰੌਲ਼ਾ**—ਸ਼ੋਰ (noise)। **ਅਸਮਾਨ**—ਗਗਨ/ਅੰਬਰ (sky)। **ਸਵਾਲ**—ਪ੍ਰਸ਼ਨ (question)। **ਤਾਅ**—ਸੇਕ (heat)।



ਗਿਸ਼ਮ ਨੂੰ ਕਿੰਨੀ ਦੇਰ ਤੱਕ ਕੋਈ ਗੱਲ ਹੀ ਨਾ ਅਹੁੜੀ ।

ਅਹੁੜੀ—ਸੁੱਝੀ (come to mind) ।

ਨਵਰਾਜ ਸਿੰਘ ਨੇ ਪੁੱਤਰ ਦੇ ਉੱਤੋਂ ਦੀ ਬਾਂਹ ਵਲ੍ਹਾਅ ਦਿੱਤੀ, "ਔਹ ਵੇਖ! ਦੋਵੇਂ ਕਿਸ ਤਰ੍ਹਾਂ ਝੂਮ ਰਹੀਆਂ ਨੇ ਹੁਣ ।..... ਗੱਲ ਬੱਸ ਏਨੀ ਕੁ ਹੈ ਕਿ ਜਿਊਣ ਦਾ ਚਾਅ ਜਿਊਂਦਿਆਂ ਰੱਖਦਾ ਹੈ, ਖਜੂਰਾਂ ਨੂੰ ਵੀ ਤੇ ਬੰਦਿਆਂ ਨੂੰ ਵੀ ।"



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਖਜੂਰਾਂ ਕਿਹੜੇ ਸੈਕਟਰ ਵਿੱਚ ਉੱਗੀਆਂ ਸਨ ?

ਪੰਤਾਲ਼ੀ ☐ ਸੰਤਾਲ਼ੀ ☐ ਅਠਤਾਲ਼ੀ ☐ ਬਤਾਲ਼ੀ ☐

(ਅ) ਜੰਗਲ਼ੀ ਖਜੂਰਾਂ ਦੀਆਂ ਜੜ੍ਹਾਂ ਕਿੰਨੀਆਂ ਡੂੰਘੀਆਂ ਸਨ ?

ਪਤਾਲ ਤੱਕ ☐ ਜ਼ਮੀਨ ਤੱਕ ☐ ਧਰਾਤਲ ਤੱਕ ☐ ਰੁੱਖ ਦੇ ਤਣੇ ਤੱਕ ☐

(ੲ) ਨਵਰਾਜ ਸਿੰਘ ਦਾ ਪੁੱਤਰ ਕਿੱਥੋਂ ਵਾਪਸ ਆਇਆ ?

ਕਾਲਜ ਤੋਂ ☐ ਬਜ਼ਾਰ ਤੋਂ ☐ ਹੋਟਲ ਤੋਂ ☐ ਸਕੂਲ ਤੋਂ ☐

(ਸ) ਖਜੂਰਾਂ ਬੀਜਣ ਲਈ ਕਿੰਨੇ ਟੋਏ ਪੁੱਟੇ ਗਏ ?

ਚਾਰ ☐ ਦੋ ☐ ਤਿੰਨ ☐ ਇੱਕ ☐

(ਹ) ਖਜੂਰਾਂ ਦੇ ਜਿਊਣ ਦੀ ਇੱਛਾ ਕਿਹੋ ਜਿਹੀ ਸੀ ?

ਵਧੀਆ ☐ ਸੁੰਦਰ ☐ ਕਮਾਲ ☐ ਸੰਵੇਦਨਸ਼ੀਲ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਖਜੂਰਾਂ ਕਿੱਥੇ ਉੱਗੀਆਂ ਹੋਈਆਂ ਸਨ ?

ਉੱਤਰ ..........................................................................................

(ਅ) ਨਵਰਾਜ ਸਿੰਘ ਨੇ ਮਜ਼ਦੂਰਾਂ ਨੂੰ ਜੀਪ ਵਿੱਚ ਕਿੱਥੋਂ ਬਿਠਾਇਆ ?

ਉੱਤਰ ..........................................................................................

(ੲ) ਖਜੂਰਾਂ ਕਿੰਨੇ ਦਿਨਾਂ ਤੱਕ ਲਾਵਾਰਸ ਪਈਆਂ ਰਹੀਆਂ ?

ਉੱਤਰ ..........................................................................................

(ਸ) ਨਵਰਾਜ ਸਿੰਘ ਦੇ ਪੁੱਤਰ ਦਾ ਕੀ ਨਾਂ ਸੀ ?

ਉੱਤਰ ..........................................................................................

(ਹ) ਨਵਰਾਜ ਸਿੰਘ ਨੇ ਪੁੱਤਰ ਦੇ ਉੱਤੋਂ ਦੀ ਬਾਂਹ ਵਲ਼ਾਅ ਕੇ ਕੀ ਕਿਹਾ ?

ਉੱਤਰ ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਖਜੂਰਾਂ ਚੰਡੀਗੜ੍ਹ ਦੇ ਕਿਹੜੇ ਸੈਕਟਰ ਵਿੱਚ ਉੱਗੀਆਂ ਸਨ ? ਉਹਨਾਂ ਨੂੰ ਕੌਣ ਪੁੱਟ ਕੇ ਲੈ ਗਿਆ ?

ਉੱਤਰ ..........................................................................................

..........................................................................................

(ਅ) ਜਦੋਂ ਰਿਸ਼ਮ ਸਕੂਲ ਤੋਂ ਘਰ ਵਾਪਸ ਆਇਆ ਤਾਂ ਉਸ ਨੇ ਕੀ ਦੇਖਿਆ ? ਉਸ ਬਾਰੇ ਆਪਣੇ ਪਾਪਾ ਨੂੰ ਕੀ ਕਿਹਾ ?

ਉੱਤਰ ..........................................................................................

..........................................................................................

**4. ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ਮਨ, ਅਹੁੜੀ, ਕੋਠੀ, ਵਧਣ-ਫੁੱਲਣ, ਚੰਡੀਗੜ੍ਹ)

(ੳ) ਖਜੂਰਾਂ ਚੰਡੀਗੜ੍ਹ ਦੀ ਇੱਕ ........................ ਦੇ ਬਾਹਰ ਉੱਗੀਆਂ ਹੋਈਆਂ ਸਨ।

(ਅ) ਉਦੋਂ ........................ ਹਾਲੇ ਪੂਰਾ ਵੱਸਿਆ ਨਹੀਂ ਸੀ।

(ੲ) ਨਵਰਾਜ ਸਿੰਘ ਨੇ ਫਿਰ ਵੀ ........................ ਦੀ ਪੁਗਾ ਲਈ।

(ਸ) ਖਜੂਰਾਂ ਹੌਲ਼ੀ-ਹੌਲ਼ੀ ........................ ਲੱਗ ਪਈਆਂ ਸਨ।

(ਹ) ਰਿਸ਼ਮ ਨੂੰ ਕਿੰਨੀ ਦੇਰ ਤੱਕ ਕੋਈ ਗੱਲ ਹੀ ਨਾ ........................ ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਕੋਠੀ | — | ਖਜੂਰਾਂ ਕੋਠੀ ਦੇ ਬਾਹਰ ਉੱਗੀਆਂ ਹੋਈਆਂ ਸਨ। (ਉਦਾਹਰਨ) |
| (ਅ) ਅਨਿਆਈ ਮੌਤ | — | ........................................ |
| (ੲ) ਓਪਰੀ | — | ........................................ |
| (ਸ) ਹਫ ਜਾਣਾ | — | ........................................ |
| (ਹ) ਪਤਾਲ | — | ........................................ |
| (ਕ) ਅਸਮਾਨ | — | ........................................ |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਇੱਕ ਖਜੂਰ ਲੰਮੀ ਸੀ ਤੇ ਦੂਸਰੀ ਕੁਝ ਨਿੱਕੀ। ☐

(ਅ) ਦੋ ਰੁੱਖਾਂ ਨੂੰ ਜੀਪ ਵਿੱਚ ਲੱਦ ਕੇ ਕੋਠੀ ਤੱਕ ਲਿਜਾ ਸਕਦੇ ਸੀ। ☐

(ੲ) ਨਵਰਾਜ ਸਿੰਘ ਦੇ ਮੁੰਡੇ ਦਾ ਨਾਂ ਰੇਸ਼ਮ ਸੀ। ☐

(ਸ) ਖਜੂਰਾਂ ਗੇਟ ਦੇ ਨਾਲ਼ ਬੀਜੀਆਂ ਗਈਆਂ ਸਨ। ☐

(ਹ) ਖਜੂਰਾਂ ਹੌਲ਼ੀ-ਹੌਲ਼ੀ ਸੁੱਕਣ ਲੱਗ ਪਈਆਂ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਨਵਰਾਜ ਸਿੰਘ ਪਹਿਲੋਂ ਹੱਸਿਆ ਤੇ ਫਿਰ ਗੰਭੀਰ ਹੋ ਗਿਆ, "ਸੱਚੀ ਦੱਸਾਂ! ਖਜੂਰਾਂ ਬਾਰੇ ਮੈਂ ਕੁਝ ਨਹੀਂ ਜਾਣਦਾ। ਜਦੋਂ ਕਦੀ ਵੀ ਮੈਂ ਬਤਾਲ਼ੀ ਸੈਕਟਰ ਦੇ ਵਿੱਚੋਂ ਦੀ ਲੰਘਦਾ ਸਾਂ ਤਾਂ ਇਹਨਾਂ ਦੋਹਾਂ ਖਜੂਰਾਂ ਨੂੰ ਵੇਖਦਾ ਸਾਂ। ਉੱਥੇ ਆਥ਼ਰਾਂ ਦੀ ਧੁੱਪ ਸੀ ਤੇ ਭੱਠੀ ਦੇ ਸੇਕ ਵਰਗਾ ਤਾਅ ਸੀ। ਉਹਨਾਂ ਖਜੂਰਾਂ ਦੇ ਨੇੜੇ-ਤੇੜੇ ਚੁਲ਼ੀ ਭਰ ਪਾਣੀ ਵੀ ਨਹੀਂ ਸੀ। ਉਹ ਫੇਰ ਵੀ ਸੜ-ਸੁੱਕ ਕੇ ਮਰੀਆਂ ਨਹੀਂ ਸਨ। ਉਹਨਾਂ ਦੇ ਜਿਊਣ ਦੀ ਇੱਛਾ ਕਮਾਲ ਸੀ। ਮੈਨੂੰ ਪਤਾ ਲੱਗ ਗਿਆ ਸੀ, ਉਹਨਾਂ ਖਜੂਰਾਂ ਨੂੰ ਹਰ ਹਾਲ ਵਿੱਚ ਜਿਊਣਾ ਆਉਂਦਾ ਸੀ ਭਾਵੇਂ ਜੜ੍ਹਾਂ ਕੱਟੀਆਂ ਹੋਈਆਂ ਹੀ ਹੋਣ।"

(ੳ) ਨਵਰਾਜ ਸਿੰਘ ਹੱਸਣ ਤੋਂ ਬਾਅਦ ਕੀ ਹੋ ਗਿਆ ?

ਉਦਾਸ ☐ ਗੰਭੀਰ ☐ ਖ਼ੁਸ਼ ☐ ਪਾਗਲ ☐

(ਅ) ਨਵਰਾਜ ਸਿੰਘ ਕਿਹੜੇ ਸੈਕਟਰ ਵਿੱਚੋਂ ਲੰਘਦਾ ਸੀ ?

ਚਾਲ਼ੀ ☐ ਬਤਾਲ਼ੀ ☐ ਛਿਆਲ਼ੀ ☐ ਸੰਤਾਲ਼ੀ ☐

(ੲ) ਉਹ ਰਸਤੇ 'ਚ ਕੀ ਵੇਖਦਾ ਸੀ ?

ਖਜੂਰਾਂ ☐ ਅੰਬ ☐ ਸੇਬ ☐ ਕੇਲੇ ☐

(ਸ) ਸੇਕ ਕਿਸ ਵਰਗਾ ਸੀ ?

ਸੂਰਜ ☐ ਭੱਠੀ ☐ ਅੱਗ ☐ ਧੁੱਪ ☐

(ਹ) ਕਿਸ ਦੇ ਜਿਊਣ ਦੀ ਇੱਛਾ ਕਮਾਲ ਸੀ ?

ਖਜੂਰਾਂ ਦੇ ☐ ਨਵਰਾਜ ਸਿੰਘ ਦੇ ☐ ਰਿਸ਼ਮ ਦੇ ☐ ਮਜ਼ਦੂਰਾਂ ਦੇ ☐



## ਵਿਆਕਰਨ

### 1. ਵਿਰੋਧੀ ਸ਼ਬਦ ਲਿਖੋ :

| | | | |
|---|---|---|---|
| ਅਮੀਰ — | ........................ | ਆਸ — | ........................ |
| ਘਟੀਆ — | ........................ | ਚੋਰ — | ........................ |
| ਬਾਹਰ — | ........................ | ਸਵਾਲ — | ........................ |
| ਕਾਲ਼ਾ — | ........................ | ਧੁੱਪ — | ........................ |
| ਹੱਸਣਾ — | ........................ | ਜੀਣਾ — | ........................ |

### 2. ਹੇਠ ਲਿਖੇ ਅਗੇਤਰਾਂ ਦੇ ਤਿੰਨ-ਤਿੰਨ ਸ਼ਬਦ ਬਣਾਓ :

(ੳ) ਅਪ ........................ ........................ ........................

(ਅ) ਪਰਮ ........................ ........................ ........................

(ੲ) ਬੇ ........................ ........................ ........................

(ਸ) ਸਵੈ ........................ ........................ ........................

(ਹ) ਗ਼ੈਰ ........................ ........................ ........................

### 3. ਹੇਠ ਲਿਖੇ ਪਿਛੇਤਰਾਂ ਦੇ ਤਿੰਨ-ਤਿੰਨ ਸ਼ਬਦ ਬਣਾਓ :

(ੳ) ਆਊ ........................ ........................ ........................

(ਅ) ਆਹਟ ........................ ........................ ........................

(ੲ) ਹੀਣ ........................ ........................ ........................

(ਸ) ਧਾਰੀ ........................ ........................ ........................

(ਹ) ਸਤਾਨ ........................ ........................ ........................

### 4. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਮੁੜ ਲਿਖੋ :

(ੳ) ਮੇਹਨਤ ਸਫਲਤਾ ਦੀ ਕੂੰਜੀ ਹੈ। ................................................

(ਅ) ਉਹ ਗੋਬੀ ਨਾਲ਼ ਰੋਟੀ ਖਾ ਗੀਹਾ ਹੈ। ................................................

(ੲ) ਸੁਨੀਤਾ ਵਿਲੈਤ ਗਇ ਹੈ। ................................................

(ਸ) ਉਹ ਬੁਡਾ ਹੋ ਗਿਆ ਹੈ। ..............................................

(ਹ) ਮੈਂ ਦੁਪੈਹਰ ਨੂੰ ਆਵਾਗਾ। ..............................................



## ਯੋਗਤਾ ਵਿਸਤਾਰ

- ਪਾਠ ਵਿੱਚ ਜੀਵਨ ਜਿਊਣ ਦੀ ਇੱਛਾ ਬਾਰੇ ਬੜੇ ਸੁੰਦਰ ਢੰਗ ਨਾਲ਼ ਦੱਸਿਆ ਗਿਆ ਹੈ। ਵਿਦਿਆਰਥੀ ਰੁੱਖਾਂ ਦੇ ਜੀਵਨ ਅਤੇ ਜਿਊਣ ਦੀ ਇੱਛਾ ਬਾਰੇ ਰਿਪੋਰਟ ਤਿਆਰ ਕਰਨ।
- 'ਜੀਵਨ ਦੀ ਇੱਛਾ' ਸਿਰਲੇਖ ਦੇ ਆਧਾਰ 'ਤੇ ਪੈਰਾ ਲਿਖੋ।

..............................................................................................................

..............................................................................................................

..............................................................................................................

..............................................................................................................

..............................................................................................................

..............................................................................................................



## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਕਹਾਣੀ ਤੋਂ ਮਿਲ਼ੀ ਸਿੱਖਿਆ ਬਾਰੇ ਦੱਸਣ।
- ਅਧਿਆਪਕ ਵਿਦਿਆਰਥੀਆਂ ਨੂੰ ਰੁੱਖਾਂ ਬਾਰੇ ਵੀ ਦੱਸਣ ਕਿ ਉਹਨਾਂ ਵਿੱਚ ਵੀ ਜਿਊਣ ਦੀ ਇੱਛਾ ਹੁੰਦੀ ਹੈ।



# 10 ਪਾਠ ਅਕਬਰ-ਬੀਰਬਲ

## ਪਾਠ ਬਾਰੇ ਚਰਚਾ

- ਕੀ ਤੁਸੀਂ ਕਿਸੇ ਸਮਝਦਾਰ ਵਿਅਕਤੀ ਨੂੰ ਜਾਣਦੇ ਹੋ ?
- ਕੀ ਤੁਸੀਂ ਅਕਬਰ ਤੇ ਬੀਰਬਲ ਦੀ ਕੋਈ ਕਹਾਣੀ ਸੁਣੀ ਹੈ ?

ਅਕਬਰ ਦੇ ਸਵਾਲਾਂ ਅਤੇ ਬੀਰਬਲ ਦੇ ਜਵਾਬਾਂ ਨਾਲ਼ ਜੁੜੇ ਕਾਫ਼ੀ ਕਿੱਸੇ ਪ੍ਰਚਲਿਤ ਹਨ। ਕਹਿੰਦੇ ਹਨ ਕਿ ਬੀਰਬਲ ਬਹੁਤ ਬੁੱਧੀਮਾਨ ਸੀ । ਅਕਬਰ ਦੇ ਸਵਾਲਾਂ ਦੇ ਤਰਕਪੂਰਨ ਜਵਾਬ ਬੀਰਬਲ ਕੋਲ਼ ਹੁੰਦੇ ਸਨ।

ਇੱਕ ਦਿਨ ਅਕਬਰ ਨੇ ਬੀਰਬਲ ਕੋਲ਼ੋਂ ਪਰਮਾਤਮਾ ਨਾਲ਼ ਜੁੜੇ ਤਿੰਨ ਸਵਾਲ ਪੁੱਛੇ। ਉਹ ਤਿੰਨ ਸਵਾਲ ਸਨ :

1. ਪਰਮਾਤਮਾ ਕਿੱਥੇ ਰਹਿੰਦਾ ਹੈ ?
2. ਪਰਮਾਤਮਾ ਕਿਵੇਂ ਮਿਲ਼ਦਾ ਹੈ ?
3. ਪਰਮਾਤਮਾ ਕਰਦਾ ਕੀ ਹੈ ?

ਬੁੱਧੀਮਾਨ—ਅਕਲਮੰਦ (wise)।

ਜਦੋਂ ਅਕਬਰ ਨੇ ਇਹ ਸਵਾਲ ਪੁੱਛੇ ਤਾਂ ਬੀਰਬਲ ਬਹੁਤ ਹੈਰਾਨ ਹੋਇਆ ਅਤੇ ਉਸ ਨੇ ਕਿਹਾ ਕਿ ਇਹਨਾਂ ਸਵਾਲਾਂ ਦੇ ਜਵਾਬ ਉਹ ਕੱਲ੍ਹ ਦੱਸੇਗਾ ।



ਇਹ ਕਹਿ ਕੇ ਬੀਰਬਲ ਆਪਣੇ ਘਰ ਵਾਪਸ ਆ ਗਿਆ। ਬੀਰਬਲ ਇਹਨਾਂ ਸਵਾਲਾਂ ਨੂੰ ਲੈ ਕੇ ਬਹੁਤ ਚਿੰਤਤ ਸੀ। ਬੀਰਬਲ ਦੇ ਪੁੱਤਰ ਨੇ ਚਿੰਤਾ ਦਾ ਕਾਰਨ ਪੁੱਛਿਆ ਤਾਂ ਬੀਰਬਲ ਨੇ ਅਕਬਰ ਦੇ ਤਿੰਨ ਸਵਾਲ ਦੱਸ ਦਿੱਤੇ।

ਬੀਰਬਲ ਦੇ ਪੁੱਤਰ ਨੇ ਕਿਹਾ ਕਿ ਉਹ ਆਪ ਕੱਲ੍ਹ ਦਰਬਾਰ ਵਿੱਚ ਬਾਦਸ਼ਾਹ ਨੂੰ ਇਹਨਾਂ ਤਿੰਨਾਂ ਸਵਾਲਾਂ ਦਾ ਜਵਾਬ ਦੇਵੇਗਾ।

ਅਗਲੇ ਦਿਨ ਬੀਰਬਲ ਆਪਣੇ ਪੁੱਤਰ ਦੇ ਨਾਲ਼ ਦਰਬਾਰ ਵਿੱਚ ਪਹੁੰਚ ਗਿਆ ਅਤੇ ਬਾਦਸ਼ਾਹ ਅਕਬਰ ਨੂੰ ਕਿਹਾ, "ਮਹਾਰਾਜ! ਤੁਹਾਡੇ ਤਿੰਨਾਂ ਸਵਾਲਾਂ ਦੇ ਜਵਾਬ ਤਾਂ ਮੇਰਾ ਪੁੱਤਰ ਵੀ ਦੇ ਸਕਦਾ ਹੈ।"

ਅਕਬਰ ਨੇ ਕਿਹਾ, "ਠੀਕ ਹੈ। ਦੱਸ ਪਰਮਾਤਮਾ ਕਿੱਥੇ ਰਹਿੰਦਾ ਹੈ?"

ਇਸ ਸਵਾਲ ਦੇ ਜਵਾਬ ਲਈ ਬੀਰਬਲ ਦੇ ਪੁੱਤਰ ਨੇ ਦੁੱਧ ਮੰਗਾਇਆ, ਜਿਸ ਵਿੱਚ ਖੰਡ ਘੁਲੀ ਹੋਈ ਸੀ। ਉਸ ਨੇ ਉਹ ਦੁੱਧ ਅਕਬਰ ਨੂੰ ਦਿੱਤਾ ਅਤੇ ਕਿਹਾ, "ਚੱਖ ਕੇ ਦੱਸੋ ਦੁੱਧ ਕਿਹੋ ਜਿਹਾ ਹੈ?"

ਅਕਬਰ ਨੇ ਚੱਖ ਕੇ ਦੱਸਿਆ ਕਿ ਦੁੱਧ ਮਿੱਠਾ ਹੈ।

ਤਦ ਬੀਰਬਲ ਦੇ ਪੁੱਤਰ ਨੇ ਕਿਹਾ, "ਇਸ ਵਿੱਚ ਖੰਡ ਦਿਸ ਰਹੀ ਹੈ?"

ਅਕਬਰ ਨੇ ਕਿਹਾ, "ਨਹੀਂ! ਇਸ ਵਿੱਚ ਖੰਡ ਤਾਂ ਨਹੀਂ ਦਿਸ ਰਹੀ। ਉਹ ਤਾਂ ਦੁੱਧ ਵਿੱਚ ਘੁਲ ਗਈ ਹੈ।"

ਬੀਰਬਲ ਦੇ ਪੁੱਤਰ ਨੇ ਕਿਹਾ, "ਜਹਾਂਪਨਾਹ, ਠੀਕ ਇਸੇ ਤਰ੍ਹਾਂ ਪਰਮਾਤਮਾ ਵੀ ਸੰਸਾਰ ਦੀ ਹਰ ਚੀਜ਼ ਵਿੱਚ ਘੁਲਿਆ ਹੋਇਆ ਹੈ, ਪਰ ਦੁੱਧ ਵਿੱਚ ਘੁਲੀ ਖੰਡ ਵਾਂਗ ਦਿਖਾਈ ਨਹੀਂ ਦਿੰਦਾ।"

ਅਕਬਰ ਜਵਾਬ ਤੋਂ ਸੰਤੁਸ਼ਟ ਹੋ ਗਿਆ।

ਅਕਬਰ ਨੇ ਦੂਸਰਾ ਸਵਾਲ ਪੁੱਛਿਆ, "ਪਰਮਾਤਮਾ ਕਿਵੇਂ ਮਿਲ਼ਦਾ ਹੈ?"

ਇਸ ਸਵਾਲ ਦਾ ਉੱਤਰ ਦੇਣ ਲਈ ਬੀਰਬਲ ਦੇ ਪੁੱਤਰ ਨੇ ਦਹੀਂ ਮੰਗਵਾਇਆ।

ਬੀਰਬਲ ਦੇ ਪੁੱਤਰ ਨੇ ਅਕਬਰ ਨੂੰ ਦਹੀਂ ਦਿੰਦੇ ਹੋਏ ਕਿਹਾ, "ਜਹਾਂਪਨਾਹ, ਇਸ ਵਿੱਚ ਮੱਖਣ ਦਿਖਾਈ ਦੇ ਰਿਹਾ ਹੈ?"

ਅਕਬਰ ਨੇ ਕਿਹਾ, "ਦਹੀਂ ਵਿੱਚ ਮੱਖਣ ਤਾਂ ਹੈ, ਪਰ ਦਹੀਂ ਰਿੜਕਣ 'ਤੇ ਹੀ ਮੱਖਣ ਦਿਖਾਈ ਦੇਵੇਗਾ।"

ਬੀਰਬਲ ਦੇ ਪੁੱਤਰ ਨੇ ਕਿਹਾ, "ਜੀ ਜਹਾਂਪਨਾਹ, ਠੀਕ ਇਸੇ ਤਰ੍ਹਾਂ ਪਰਮਾਤਮਾ ਵੀ ਮਨ ਦਾ ਮੰਥਨ ਕਰਨ 'ਤੇ ਹੀ ਮਿਲ਼ ਸਕਦਾ ਹੈ।

> ਪਰਮਾਤਮਾ—ਰੱਬ (God)।
> ਗੁਰੂ—ਉਸਤਾਦ (teacher)।

ਅਕਬਰ ਇਸ ਜਵਾਬ ਤੋਂ ਵੀ ਸੰਤੁਸ਼ਟ ਹੋ ਗਿਆ।

ਅਕਬਰ ਨੇ ਤੀਸਰਾ ਸਵਾਲ ਪੁੱਛਿਆ, "ਪਰਮਾਤਮਾ ਕਰਦਾ ਕੀ ਹੈ?"

ਬੀਰਬਲ ਦੇ ਪੁੱਤਰ ਨੇ ਕਿਹਾ, "ਜਹਾਂਪਨਾਹ, ਇਸ ਸਵਾਲ ਦੇ ਜਵਾਬ ਲਈ ਤੁਹਾਨੂੰ ਮੈਨੂੰ ਗੁਰੂ ਮੰਨਣਾ ਪਵੇਗਾ।"

ਅਕਬਰ ਨੇ ਕਿਹਾ, "ਠੀਕ ਹੈ। ਹੁਣ ਤੋਂ ਤੂੰ ਮੇਰਾ ਗੁਰੂ ਅਤੇ ਮੈਂ ਤੇਰਾ ਚੇਲਾ।"

ਬੀਰਬਲ ਦੇ ਪੁੱਤਰ ਨੇ ਕਿਹਾ, "ਗੁਰੂ ਹਮੇਸ਼ਾਂ ਉੱਚੀ ਥਾਂ 'ਤੇ ਬੈਠਦਾ ਹੈ ਅਤੇ ਚੇਲਾ ਨੀਵੀਂ ਥਾਂ 'ਤੇ ਬੈਠਦਾ ਹੈ।"



ਅਕਬਰ ਉਸੇ ਵੇਲ਼ੇ ਹੀ ਆਪਣੇ ਸਿੰਘਾਸਣ ਤੋਂ ਉੱਠ ਗਿਆ। ਬੀਰਬਲ ਦੇ ਪੁੱਤਰ ਨੂੰ ਸਿੰਘਾਸਣ 'ਤੇ ਬਿਠਾ ਕੇ ਖ਼ੁਦ ਹੇਠਾਂ ਬੈਠ ਗਿਆ।

ਸਿੰਘਾਸਣ 'ਤੇ ਬੈਠਦੇ ਹੀ ਬੀਰਬਲ ਦੇ ਪੁੱਤਰ ਨੇ ਕਿਹਾ, "ਜਹਾਂਪਨਾਹ, ਇਹੀ ਤੁਹਾਡੇ ਤੀਸਰੇ ਸਵਾਲ ਦਾ ਜਵਾਬ ਹੈ। ਪਰਮਾਤਮਾ ਰਾਜਾ ਨੂੰ ਰੰਕ ਬਣਾਉਂਦਾ ਹੈ ਅਤੇ ਰੰਕ ਨੂੰ ਰਾਜਾ ਬਣਾ ਦਿੰਦਾ ਹੈ।"

ਅਕਬਰ ਸਾਰੇ ਜਵਾਬ ਸੁਣ ਕੇ ਬਹੁਤ ਖ਼ੁਸ਼ ਹੋਇਆ।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਅਕਬਰ ਨੇ ਕਿੰਨੇ ਪ੍ਰਸ਼ਨ ਪੁੱਛੇ ?

ਦੋ ☐ ਤਿੰਨ ☐ ਪੰਜ ☐ ਛੇ ☐

(ਅ) ਬੀਰਬਲ ਕਿਸ ਨੂੰ ਲੈ ਕੇ ਚਿੰਤਤ ਸੀ ?

ਉੱਤਰਾਂ ਨੂੰ ☐ ਸਿਹਤ ਨੂੰ ☐ ਸਵਾਲਾਂ ਨੂੰ ☐ ਧਨ ਨੂੰ ☐

(ੲ) ਬੀਰਬਲ ਮੁਤਾਬਕ ਅਕਬਰ ਦੇ ਸਵਾਲਾਂ ਦੇ ਜਵਾਬ ਕੌਣ ਦੇ ਸਕਦਾ ਹੈ ?

ਦਰਬਾਰੀ ☐ ਬੀਰਬਲ ਖ਼ੁਦ ☐ ਬੀਰਬਲ ਦਾ ਭਰਾ ☐ ਬੀਰਬਲ ਦਾ ਪੁੱਤਰ ☐

(ਸ) ਬੀਰਬਲ ਦੇ ਪੁੱਤਰ ਨੇ ਪਹਿਲੇ ਸਵਾਲ ਦਾ ਉੱਤਰ ਦੇਣ ਲਈ ਕੀ ਮਿਲ਼ਿਆ ਦੁੱਧ ਮੰਗਵਾਇਆ ?

ਖੰਡ ☐ ਬਰਫ਼ ☐ ਗੁੜ ☐ ਸ਼ਹਿਦ ☐

(ਹ) ਬੀਰਬਲ ਦੇ ਪੁੱਤਰ ਦਾ ਚੇਲਾ ਬਣਨ ਤੋਂ ਬਾਅਦ ਅਕਬਰ ਕਿੱਥੇ ਬੈਠ ਗਿਆ ?

ਸਿੰਘਾਸਣ 'ਤੇ ☐ ਕੁਰਸੀ 'ਤੇ ☐ ਭੁੰਜੇ ☐ ਸੋਫ਼ੇ 'ਤੇ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਅਕਬਰ ਦੇ ਤਰਕਪੂਰਨ ਸਵਾਲਾਂ ਦੇ ਜਵਾਬ ਕਿਸ ਕੋਲ਼ ਹੁੰਦੇ ਸਨ ?

ਉੱਤਰ ........................................................................................................

(ਅ) ਕਿਸ ਦੇ ਸਵਾਲਾਂ ਤੇ ਜਵਾਬਾਂ ਦੇ ਨਾਲ਼ ਜੁੜੇ ਕਿੱਸੇ ਪ੍ਰਚਲਿਤ ਹਨ ?

ਉੱਤਰ ........................................................................................................

(ੲ) ਬੀਰਬਲ ਨੇ ਸਵਾਲਾਂ ਦੇ ਉੱਤਰ ਕਦੋਂ ਦੇਣ ਦਾ ਵਾਅਦਾ ਕੀਤਾ ?

ਉੱਤਰ ........................................................................................................

(ਸ) ਬੀਰਬਲ ਕਿਸ ਨਾਲ਼ ਦਰਬਾਰ ਵਿੱਚ ਪੁੱਜਾ ?

ਉੱਤਰ ........................................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਅਕਬਰ ਨੇ ਬੀਰਬਲ ਕੋਲ਼ੋਂ ਕਿਸ ਨਾਲ਼ ਜੁੜੇ ਸਵਾਲ ਪੁੱਛੇ ? ਉਹ ਸਵਾਲ ਕਿਹੜੇ ਸਨ ?

ਉੱਤਰ ........................................................................................................

........................................................................................................

(ਅ) ਤੀਜੇ ਪ੍ਰਸ਼ਨ ਦਾ ਉੱਤਰ ਕੀ ਸੀ ?

ਉੱਤਰ ........................................................................................................................

..........................................................................................................................

**4. ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ਰਾਜਾ, ਸਿੰਘਾਸਣ, ਮੱਖਣ, ਖ਼ੁਸ਼)

(ੳ) ਅਕਬਰ ਸਾਰੇ ਜਵਾਬ ਸੁਣ ਕੇ ਬਹੁਤ ........................ ਹੋਇਆ।

(ਅ) ਜਹਾਂਪਨਾਹ ਇਸ ਵਿੱਚ ........................ ਦਿਖਾਈ ਦੇ ਰਿਹਾ ਹੈ ?

(ੲ) ਅਕਬਰ ਉਸੇ ਵੇਲ਼ੇ ਹੀ ਆਪਣੇ ........................ ਤੋਂ ਉੱਠ ਗਿਆ।

(ਸ) ਪਰਮਾਤਮਾ ਰਾਜਾ ਨੂੰ ਰੰਕ ਬਣਾ ਦਿੰਦਾ ਹੈ ਅਤੇ ਰੰਕ ਨੂੰ ........................ ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਸਿੰਘਾਸਣ | — | ਰਾਜਾ ਆਪਣੇ ਸਿੰਘਾਸਣ ਉੱਤੇ ਬੈਠਾ ਸੀ। (ਉਦਾਹਰਨ) |
| (ਅ) ਹੈਰਾਨ | — | ........................................................................................ |
| (ੲ) ਸਵਾਲ | — | ........................................................................................ |
| (ਸ) ਪਰਮਾਤਮਾ | — | ........................................................................................ |
| (ਹ) ਮੱਖਣ | — | ........................................................................................ |
| (ਕ) ਗੁਰੂ | — | ........................................................................................ |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✔) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਬੀਰਬਲ ਬਹੁਤ ਬੁੱਧੀਮਾਨ ਸੀ। ☐

(ਅ) ਅਕਬਰ ਨੇ ਬੀਰਬਲ ਕੋਲ਼ੋਂ ਪਰਮਾਤਮਾ ਨਾਲ਼ ਜੁੜੇ ਪੰਜ ਸਵਾਲ ਪੁੱਛੇ। ☐

(ੲ) ਬੀਰਬਲ ਸਵਾਲਾਂ ਨੂੰ ਲੈ ਕੇ ਚਿੰਤਤ ਨਹੀਂ ਸੀ। ☐

(ਸ) ਬੀਰਬਲ ਦੇ ਪੁੱਤਰ ਨੇ ਦਹੀਂ ਮੰਗਵਾਇਆ। ☐

(ਹ) ਅਕਬਰ ਉਸੇ ਵੇਲੇ ਹੀ ਸਿੰਘਾਸਣ ਤੋਂ ਉੱਠ ਗਿਆ। ☐

**7. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਅਗਲੇ ਦਿਨ ਬੀਰਬਲ ਆਪਣੇ ਪੁੱਤਰ ਦੇ ਨਾਲ਼ ਦਰਬਾਰ ਵਿੱਚ ਪਹੁੰਚ ਗਿਆ ਅਤੇ ਬਾਦਸ਼ਾਹ ਅਕਬਰ ਨੂੰ ਕਿਹਾ, "ਮਹਾਰਾਜ! ਤੁਹਾਡੇ ਤਿੰਨਾਂ ਸਵਾਲਾਂ ਦੇ ਜਵਾਬ ਤਾਂ ਮੇਰਾ ਪੁੱਤਰ ਵੀ ਦੇ ਸਕਦਾ ਹੈ।"

ਅਕਬਰ ਨੇ ਕਿਹਾ, "ਠੀਕ ਹੈ। ਦੱਸ ਪਰਮਾਤਮਾ ਕਿੱਥੇ ਰਹਿੰਦਾ ਹੈ ?"

ਇਸ ਸਵਾਲ ਦੇ ਜਵਾਬ ਲਈ ਬੀਰਬਲ ਦੇ ਪੁੱਤਰ ਨੇ ਦੁੱਧ ਮੰਗਾਇਆ, ਜਿਸ ਵਿੱਚ ਖੰਡ ਘੁਲੀ ਹੋਈ ਸੀ। ਉਸ ਨੇ ਉਹ ਦੁੱਧ ਅਕਬਰ ਨੂੰ ਦਿੱਤਾ ਅਤੇ ਕਿਹਾ, "ਚੱਖ ਕੇ ਦੱਸੋ ਦੁੱਧ ਕਿਹੋ ਜਿਹਾ ਹੈ।"

ਅਕਬਰ ਨੇ ਚੱਖ ਕੇ ਦੱਸਿਆ ਕਿ ਦੁੱਧ ਮਿੱਠਾ ਹੈ।

(ੳ) ਅਗਲੇ ਦਿਨ ਬੀਰਬਲ ਆਪਣੇ ਪੁੱਤਰ ਨਾਲ਼ ਕਿੱਥੇ ਪਹੁੰਚਿਆ ?

ਬਗ਼ੀਚੇ ਵਿੱਚ ☐ ਦਰਬਾਰ ਵਿੱਚ ☐ ਮੈਦਾਨ ਵਿੱਚ ☐ ਮਹੱਲ ਵਿੱਚ ☐

(ਅ) ਅਕਬਰ ਨੇ ਕਿਹਾ, "ਠੀਕ ਹੈ। ਦੱਸ ............ ਕਿੱਥੇ ਰਹਿੰਦਾ ਹੈ ?"

ਪਰਮਾਤਮਾ ☐ ਗੁਰੂ ☐ ਚੇਲਾ ☐ ਦਰਬਾਰੀ ☐

(ੲ) ਬੀਰਬਲ ਦੇ ਪੁੱਤਰ ਨੇ ਕੀ ਮੰਗਵਾਇਆ ?

ਪਾਣੀ ☐ ਰੋਟੀ ☐ ਸ਼ਰਬਤ ☐ ਦੁੱਧ ☐

(ਸ) ਚੱਖਣ ਵਿੱਚ ਦੁੱਧ ਕਿਹੋ ਜਿਹਾ ਸੀ ?

ਮਿੱਠਾ ☐ ਖੱਟਾ ☐ ਫਿੱਕਾ ☐ ਕੌੜਾ ☐

(ਹ) ਦੁੱਧ ਵਿੱਚ ਕੀ ਘੁਲਿਆ ਸੀ ?

ਗੁੜ ☐ ਪਾਣੀ ☐ ਨਮਕ ☐ ਖੰਡ ☐



## ਵਿਆਕਰਨ

**1. ਵਾਕਾਂ ਨੂੰ ਵਿਆਕਰਨਿਕ ਤੌਰ 'ਤੇ ਠੀਕ ਕਰਕੇ ਲਿਖੋ—**

(ੳ) ਜਸਲੀਨ ਪੜ੍ਹ ਰਹੇ ਹਨ। ..............................

(ਅ) ਮੇਰੇ ਪਿਤਾ ਜੀ ਆਏਗਾ। ..............................

(ੲ) ਮੇਰੇ ਮਾਮਾ ਜੀ ਸ਼ਹਿਰ ਜਾ ਰਿਹਾ ਹੈ। ..............................

(ਸ) ਉਸ ਦਾ ਘੋੜਾ ਭੱਜ ਰਹੀ ਹੈ। ..............................

(ਹ) ਮੁੰਡਾ ਸਕੂਲ ਜਾਂਦੀ ਹੈ। ..............................

**2. ਦਿੱਤੇ ਵਾਕਾਂ ਦੇ ਕਾਲ ਦੱਸੋ—**

(ੳ) ਸੁਰਿੰਦਰ ਪੜ੍ਹ ਰਿਹਾ ਹੈ। ..............................

(ਅ) ਅਸੀਂ ਕੱਲ੍ਹ ਦਿੱਲੀ ਜਾਵਾਂਗੇ। ..............................

(ੲ) ਉਹ ਰੋਟੀ ਖਾ ਰਹੇ ਹਨ। ..............................

(ਸ) ਸੀਮਾ ਕੱਲ੍ਹ ਸਕੂਲ ਨਹੀਂ ਗਈ ਸੀ। ..............................

(ਹ) ਮੀਨਾ ਦੇ ਸੱਟ ਲੱਗ ਗਈ ਹੈ। ..................................

(ਕ) ਮੇਰਾ ਨਤੀਜਾ ਕੱਲ੍ਹ ਆਵੇਗਾ। ..................................

**3. ਹੇਠ ਲਿਖੇ ਅਗੇਤਰ ਸ਼ਬਦ ਲਗਾ ਕੇ ਦੋ-ਦੋ ਨਵੇਂ ਸ਼ਬਦ ਬਣਾਓ—**

ਆਤਮ — .................... ....................

ਗ਼ੈਰ — .................... ....................

ਪਰ — .................... ....................

ਪੜ — .................... ....................

ਬਦ — .................... ....................


ਖ਼ੁਸ਼ — .................... ....................

ਨਾ — .................... ....................



## ਯੋਗਤਾ ਵਿਸਤਾਰ

- ਵਿਦਿਆਰਥੀ ਅਕਬਰ ਤੇ ਬੀਰਬਲ ਦੀ ਕੋਈ ਹੋਰ ਕਹਾਣੀ ਸੁਣਨ।
- ਜਿਵੇਂ ਬੀਰਬਲ ਆਪਣੀ ਸਿਆਣਪ ਲਈ ਬਹੁਤ ਪ੍ਰਸਿੱਧ ਹੈ, ਉਸੇ ਤਰ੍ਹਾਂ ਹੀ ਤੇਨਾਲੀ ਰਾਮਨ ਵੀ ਬਹੁਤ ਸਿਆਣਾ ਵਿਅਕਤੀ ਸੀ। ਉਸ ਬਾਰੇ ਜਾਣਕਾਰੀ ਪ੍ਰਾਪਤ ਕਰ ਕੇ ਆਪਣੀ ਕਾਪੀ ਵਿੱਚ ਲਿਖੋ।



## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਬੀਰਬਲ ਵਾਂਗ ਸੂਝਵਾਨ ਹੋਣ ਦੀ ਸਿੱਖਿਆ ਦਿੰਦੇ ਹੋਏ, ਉਸ ਦੇ ਕਿੱਸੇ ਸੁਣਾ ਸਕਦੇ ਹਨ।



# 11 ਪਾਠ ਮਾਂ-ਬੋਲੀ ਪੰਜਾਬੀ

## ਪਾਠ ਬਾਰੇ ਚਰਚਾ

- ਕੀ ਤੁਸੀਂ 'ਅੰਮ੍ਰਿਤਾ ਪ੍ਰੀਤਮ, ਪ੍ਰੋ. ਮੋਹਨ ਸਿੰਘ, ਡਾ. ਸੁਰਜੀਤ ਪਾਤਰ' ਬਾਰੇ ਸੁਣਿਆ ਹੈ ?
- ਮਾਂ-ਬੋਲੀ ਦਾ ਸਤਿਕਾਰ ਕਰਦੇ ਹੋਏ ਕੀ ਤੁਸੀਂ ਘਰ ਵਿੱਚ ਪੰਜਾਬੀ ਵਿੱਚ ਗੱਲਬਾਤ ਕਰਦੇ ਹੋ ?

ਮਾਂ-ਬੋਲੀ ਤੋਂ ਸਦਕੇ ਜਾਈਏ,
ਇਸ ਦੀ ਮਹਿਮਾ ਸਦਾ ਹੀ ਗਾਈਏ।
ਮਾਂ-ਬੋਲੀ ਨੂੰ ਕਰੀਏ ਪਿਆਰ,
ਮਾਂ ਵਾਂਗੂ ਕਰੀਏ ਸਤਿਕਾਰ।

ਇਸ ਦਾ ਅੱਖਰ-ਅੱਖਰ ਸਿੱਖੀਏ,
ਸ਼ਬਦ-ਸ਼ਬਦ ਪੜ੍ਹ ਸੁੰਦਰ ਲਿਖੀਏ।
ਇਸ ਵਿੱਚ ਬਚਪਨ ਮੌਜਾਂ ਮਾਣੇ,
ਮਾਂ ਦੀ ਮਮਤਾ ਕੋਈ ਨਾ ਜਾਣੇ।
ਇਹ ਕਰਦੀ ਸੁਪਨੇ ਸਾਕਾਰ,
ਇਸ ਵਿੱਚ ਸਾਡਾ ਸੱਭਿਆਚਾਰ।

ਫ਼ਰੀਦ, ਨਾਨਕ, ਭਗਤਾਂ ਦੀ ਬਾਣੀ,
ਵਾਰਸ ਸ਼ਾਹ ਲਿਖੀ ਪ੍ਰੀਤ-ਕਹਾਣੀ।
ਸੂਫ਼ੀ, ਕਿੱਸਾਕਾਰਾਂ ਦੀ ਇਹ ਬੋਲੀ,
ਲਿਖਤਾਂ ਵਿੱਚ ਜਿਨ੍ਹਾਂ ਮਿਸਰੀ ਘੋਲੀ।



'ਅੰਮ੍ਰਿਤਾ', 'ਮੋਹਨ ਸਿੰਘ' ਕਵਿਤਾ ਦੇ ਤਾਰੇ,
'ਸ਼ਿਵ', 'ਪਾਤਰ' ਸਭਨਾਂ ਨੂੰ ਪਿਆਰੇ।
ਸਾਨੂੰ ਜਿੰਦ-ਜਾਨ ਤੋਂ ਪਿਆਰੀ,
ਸਾਰੇ ਜੱਗ ਵਿੱਚ ਜਾਏ ਸ਼ਿੰਗਾਰੀ।
ਮਾਂ ਤੋਂ ਜਿਹੜਾ ਲਵੇ ਅਸੀਸਾਂ,
ਕੌਣ ਕਰੇ ਪੰਜਾਬੀ ਦੀਆਂ ਰੀਸਾਂ।

**ਸਦਕੇ**—ਕੁਰਬਾਨ/ਬਲਿਹਾਰੇ (intense devotion)। **ਮਹਿਮਾ**—ਵਡਿਆਈ (praise)। **ਮਮਤਾ**—ਪਿਆਰ (mother's affection)। **ਸਾਕਾਰ ਕਰਨਾ**—ਪੂਰਾ ਕਰਨਾ (fulfil)। **ਸੱਭਿਆਚਾਰ**—ਜੀਵਨ ਜਿਊਣ ਅਤੇ ਰਹਿਣ-ਸਹਿਣ ਦੀ ਚੱਲਦੀ ਆਈ ਜਾਚ (culture)। **ਫ਼ਰੀਦ**—ਬਾਬਾ ਫ਼ਰੀਦ ਜੀ (Saint Farid)। **ਨਾਨਕ**—ਸ੍ਰੀ ਗੁਰੂ ਨਾਨਕ ਦੇਵ ਜੀ (first Guru of Sikhs)। **ਅੰਮ੍ਰਿਤਾ**—ਅੰਮ੍ਰਿਤਾ ਪ੍ਰੀਤਮ (Amrita, name of a poetess)। **ਸ਼ਿਵ**—ਸ਼ਿਵ ਕੁਮਾਰ ਬਟਾਲਵੀ (Shiv, name of a poet)। **ਪਾਤਰ**—ਸੁਰਜੀਤ ਪਾਤਰ (Patar, name of a poet)। **ਅਸੀਸ**—ਅਸ਼ੀਰਵਾਦ (blessing)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਕਵੀ ਨੇ ਕਿਸ 'ਤੋਂ ਸਦਕੇ ਜਾਣ ਦੀ ਗੱਲ ਕੀਤੀ ਹੈ ?

ਮਾਂ 'ਤੋਂ ☐ ਮਾਂ-ਬੋਲੀ 'ਤੋਂ ☐ ਪਿਤਾ 'ਤੋਂ ☐ ਦਾਦੀ 'ਤੋਂ ☐

(ਅ) ਕਵੀ ਮਾਂ-ਬੋਲੀ ਦਾ ਸਤਿਕਾਰ ਕਿਸ ਵਾਂਗ ਕਰਨ ਨੂੰ ਕਹਿ ਰਿਹਾ ਹੈ ?

ਮਾਂ ਵਾਂਗ ☐ ਬਜ਼ੁਰਗਾਂ ਵਾਂਗ ☐ ਅਧਿਆਪਕਾਂ ਵਾਂਗ ☐ ਬੱਚਿਆਂ ਵਾਂਗ ☐

(ੲ) 'ਮਾਂ-ਬੋਲੀ ਪੰਜਾਬੀ' ਕਵਿਤਾ ਵਿੱਚ ਪ੍ਰੀਤ-ਕਹਾਣੀ ਲਿਖਣ ਵਾਲ਼ੇ ਕਿਹੜੇ ਕਵੀ ਦੀ ਗੱਲ ਕੀਤੀ ਹੈ ?

ਬਾਬਾ ਫ਼ਰੀਦ ☐ ਵਾਰਸ ਸ਼ਾਹ ☐ ਅੰਮ੍ਰਿਤਾ ਪ੍ਰੀਤਮ ☐ ਸੁਰਜੀਤ ਪਾਤਰ ☐

(ਸ) ਸਾਡੀ ਮਾਂ-ਬੋਲੀ ਕਿਹੜੀ ਹੈ ?

ਪੰਜਾਬੀ ☐ ਬੰਗਾਲੀ ☐ ਉਰਦੂ ☐ ਅੰਗਰੇਜ਼ੀ ☐

(ਹ) ਸਾਡੀ ਮਾਂ-ਬੋਲੀ ਸਾਨੂੰ ਕਿਸ ਤੋਂ ਵੱਧ ਪਿਆਰੀ ਹੈ ?

ਜਿੰਦ-ਜਾਨ ਤੋਂ ☐ ਖਾਣ-ਪੀਣ ਤੋਂ ☐ ਸੌਣ-ਜਾਗਣ ਤੋਂ ☐ ਆਣ-ਜਾਣ ਤੋਂ ☐

2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :

(ੳ) ਕਵਿਤਾ ਵਿੱਚ ਕਿਸ ਭਾਸ਼ਾ ਦੀ ਮਹਿਮਾ ਕੀਤੀ ਗਈ ਹੈ?

ਉੱਤਰ ..................................................................................................

(ਅ) ਕਵੀ ਮਾਂ-ਬੋਲੀ ਦੇ ਅੱਖਰ-ਅੱਖਰ ਅਤੇ ਸ਼ਬਦ-ਸ਼ਬਦ ਬਾਰੇ ਕੀ ਕਹਿੰਦਾ ਹੈ ?

ਉੱਤਰ ..................................................................................................

(ੲ) 'ਸ਼ਿਵ' ਅਤੇ 'ਪਾਤਰ' ਕਿਨ੍ਹਾਂ ਨੂੰ ਪਿਆਰੇ ਹਨ ?

ਉੱਤਰ ..................................................................................................

3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :

(ੳ) ਕਵੀ ਮਾਂ-ਬੋਲੀ ਦਾ ਸਤਿਕਾਰ ਕਿਸ ਤਰ੍ਹਾਂ ਕਰਨਾ ਚਾਹੁੰਦਾ ਹੈ ?

ਉੱਤਰ ..................................................................................................

..................................................................................................

(ਅ) ਕਵਿਤਾ ਵਿੱਚ ਕਿਹੜੇ-ਕਿਹੜੇ ਕਵੀਆਂ ਦਾ ਜ਼ਿਕਰ ਆਇਆ ਹੈ ? ਉਹਨਾਂ ਦੇ ਪੂਰੇ ਨਾਮ ਲਿਖੋ।

ਉੱਤਰ ..................................................................................................

..................................................................................................

4. ਕਵਿਤਾ ਅਨੁਸਾਰ ਪੰਕਤੀਆਂ ਪੂਰੀਆਂ ਕਰੋ :

"ਇਸ ਵਿੱਚ .................................... ਮੌਜਾਂ ਮਾਣੇ,
ਮਾਂ ਦੀ .................................... ਕੋਈ ਨਾ ਜਾਣੇ।
ਇਹ ਕਰਦੀ .................................... ਸਾਕਾਰ,
ਇਸ ਵਿੱਚ ਸਾਡਾ .................................... ।"

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| ਸ਼ਬਦ | ਵਾਕ |
|---|---|
| (ੳ) ਸਾਕਾਰ | — ਰੇਨੂੰ ਨੇ ਡਾਕਟਰ ਬਣ ਕੇ ਆਪਣੀ ਮਾਂ ਦਾ ਸੁਪਨਾ **ਸਾਕਾਰ** ਕਰ ਦਿੱਤਾ। (ਉਦਾਹਰਨ) |
| (ਅ) ਮਮਤਾ | — .................................................................. |
| (ੲ) ਮਾਂ | — .................................................................. |
| (ਸ) ਸਦਕੇ | — .................................................................. |
| (ਹ) ਸੱਭਿਆਚਾਰ | — .................................................................. |

6. ਸਾਹਮਣੇ ਦਿੱਤੀਆਂ ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ੳ) ਕਵੀ ਨੇ .......................... ਦੀ ਮਹਿਮਾ ਦਾ ਗੁਣਗਾਣ ਕੀਤਾ ਹੈ। (ਮਾਂ/ਮਾਂ-ਬੋਲੀ)

(ਅ) ਮਾਂ-ਬੋਲੀ ਵਿੱਚ .......................... ਮੌਜਾਂ ਮਾਣਦਾ ਹੈ। (ਬੁਢਾਪਾ/ਬਚਪਨ)

(ੲ) ਵਾਰਸ ਸ਼ਾਹ ਇੱਕ .......................... ਵਜੋਂ ਮਸ਼ਹੂਰ ਹੈ। (ਕਿੱਸਾਕਾਰ/ਨਾਟਕਕਾਰ)

(ਸ) ਮਾਂ-ਬੋਲੀ ਸਾਡੇ .......................... ਸਾਕਾਰ ਕਰਦੀ ਹੈ। (ਇਰਾਦੇ/ਸੁਪਨੇ)

**7. ਹੇਠਾਂ ਦਿੱਤੀ ਕਾਵਿ-ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

'ਅੰਮ੍ਰਿਤਾ', 'ਮੋਹਨ ਸਿੰਘ' ਕਵਿਤਾ ਦੇ ਤਾਰੇ,
'ਸ਼ਿਵ', 'ਪਾਤਰ' ਸਭਨਾਂ ਨੂੰ ਪਿਆਰੇ।
ਸਾਨੂੰ ਜਿੰਦ-ਜਾਨ ਤੋਂ ਪਿਆਰੀ,
ਸਾਰੇ ਜੱਗ ਵਿੱਚ ਜਾਏ ਸ਼ਿੰਗਾਰੀ।
ਮਾਂ ਤੋਂ ਜਿਹੜਾ ਲਵੇ ਅਸੀਸਾਂ,
ਕੌਣ ਕਰੇ ਪੰਜਾਬੀ ਦੀਆਂ ਰੀਸਾਂ।

(ੳ) 'ਅੰਮ੍ਰਿਤਾ', 'ਮੋਹਨ ਸਿੰਘ' ਕਵਿਤਾ ਦੇ ਕੀ ਹਨ ?

ਸੂਰਜ ☐ ਤਾਰੇ ☐ ਚੰਨ ☐ ਪਿਆਰੇ ☐

(ਅ) 'ਸ਼ਿਵ', 'ਪਾਤਰ' ਸਭਨਾਂ ਨੂੰ ਕੀ ਹਨ ?

ਪਿਆਰੇ ☐ ਦੁਸ਼ਮਣ ☐ ਦੋਸਤ ☐ ਸਾਥੀ ☐

(ੲ) ਮਾਂ-ਬੋਲੀ ਕਿੱਥੇ ਸ਼ਿੰਗਾਰੀ ਜਾਂਦੀ ਹੈ ?

ਘਰ ਵਿੱਚ ☐ ਸਕੂਲ ਵਿੱਚ ☐ ਸਾਰੇ ਜੱਗ ਵਿੱਚ ☐ ਕਿਤੇ ਵੀ ਨਹੀਂ ☐

(ਸ) ਮਾਂ ਤੋਂ ਸਾਨੂੰ ਕੀ ਲੈਣੀਆਂ ਚਾਹੀਦੀਆਂ ਹਨ ?

ਅਸੀਸਾਂ ☐ ਗਾਲ੍ਹਾਂ ☐ ਪਿਆਰ ☐ ਰੋਟੀਆਂ ☐

(ਹ) ਕਾਵਿ-ਟੁਕੜੀ ਵਿੱਚ ਕਿਸ ਭਾਸ਼ਾ ਦੀ ਗੱਲ ਕੀਤੀ ਗਈ ਹੈ ?

ਅੰਗਰੇਜ਼ੀ ਦੀ ☐ ਪੰਜਾਬੀ ਦੀ ☐ ਉਰਦੂ ਦੀ ☐ ਹਿੰਦੀ ਦੀ ☐




**1. ਨਾਂਵ ਸ਼ਬਦਾਂ ਦੇ ਹੇਠਾਂ ਲਕੀਰ ਲਗਾਓ :**

(ੳ) ਪਾਣੀ ਬਹੁਤ ਗਰਮ ਹੈ। (ਉਦਾਹਰਨ) (ਅ) ਪੱਥਰ ਚੁੱਕ ਕੇ ਲਿਆਓ।

(ੲ) ਸਾਡਾ ਭਾਰਤ ਦੇਸ਼ ਬਹੁਤ ਮਹਾਨ ਹੈ। (ਸ) ਸੂਰਜ ਤੋਂ ਸਾਨੂੰ ਪ੍ਰਕਾਸ਼ ਮਿਲ਼ਦਾ ਹੈ।

(ਹ) ਸੋਨਾ ਇੱਕ ਕੀਮਤੀ ਧਾਤ ਹੈ।

2. **ਇਸ ਕਵਿਤਾ ਵਿੱਚੋਂ ਤੁਕਾਂਤ ਮਿਲ਼ਾਉਂਦੇ ਸ਼ਬਦ ਚੁਣੋ :**

ਜਾਈਏ — ਗਾਈਏ

ਪਿਆਰ — ................................

ਤਾਰੇ — ................................

ਬੋਲੀ — ................................

ਅਸੀਸਾਂ — ................................



## ਯੋਗਤਾ ਵਿਸਤਾਰ

✤ ਆਪਣੀ ਮਾਂ-ਬੋਲੀ ਬਾਰੇ ਘੱਟੋ-ਘੱਟ ਪੰਜ ਵਾਕ ਲਿਖੋ।

........................................................................................................................

........................................................................................................................

........................................................................................................................

........................................................................................................................

........................................................................................................................



## ਅਧਿਆਪਕ ਲਈ

✤ ਵਿਦਿਆਰਥੀਆਂ ਨੂੰ ਆਖਿਆ ਜਾ ਸਕਦਾ ਹੈ ਕਿ ਉਹ ਮਾਂ-ਬੋਲੀ ਪੰਜਾਬੀ ਬਾਰੇ ਲਿਖੀ ਗਈ ਕੋਈ ਹੋਰ ਕਵਿਤਾ, ਕਹਾਣੀ ਜਾਂ ਲੇਖ ਲੱਭਣ।

✤ ਸੱਭਿਆਚਾਰ ਦੇ ਅਨੇਕਾਂ ਪੱਖ ਹਨ। ਇਸ ਵਿੱਚ ਸਾਡੇ ਵਿਸ਼ਵਾਸ, ਰਸਮ-ਰਿਵਾਜ, ਕੰਮ-ਧੰਦੇ, ਖੇਡਾਂ, ਕਲਾਵਾਂ, ਲੋਕ-ਗੀਤ, ਲੋਕ-ਕਹਾਣੀਆਂ, ਮੇਲੇ, ਤਿਉਹਾਰ, ਪਹਿਰਾਵਾ— ਸਮੁੱਚੀ ਜੀਵਨ-ਜਾਚ ਆ ਜਾਂਦੀ ਹੈ। ਇਹ ਸਭ ਕੁਝ ਸਾਡੀ ਮਾਂ-ਬੋਲੀ ਵਿੱਚ ਮਿਲ਼ਦਾ ਹੈ। ਉਦਾਹਰਨ ਲਈ 'ਕਿੱਕਲ਼ੀ ਕਲੀਰ ਦੀ' ਵਾਲ਼ਾ ਲੋਕ-ਗੀਤ ਅਤੇ ਖੇਡ ਅੰਗਰੇਜ਼ੀ ਜਾਂ ਫ਼ਰਾਂਸੀਸੀ ਵਿੱਚ ਨਹੀਂ ਮਿਲ਼ ਸਕਦੀ।

✤ ਮਾਂ-ਬੋਲੀ ਵਿੱਚ 'ਬਚਪਨ ਮੌਜਾਂ ਮਾਣੇ' ਤੋਂ ਭਾਵ ਹੈ ਕਿ ਇਸ ਬੋਲੀ ਵਿੱਚ ਬੱਚੇ ਲੋਰੀਆਂ ਸੁਣਦੇ ਹਨ। ਫਿਰ ਖੇਡਾਂ ਖੇਡਦੇ ਹੋਏ, ਖੇਡਾਂ ਨਾਲ਼ ਜੁੜੇ ਗੀਤ ਗਾਉਂਦੇ ਹਨ।




# ਜੀਭ ਦਾ ਰਸ

## ਪਾਠ ਬਾਰੇ ਚਰਚਾ

- 'ਜੀਭ ਦਾ ਰਸ' ਤੋਂ ਕੀ ਭਾਵ ਹੈ ?
- ਕੀ ਤੁਹਾਡੇ ਆਸ-ਪਾਸ ਸਭ ਮਿੱਠਾ ਬੋਲਦੇ ਹਨ ?
- ਕੀ ਤੁਹਾਡੇ ਨਾਲ਼ ਕਦੇ ਕਿਸੇ ਨੇ ਕੌੜਾ ਬੋਲਿਆ ਹੈ ?

ਇੱਕ ਵਾਰ ਇੱਕ ਬੰਦਾ ਸੀ। ਉਹ ਮੂਰਖ ਕਿਸਮ ਦਾ ਇਨਸਾਨ ਸੀ। ਉਸ ਨੂੰ ਬਿਨਾਂ ਸੋਚੇ-ਸਮਝੇ ਬੋਲਣ ਦੀ ਆਦਤ ਸੀ। ਇੱਕ ਵਾਰ ਸਫ਼ਰ ਕਰਦਿਆਂ ਉਸ ਨੂੰ ਜ਼ੋਰ ਦੀ ਭੁੱਖ ਲੱਗੀ। ਉਹ ਪਿੰਡ ਵਿੱਚ ਕਿਸੇ ਦੇ ਘਰ ਰੋਟੀ ਮੰਗਣ ਚਲਾ ਗਿਆ। ਘਰ ਵਿੱਚ ਬੁੱਢੀ ਮਾਈ ਇਕੱਲੀ ਸੀ। ਉਸ ਨੇ ਇਸ ਭੁੱਖੇ ਰਾਹੀ ਲਈ ਚੌਲ਼ ਰਿੱਝਣੇ ਧਰ ਦਿੱਤੇ।

ਮੂਰਖ ਰਾਹੀ ਤੋਂ ਚੁੱਪ ਨਾ ਬੈਠਿਆ ਗਿਆ। ਉਹ ਬੋਲਿਆ, "ਮਾਈ! ਮੱਝਾਂ ਬੜੀਆਂ ਸੋਹਣੀਆਂ ਹਨ।"

> ਰਿੱਝਣੇ—ਪੱਕਣੇ (to cook)।

"ਰੱਬ ਦਾ ਸ਼ੁਕਰ ਹੈ, ਵੀਰਾ।" ਮਾਈ ਨੇ ਕਿਹਾ।

"ਪਰ ਤੇਰੇ ਘਰ ਦਾ ਬੂਹਾ ਤਾਂ ਬਹੁਤ ਛੋਟਾ ਹੈ । ਜੇ ਤੇਰੀਆਂ ਮੱਝਾਂ ਮਰ ਜਾਣ ਤਾਂ ਬੂਹੇ ਵਿੱਚੋਂ ਕਿਵੇਂ ਲੰਘਾਏਂਗੀ ?," ਮੂਰਖ ਨੇ ਕਿਹਾ।

"ਚੰਗੀ ਭਾਖਿਆ ਮੂੰਹੋਂ ਕੱਢ ਭਾਈ, ਮੇਰੀਆਂ ਮੱਝਾਂ ਕਿਉਂ ਮਰਨ ਭਲਾ।" ਮਾਈ ਨੇ ਠਰ੍ਹੰਮੇ ਨਾਲ਼ ਕਿਹਾ।



ਮੂਰਖ ਨੇ ਫਿਰ ਮਾਈ ਦੇ ਪੁੱਤਰਾਂ ਬਾਰੇ ਪੁੱਛਿਆ। ਮਾਈ ਨੇ ਕਿਹਾ ਉਸ ਦਾ ਇੱਕੋ-ਇੱਕ ਪੁੱਤਰ ਹੈ। ਫਿਰ ਮੂਰਖ ਕਹਿਣ ਲੱਗਿਆ, "ਜੇ ਉਹ ਮਰ ਜਾਵੇ ਤਾਂ ਤੂੰ ਇਕੱਲੀ ਰਹਿ ਜਾਵੇਂਗੀ।"

ਮਾਈ ਤੋਂ ਹੋਰ ਸੁਣਿਆ ਨਾ ਗਿਆ। ਉਸ ਨੇ ਗੁੱਸੇ ਵਿੱਚ ਆ ਕੇ ਚੁੱਲ੍ਹੇ ਉੱਤੇ ਰਿੱਝਦੇ ਚੌਲ਼ਾਂ ਦੀ ਪਤੀਲੀ ਮੂਰਖ ਦੀ ਝੋਲ਼ੀ ਵਿੱਚ ਉਲਟ ਦਿੱਤੀ।

ਮੂਰਖ ਉੱਥੋਂ ਭੱਜ ਤੁਰਿਆ। ਗਲ਼ੀ ਵਿੱਚ ਜਾਂਦੇ ਨੂੰ ਉਸ ਦੀ ਝੋਲ਼ੀ ਵੱਲ ਵੇਖ ਕੇ ਕਿਸੇ ਨੇ ਪੁੱਛਿਆ, "ਭਾਈ ਅਹਿ ਕੀ ਚੋ ਰਿਹਾ ਹੈ ?"



ਮੂਰਖ ਨੇ ਕਿਹਾ, "ਕੀ ਦੱਸਾਂ ਭਾਈ, ਬੱਸ ਜੀਭ ਦਾ ਰਸ ਚੋ ਰਿਹਾ ਹੈ।"

ਜੀਭ ਸਾਡੇ ਸਰੀਰ ਦਾ ਛੋਟਾ ਜਿਹਾ ਅੰਗ ਹੈ। ਜੀਭ ਛੋਟੀ ਤਾਂ ਹੈ ਪਰ ਇਹ ਕੰਮ ਬਹੁਤ ਵੱਡੇ ਕਰਦੀ ਹੈ। ਇਹ ਸਾਨੂੰ ਦੱਸਦੀ ਹੈ ਕਿ ਕਿਹੜੀ ਚੀਜ਼ ਮਿੱਠੀ, ਕੌੜੀ, ਖੱਟੀ ਜਾਂ ਬਕਬਕੀ ਹੈ।

ਜੀਭ ਦਾ ਇੱਕ ਹੋਰ ਕੰਮ ਹੈ ਬੋਲਣਾ। ਬੋਲਣ ਵੇਲ਼ੇ ਜੀਭ ਕਦੇ ਦੰਦਾਂ ਨੂੰ ਛੂੰਹਦੀ ਹੈ, ਕਦੀ ਤਾਲੂ ਨੂੰ। ਮੂੰਹ ਵਿੱਚ ਜੀਭ ਦੀ ਹਿਲ-ਜੁਲ ਕਾਰਨ ਹੀ ਅਸੀਂ ਬੋਲ ਸਕਦੇ ਹਾਂ। ਜੀਭ ਹੀ ਸਾਨੂੰ ਤਰ੍ਹਾਂ-ਤਰ੍ਹਾਂ ਦੀਆਂ ਅਵਾਜ਼ਾਂ ਮੂੰਹ ਵਿੱਚੋਂ ਕੱਢਣ ਦੇ ਯੋਗ ਬਣਾਉਂਦੀ ਹੈ। ਮਿੱਠਾ ਤੇ ਸੁਰੀਲਾ ਗਾਉਣ ਵਾਲ਼ੇ ਵੀ ਜੀਭ ਤੋਂ ਬਿਨਾਂ ਗਾ ਨਹੀਂ ਸਕਦੇ।

ਜੀਭ ਨਾਲ਼ ਮਿੱਠਾ ਵੀ ਬੋਲਿਆ ਜਾ ਸਕਦਾ ਹੈ ਅਤੇ ਕੌੜਾ ਵੀ। ਪਰ ਜੀਭ ਆਪਣੇ-ਆਪ ਕੁਝ ਨਹੀਂ ਬੋਲਦੀ। ਜਿਵੇਂ ਕੋਈ ਬੋਲਣਾ ਚਾਹੁੰਦਾ ਹੈ, ਤਿਵੇਂ ਉਸ ਦੀ ਜੀਭ ਬੋਲਦੀ ਹੈ।

ਸੁਰੀਲਾ—ਮਿੱਠਾ (sweet)। ਬੋਲ-ਬਾਣੀ—ਬੋਲਣ ਦਾ ਤਰੀਕਾ (way of talking)।

ਸਿਆਣੇ ਲੋਕ ਧਿਆਨ ਨਾਲ਼ ਬੋਲਦੇ ਹਨ। ਆਪਣੇ ਮੂੰਹ ਵਿੱਚੋਂ ਕੋਈ ਕੌੜਾ ਸ਼ਬਦ ਨਹੀਂ ਬੋਲਦੇ। ਉਹ ਕੋਈ ਅਜਿਹਾ ਸ਼ਬਦ ਮੂੰਹ ਉੱਤੇ ਨਹੀਂ ਲਿਆਉਂਦੇ ਜਿਸ ਨਾਲ਼ ਸੁਣਨ ਵਾਲ਼ੇ ਨੂੰ ਦੁੱਖ ਪਹੁੰਚੇ। ਜਦੋਂ ਕੋਈ ਆਪਣੀ ਬੋਲ-ਬਾਣੀ ਚੰਗੀ ਰੱਖਦਾ ਹੈ ਤਾਂ ਸਾਰੇ ਉਸ ਨੂੰ ਚੰਗਾ ਮਨੁੱਖ ਕਹਿੰਦੇ ਹਨ।

ਕਈ ਬੰਦੇ ਬੋਲਣ ਵੇਲ਼ੇ ਧਿਆਨ ਨਹੀਂ ਰੱਖਦੇ। ਉਹ ਅਣਜਾਣੇ ਹੀ ਕੌੜਾ ਬੋਲ ਜਾਂਦੇ ਹਨ। ਬਾਅਦ ਵਿੱਚ ਉਹਨਾਂ ਨੂੰ ਉਸ ਮੂਰਖ ਰਾਹੀ ਵਾਂਗ ਪਛਤਾਉਣਾ ਪੈਂਦਾ ਹੈ। ਕਈ ਜਾਣ-ਬੁੱਝ ਕੇ ਕੌੜਾ ਬੋਲਦੇ ਹਨ। ਗਾਲ੍ਹਾਂ ਕੱਢਣੀਆਂ, ਕੌੜਾ ਬੋਲਣਾ ਹੀ ਹੈ। ਕਿਸੇ ਦੀ ਪਿੱਠ ਪਿੱਛੇ ਬੁਰਾਈ ਕਰਨਾ ਵੀ ਕੌੜਾ ਬੋਲਣਾ ਹੈ।

ਕੌੜਾ ਜਾਂ ਮੰਦਾ ਬੋਲਣ ਨਾਲ਼ ਅਨੇਕਾਂ ਵਿਗਾੜ ਪੈਦਾ ਹੁੰਦੇ ਹਨ। ਲੜਾਈਆਂ-ਝਗੜੇ ਹੋ ਜਾਂਦੇ ਹਨ। ਜੋ ਮਿੱਤਰ ਹੁੰਦੇ ਹਨ, ਉਹ ਦੁਸ਼ਮਣ ਬਣ ਜਾਂਦੇ ਹਨ। ਸਿਆਣੇ ਕਹਿੰਦੇ ਹਨ ਕਿ ਸਰੀਰ ਉੱਤੇ ਲੱਗਿਆ ਫੱਟ ਸਮਾਂ ਪਾ ਕੇ ਰਾਜ਼ੀ ਹੋ ਜਾਂਦਾ ਹੈ ਪਰ ਕੌੜੇ ਬੋਲਾਂ ਕਾਰਨ ਲੱਗੀ ਠੇਸ ਬਹੁਤ ਦੇਰ ਤੱਕ ਯਾਦ ਰਹਿੰਦੀ ਹੈ।

> **ਬੜਬੋਲਾ**—ਬਹੁਤ ਬੋਲਣ ਵਾਲ਼ਾ (who speaks a lot)।
> **ਕਰਤਾਰੋਂ**—ਪਰਮਾਤਮਾ ਤੋਂ (from God)।

ਇਹ ਛੋਟੀ ਦਿਸਦੀ ਜੀਭ ਦੁੱਖ ਵੀ ਦਿੰਦੀ ਹੈ ਅਤੇ ਸੁਖ ਵੀ। ਜੇ ਕੋਈ ਬੇਮਤਲਬ ਬੋਲੀ ਜਾਵੇ ਤਾਂ ਕਹਿੰਦੇ ਹਨ, ਉਸ ਦੀ ਜੀਭ ਕੈਂਚੀ ਵਾਂਗ ਚੱਲਦੀ ਹੈ। ਜੋ ਬਿਨਾਂ ਸੋਚੇ-ਸਮਝੇ ਬੋਲੇ, ਉਸ ਨੂੰ ਬੜਬੋਲਾ ਕਹਿੰਦੇ ਹਨ।

ਇਸ ਲਈ ਸਾਨੂੰ ਚਾਹੀਦਾ ਹੈ ਕਿ ਕੋਈ ਅਜਿਹਾ ਬੋਲ ਨਾ ਬੋਲੀਏ ਜਿਸ ਨਾਲ਼ ਦੂਜੇ ਦੇ ਮਨ ਨੂੰ ਠੇਸ ਪੁੱਜੇ। ਸਿਆਣੇ ਕਹਿੰਦੇ ਹਨ—ਕੌੜਾ ਬੋਲ ਨਾ ਬੋਲੀਏ, ਕਰਤਾਰੋਂ ਡਰੀਏ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਮਾਈ ਦੇ ਘਰ ਦਾ ਬੂਹਾ ਕਿਹੋ ਜਿਹਾ ਸੀ ?

ਖੁੱਲ੍ਹਾ ☐ ਬਹੁਤ ਛੋਟਾ ☐ ਉੱਚਾ ☐ ਲੰਮਾ ☐

(ਅ) ਜੀਭ ਸਾਡੇ ਸਰੀਰ ਦਾ ਕਿਹੋ ਜਿਹਾ ਅੰਗ ਹੈ ?

ਛੋਟਾ ☐ ਵੱਡਾ ☐ ਤੇਜ਼ ☐ ਖੁੰਢਾ ☐

(ੲ) ਮਿੱਠਾ ਤੇ ਸੁਰੀਲਾ ਗਾਉਣ ਵਾਲ਼ੇ ਕਿਸ ਬਿਨਾਂ ਨਹੀਂ ਗਾ ਸਕਦੇ ?

ਸਾਜ ☐ ਅਵਾਜ਼ ☐ ਜੀਭ ☐ ਨੱਕ ☐

(ਸ) ਕੌੜਾ ਬੋਲ ਨਾ ਬੋਲੀਏ, .................. ਡਰੀਏ।

ਕਰਤਾਰੋਂ ☐ ਸਰਦਾਰੋਂ ☐ ਗੁਰੂ ਤੋਂ ☐ ਰੱਬ ਤੋਂ ☐

(ਹ) ਬੇਮਤਲਬ ਬੋਲੀ ਜਾਣ ਵਾਲ਼ੇ ਦੀ ਜੀਭ ਕਿਵੇਂ ਚੱਲਦੀ ਹੈ ?

ਦਾਤੀ ਵਾਂਗ ☐ ਕੈਂਚੀ ਵਾਂਗ ☐ ਆਰੀ ਵਾਂਗ ☐ ਤਲਵਾਰ ਵਾਂਗ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਰਾਹੀ ਕਿਸ ਕਿਸਮ ਦਾ ਆਦਮੀ ਸੀ ?

ਉੱਤਰ ..............................................................................................

(ਅ) ਮੂਰਖ ਇਨਸਾਨ ਪਿੰਡ ਵਿੱਚ ਕੀ ਕਰਨ ਗਿਆ ?

ਉੱਤਰ ..............................................................................................

(ੲ) ਬੁੱਢੀ ਮਾਈ ਦੇ ਕਿੰਨੇ ਪੁੱਤਰ ਸਨ ?

ਉੱਤਰ ..............................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਮੂਰਖ ਇਨਸਾਨ ਦੀਆਂ ਗੱਲਾਂ ਸੁਣ ਕੇ ਮਾਈ ਨੇ ਕੀ ਕੀਤਾ ?

ਉੱਤਰ ..............................................................................................

..............................................................................................

(ਅ) ਜੀਭ ਕਿਹੋ ਜਿਹੇ ਕੰਮ ਕਰਦੀ ਹੈ ?

ਉੱਤਰ ..............................................................................................

..............................................................................................

(ੲ) ਕੌੜਾ ਬੋਲਣ ਨਾਲ਼ ਕੀ ਹੁੰਦਾ ਹੈ ?

ਉੱਤਰ ..............................................................................................

..............................................................................................

**4. ਬਰੈਕਟ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ਬੋਲਣਾ, ਦੁੱਖ, ਸੁਖ, ਆਪਣੇ-ਆਪ, ਅਣਜਾਣੇ, ਵਿਗਾੜ)

(ੳ) ਕੌੜਾ ਜਾਂ ਮੰਦਾ ਬੋਲਣ ਨਾਲ਼ ਅਨੇਕਾਂ .................................... ਪੈਦਾ ਹੁੰਦੇ ਹਨ।

(ਅ) ਇਹ ਛੋਟੀ ਦਿਸਦੀ ਜੀਭ .................. ਵੀ ਦਿੰਦੀ ਹੈ ਅਤੇ .................. ਵੀ।

(ੲ) ਉਹ .................................... ਹੀ ਕੌੜਾ ਬੋਲ ਜਾਂਦੇ ਹਨ।

(ਸ) ਜੀਭ .................................... ਕੁਝ ਨਹੀਂ ਬੋਲਦੀ।

(ਹ) ਜੀਭ ਦਾ ਇੱਕ ਹੋਰ ਕੰਮ ਹੈ ................।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

**ਸ਼ਬਦ** **ਵਾਕ**

(ੳ) ਠਰ੍ਹੰਮਾ — ਮਾਈ ਨੇ ਉਸ ਵਿਅਕਤੀ ਨਾਲ਼ **ਠਰ੍ਹੰਮੇ** ਨਾਲ਼ ਗੱਲ ਕੀਤੀ। (ਉਦਾਹਰਨ)

(ਅ) ਬਕਬਕੀ — ..............................................................................................

(ੲ) ਚੁੱਲ੍ਹੇ — ..............................................................................................................

(ਸ) ਬੜਬੋਲਾ — ..............................................................................................................

(ਹ) ਜੀਭ — ..............................................................................................................

(ਕ) ਫੱਟ — ..............................................................................................................

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਜੋ ਬਿਨਾਂ ਸੋਚੇ-ਸਮਝੇ ਬੋਲਦੇ ਹਨ, ਉਹ ਸਿਆਣੇ ਅਖਵਾਉਂਦੇ ਹਨ। ☐

(ਅ) ਜੀਭ ਆਪਣੇ-ਆਪ ਕੁਝ ਨਹੀਂ ਬੋਲਦੀ। ☐

(ੲ) ਮੂਰਖ ਬੰਦਾ ਸੋਚ-ਸਮਝ ਕੇ ਬੋਲਦਾ ਸੀ। ☐

(ਸ) ਜੀਭ ਕਦੇ ਦੰਦਾਂ ਨੂੰ ਛੂੰਹਦੀ ਹੈ, ਕਦੇ ਤਾਲੂ ਨੂੰ। ☐

(ਹ) ਮਾਈ ਦੇ ਤਿੰਨ ਪੁੱਤਰ ਸਨ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਸਿਆਣੇ ਲੋਕ ਧਿਆਨ ਨਾਲ਼ ਬੋਲਦੇ ਹਨ। ਆਪਣੇ ਮੂੰਹ ਵਿੱਚੋਂ ਕੋਈ ਕੌੜਾ ਸ਼ਬਦ ਨਹੀਂ ਬੋਲਦੇ। ਉਹ ਕੋਈ ਅਜਿਹਾ ਸ਼ਬਦ ਮੂੰਹ ਉੱਤੇ ਨਹੀਂ ਲਿਆਉਂਦੇ ਜਿਸ ਨਾਲ਼ ਸੁਣਨ ਵਾਲ਼ੇ ਨੂੰ ਦੁੱਖ ਪਹੁੰਚੇ। ਜਦੋਂ ਕੋਈ ਆਪਣੀ ਬੋਲ-ਬਾਣੀ ਚੰਗੀ ਰੱਖਦਾ ਹੈ ਤਾਂ ਸਾਰੇ ਉਸ ਨੂੰ ਚੰਗਾ ਮਨੁੱਖ ਕਹਿੰਦੇ ਹਨ। ਕਈ ਬੰਦੇ ਬੋਲਣ ਵੇਲ਼ੇ ਧਿਆਨ ਨਹੀਂ ਰੱਖਦੇ। ਉਹ ਅਣਜਾਣੇ ਹੀ ਕੌੜਾ ਬੋਲ ਜਾਂਦੇ ਹਨ। ਬਾਅਦ ਵਿੱਚ ਉਹਨਾਂ ਨੂੰ ਉਸ ਮੂਰਖ ਰਾਹੀ ਵਾਂਗ ਪਛਤਾਉਣਾ ਪੈਂਦਾ ਹੈ। ਕਈ ਜਾਣ-ਬੁੱਝ ਕੇ ਕੌੜਾ ਬੋਲਦੇ ਹਨ।

(ੳ) ਸਿਆਣੇ ਲੋਕ ਕਿਵੇਂ ਬੋਲਦੇ ਹਨ ?

ਉੱਚੀ ☐ ਤੇਜ਼ ☐ ਧਿਆਨ ਨਾਲ਼ ☐ ਬੇਧਿਆਨੇ ☐

(ਅ) ਕੌਣ ਆਪਣੇ ਮੂੰਹ ਵਿੱਚੋਂ ਕੌੜਾ ਸ਼ਬਦ ਨਹੀਂ ਬੋਲਦੇ ?

ਮੂਰਖ ☐ ਸਿਆਣੇ ☐ ਅਮੀਰ ☐ ਗ਼ਰੀਬ ☐

(ੲ) ਚੰਗੀ ਬੋਲ-ਬਾਣੀ ਰੱਖਣ ਵਾਲ਼ੇ ਨੂੰ ਸਾਰੇ ਕੀ ਕਹਿੰਦੇ ਹਨ ?

ਆਲਸੀ ਮਨੁੱਖ ☐ ਚੰਗਾ ਮਨੁੱਖ ☐

ਪਰਉਪਕਾਰੀ ਮਨੁੱਖ ☐ ਭੈੜਾ ਮਨੁੱਖ ☐

(ਸ) ਜੋ ਬੰਦੇ ਬੋਲਣ ਵੇਲ਼ੇ ਧਿਆਨ ਨਹੀਂ ਦਿੰਦੇ ਬਾਅਦ ਵਿੱਚ ਕਿਸ ਵਾਂਗ ਪਛਤਾਉਂਦੇ ਹਨ ?

ਮੂਰਖ ਰਾਹੀ ਵਾਂਗ ☐ ਮੂਰਖ ਵਾਗੀ ਵਾਂਗ ☐

ਮੂਰਖ ਬੱਚੇ ਵਾਂਗ ☐ ਮੂਰਖ ਇਨਸਾਨ ਵਾਂਗ ☐

(ਹ) ਕਈ ਜਾਣ-ਬੁੱਝ ਕੇ ਕਿਹੋ ਜਿਹਾ ਬੋਲਦੇ ਹਨ ?

ਕੌੜਾ ☐ ਮਿੱਠਾ ☐ ਫਿੱਕਾ ☐ ਬਕਬਕਾ ☐



# ਵਿਆਕਰਨ

**1. ਸ਼ੁੱਧ ਸ਼ਬਦ-ਜੋੜ 'ਤੇ ਗੋਲ਼ਾ ◯ ਲਗਾਓ :**

| | | | | |
|---|---|---|---|---|
| (ੳ) | ਮਧਾਨੀ | ਮਦਾਨੀ | ਮਧਾਣੀ | ਮਾਧਾਣੀ |
| (ਅ) | ਅਭਿਆਸ | ਅਬੇਆਸ | ਅਭੀਆਸ | ਆਭੀਆਸ |
| (ੲ) | ਸਾਦੂ | ਸਾਦੁ | ਸਾਧੂ | ਸਾਧੁ |
| (ਸ) | ਬੁਡਾ | ਬੁੱਡਾ | ਬੂਡਾ | ਬੁੱਢਾ |
| (ਹ) | ਬੌਹਤ | ਬਹੁਤ | ਬੋਹਤ | ਬੁਹਤ |
| (ਕ) | ਏਨਕ | ਐਣਕ | ਏਣਕ | ਐਨਕ |

**2. ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣੋ :**

(ੳ) ਸਿਮਰਨ ਬਹੁਤ ਹੱਸਦਾ ਹੈ। ..............................

(ਅ) ਥਾਣੇਦਾਰ ਮੁਜਰਮ ਨੂੰ ਕੁੱਟ ਰਿਹਾ ਹੈ। ..............................

(ੲ) ਕੁੜੀਆਂ ਨੇ ਗਿੱਧਾ ਪਾਇਆ। ..............................

(ਸ) ਮੁੰਡਾ ਕ੍ਰਿਕਟ ਖੇਡਦਾ ਹੈ। ..............................

(ਹ) ਕਿਸਾਨ ਹਲ਼ ਵਾਹ ਰਹੇ ਹਨ। ..............................

**3. ਹੇਠਾਂ ਦਿੱਤੇ ਵਾਕਾਂ ਨੂੰ ਵਿਸਰਾਮ ਚਿੰਨ੍ਹ ਲਾ ਕੇ ਲਿਖੋ :**

(ੳ) ਤੁਸੀਂ ਕਿਹੜੀ ਜਮਾਤ ਵਿੱਚ ਪੜ੍ਹਦੇ ਹੋ ............................................................

(ਅ) ਮੈਂ ਪੰਜਵੀਂ ਜਮਾਤ ਵਿੱਚ ਪੜ੍ਹਦਾ ਹਾਂ ............................................................

(ੲ) ਵਾਹ ਅਸੀਂ ਮੇਲੇ ਜਾਵਾਂਗੇ ............................................................

(ਸ) ਆਓ ਬਜ਼ਾਰ ਚਲੀਏ ਅਮਨ ਨੇ ਕਿਹਾ ............................................................

**4. ਮੁਹਾਵਰਿਆਂ ਦੇ ਅਰਥ ਲਿਖੋ :**

ਹੱਡ ਭੰਨਣੇ — ..............................

ਸਾਹ ਸੁੱਕਣਾ — ..............................

ਇੱਟ ਘੜੇ ਦਾ ਵੈਰ — ..............................

ਅਕਲ 'ਤੇ ਪਰਦਾ ਪੈਣਾ — ..............................

ਈਦ ਦਾ ਚੰਨ ਹੋਣਾ — ..............................

ਕੰਨ ਭਰਨੇ — ..............................

## ਯੋਗਤਾ ਵਿਸਤਾਰ

- ਵਿਦਿਆਰਥੀ 'ਜੀਭ ਦਾ ਰਸ' ਵਿਸ਼ੇ 'ਤੇ ਪੈਰਾ ਲਿਖਣ।

- ਵਿਦਿਆਰਥੀ ਕੌੜਾ ਬੋਲਣ ਦੇ ਨੁਕਸਾਨ ਬਾਰੇ ਦਸ ਵਾਕ ਲਿਖਣ।

## ਅਧਿਆਪਕ ਲਈ

- ਅਧਿਆਪਕ ਵਿਦਿਆਰਥੀਆਂ ਨੂੰ ਮਿੱਠਾ ਬੋਲਣ ਦੇ ਲਾਭਾਂ ਬਾਰੇ ਦੱਸ ਕੇ ਹਮੇਸ਼ਾਂ ਮਿੱਠਾ ਬੋਲਣ ਦੀ ਸਿੱਖਿਆ ਦੇਣ।

# ਮਾਡਲ ਟੈੱਸਟ ਪੇਪਰ–2

**ਜਮਾਤ-5 (ਪਾਠ 7 ਤੋਂ 12)**

**ਸਮਾਂ : 1 ਘੰਟਾ 30 ਮਿੰਟ** **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✔) ਕਰੋ—** **(4 × 2 = 8)**

(ੳ) ਸ੍ਰੀ ਅਨੰਦਪੁਰ ਸਾਹਿਬ ਸ਼ਹਿਰ ਦਾ ਪਹਿਲਾ ਨਾਂ ਕੀ ਸੀ ?

ਸੀਤਾਪੁਰ ☐ ਅਨੰਦਗੜ੍ਹ ☐ ਰਾਮਪੁਰ ☐ ਚੱਕ ਨਾਨਕੀ ☐

(ਅ) ਪਾਣੀ ਅਕਾਸ਼ ਵਿੱਚ ਕਿਵੇਂ ਪਹੁੰਚ ਜਾਂਦਾ ਹੈ ?

ਉੱਡ ਕੇ ☐ ਠੰਢ ਨਾਲ਼ ☐ ਤਪਸ਼ ਨਾਲ਼ ☐ ਘੁੰਮ ਕੇ ☐

(ੲ) ਬੀਰਬਲ ਦੇ ਪੁੱਤਰ ਨੇ ਪਹਿਲੇ ਸਵਾਲ ਦਾ ਉੱਤਰ ਦੇਣ ਲਈ ਕੀ ਮਿਲ਼ਿਆ ਦੁੱਧ ਮੰਗਵਾਇਆ ?

ਖੰਡ ☐ ਬਰਫ਼ ☐ ਗੁੜ ☐ ਸ਼ਹਿਦ ☐

(ਸ) ਮਾਈ ਦੇ ਘਰ ਦਾ ਬੂਹਾ ਕਿਹੋ ਜਿਹਾ ਸੀ ?

ਖੁੱਲ੍ਹਾ ☐ ਬਹੁਤ ਛੋਟਾ ☐ ਉੱਚਾ ☐ ਲੰਮਾ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 2 = 8)**

(ੳ) ਖ਼ਾਲਸਾ ਪੰਥ ਦੀ ਸਾਜਨਾ ਕਿਸ ਨੇ ਅਤੇ ਕਦੋਂ ਕੀਤੀ ਸੀ ?

ਉੱਤਰ— ..........................................................................................

(ਅ) ਖਜੂਰਾਂ ਕਿੱਥੇ ਉੱਗੀਆਂ ਹੋਈਆਂ ਸਨ ?

ਉੱਤਰ— ..........................................................................................

(ੲ) ਕਵਿਤਾ 'ਮਾਂ-ਬੋਲੀ' ਵਿੱਚ ਕਿਸ ਭਾਸ਼ਾ ਦੀ ਮਹਿਮਾ ਕੀਤੀ ਗਈ ਹੈ ?

ਉੱਤਰ— ..........................................................................................

(ਸ) ਬੁੱਢੀ ਮਾਈ ਦੇ ਕਿੰਨੇ ਪੁੱਤਰ ਸਨ ?

ਉੱਤਰ— ..........................................................................................

**3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ—** **(2 × 3 = 6)**

(ੳ) ਸ੍ਰੀ ਅਨੰਦਪੁਰ ਸਾਹਿਬ ਵਿੱਚ ਕਿਹੜੇ-ਕਿਹੜੇ ਇਤਿਹਾਸਿਕ ਗੁਰਦੁਆਰੇ ਹਨ ?

ਉੱਤਰ— ..........................................................................................

..........................................................................................

(ਅ) ਅਕਬਰ ਨੇ ਬੀਰਬਲ ਕੋਲ਼ੋਂ ਕਿਸ ਨਾਲ਼ ਜੁੜੇ ਸਵਾਲ ਪੁੱਛੇ ਅਤੇ ਉਹ ਸਵਾਲ ਕਿਹੜੇ ਸਨ ?

ਉੱਤਰ— ..........................................................................................

..........................................................................................

**4. ਹੇਠਾਂ ਦਿੱਤੀਆਂ ਪੰਕਤੀਆਂ ਪੂਰੀਆਂ ਕਰੋ—** **(3 × 2 = 6)**

(ੳ) .................................. ਜਿਉਂ ਭੱਠੀ ਵਿੱਚ ਕੋਲ਼ਾ।

(ਅ) ਮਾਂ ਦੀ .................................. ਕੋਈ ਨਾ ਜਾਣੇ।

(ੲ) ਬੱਦਲ਼ ਬਣ-ਬਣ ਆਉਂਦਾ ਹਾਂ ............................।

**5. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :** **(5 × 1 = 5)**

ਨਵਰਾਜ ਸਿੰਘ ਪਹਿਲੋਂ ਹੱਸਿਆ ਤੇ ਫਿਰ ਗੰਭੀਰ ਹੋ ਗਿਆ, "ਸੱਚੀ ਦੱਸਾਂ! ਖਜੂਰਾਂ ਬਾਰੇ ਮੈਂ ਕੁਝ ਨਹੀਂ ਜਾਣਦਾ। ਜਦੋਂ ਕਦੀ ਵੀ ਮੈਂ ਬਤਾਲ਼ੀ ਸੈਕਟਰ ਦੇ ਵਿੱਚੋਂ ਦੀ ਲੰਘਦਾ ਸਾਂ ਤਾਂ ਇਹਨਾਂ ਦੋਹਾਂ ਖਜੂਰਾਂ ਨੂੰ ਵੇਖਦਾ ਸਾਂ। ਉੱਥੇ ਆਥ਼ਰਾਂ ਦੀ ਧੁੱਪ ਸੀ ਤੇ ਭੱਠੀ ਦੇ ਸੇਕ ਵਰਗਾ ਤਾਅ ਸੀ। ਉਹਨਾਂ ਖਜੂਰਾਂ ਦੇ ਨੇੜੇ-ਤੇੜੇ ਚੁਲ਼ੀ ਭਰ ਪਾਣੀ ਵੀ ਨਹੀਂ ਸੀ। ਉਹ ਫੇਰ ਵੀ ਸੜ-ਸੁੱਕ ਕੇ ਮਰੀਆਂ ਨਹੀਂ ਸਨ। ਉਹਨਾਂ ਦੇ ਜਿਊਣ ਦੀ ਇੱਛਾ ਕਮਾਲ ਸੀ। ਮੈਨੂੰ ਪਤਾ ਲੱਗ ਗਿਆ ਸੀ, ਉਹਨਾਂ ਖਜੂਰਾਂ ਨੂੰ ਹਰ ਹਾਲ ਵਿੱਚ ਜਿਊਣਾ ਆਉਂਦਾ ਸੀ ਭਾਵੇਂ ਜੜ੍ਹਾਂ ਕੱਟੀਆਂ ਹੋਈਆਂ ਹੀ ਹੋਣ।"

(ੳ) ਨਵਰਾਜ ਸਿੰਘ ਹੱਸਣ ਤੋਂ ਬਾਅਦ ਕੀ ਹੋ ਗਿਆ ?

ਉਦਾਸ ☐ ਗੰਭੀਰ ☐ ਖ਼ੁਸ਼ ☐ ਪਾਗਲ ☐

(ਅ) ਨਵਰਾਜ ਸਿੰਘ ਕਿਹੜੇ ਸੈਕਟਰ ਵਿੱਚੋਂ ਲੰਘਦਾ ਸੀ ?

ਚਾਲ਼ੀ ☐ ਬਤਾਲ਼ੀ ☐ ਛਿਆਲ਼ੀ ☐ ਸੰਤਾਲ਼ੀ ☐

(ੲ) ਉਹ ਰਸਤੇ 'ਚ ਕੀ ਵੇਖਦਾ ਸੀ ?

ਖਜੂਰਾਂ ☐ ਅੰਬ ☐ ਸੇਬ ☐ ਕੇਲੇ ☐

(ਸ) ਸੇਕ ਕਿਸ ਵਰਗਾ ਸੀ ?

ਸੂਰਜ ☐ ਭੱਠੀ ☐ ਅੱਗ ☐ ਧੁੱਪ ☐

(ਹ) ਕਿਸ ਦੇ ਜਿਊਣ ਦੀ ਇੱਛਾ ਕਮਾਲ ਸੀ ?

ਖਜੂਰਾਂ ਦੇ ☐ ਨਵਰਾਜ ਸਿੰਘ ਦੇ ☐ ਗਿਸ਼ਮ ਦੇ ☐ ਮਜ਼ਦੂਰਾਂ ਦੇ ☐

**6. (ੳ) ਹੇਠ ਦਿੱਤੇ ਵਾਕਾਂ ਦੇ ਕਾਲ ਲਿਖੋ—** **(2 × 1 = 2)**

(*i*) ਅਸੀਂ ਕੱਲ੍ਹ ਦਿੱਲੀ ਜਾਵਾਂਗੇ। ........................

(*ii*) ਸੀਮਾ ਕੱਲ੍ਹ ਸਕੂਲ ਨਹੀਂ ਗਈ ਸੀ। ........................

**(ਅ) ਹੇਠ ਦਿੱਤੇ ਵਾਕਾਂ ਵਿੱਚੋਂ ਕਿਰਿਆ ਸ਼ਬਦ ਚੁਣ ਕੇ ਲਿਖੋ—** **(2 × 1 = 2)**

(*i*) ਸਿਮਰਨ ਬਹੁਤ ਹੱਸਦਾ ਹੈ। ........................

(*ii*) ਮੁੰਡਾ ਕ੍ਰਿਕਟ ਖੇਡਦਾ ਹੈ। ........................

**(ੲ) ਹੇਠ ਦਿੱਤੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ—** **(4 × ½ = 2)**

(*i*) ਉੱਠਣਾ ........................ (*ii*) ਪੁਰਾਣਾ ........................

(*iii*) ਅਮੀਰ ........................ (*iv*) ਸਵਾਲ ........................

7. 'ਅਪ' ਅਗੇਤਰ ਅਤੇ 'ਹੀਣ' ਪਿਛੇਤਰ ਲਗਾ ਕੇ ਸ਼ਬਦ ਬਣਾਓ— (2 × 1 = 2)

........................ ........................

8. ਮੁਹਾਵਰਿਆਂ ਦੇ ਅਰਥ ਲਿਖੋ— (4 × 1 = 4)

(ੳ) ਹੱਡ ਭੰਨਣੇ ........................

(ਅ) ਸਾਹ ਸੁੱਕਣਾ ........................

(ੲ) ਇੱਟ ਘੜੇ ਦਾ ਵੈਰ ........................

(ਸ) ਅਕਲ 'ਤੇ ਪਰਦਾ ਪੈਣਾ ........................

9. ਆਪਣੀ ਮਾਂ-ਬੋਲੀ ਬਾਰੇ ਘੱਟੋ-ਘੱਟ ਪੰਜ ਵਾਕ ਲਿਖੋ। (5 × 1 = 5)

........................................................................................................

........................................................................................................

........................................................................................................

........................................................................................................

........................................................................................................



# 13 ਪਾਠ ਇੱਕ ਡੱਬੀ ਵਿੱਚ ਬੱਤੀ ਦਾਣੇ

## ਪਾਠ ਬਾਰੇ ਚਰਚਾ

- ਕੀ ਤੁਹਾਨੂੰ ਪੰਜਾਬੀ ਦੀ ਕਿਸੇ ਬੁਝਾਰਤ ਬਾਰੇ ਪਤਾ ਹੈ ?
- ਤੁਹਾਡੇ ਮੂੰਹ ਵਿੱਚ ਕਿੰਨੇ ਦੰਦ ਹਨ ?
- ਤੁਸੀਂ ਆਪਣੇ ਦੰਦਾਂ ਨੂੰ ਸਾਫ਼ ਰੱਖਣ ਲਈ ਕੀ-ਕੀ ਕਰਦੇ ਹੋ ?

ਸਕੂਲ ਵਿੱਚ ਹਰ ਰੋਜ਼ ਸਵੇਰੇ ਅਧਿਆਪਕਾ ਜੀ ਸਾਡੀ ਸਫ਼ਾਈ ਵੇਖਦੇ ਹਨ। ਪਹਿਲਾਂ ਵਾਂਗ ਇਸ ਸੋਮਵਾਰ ਨੂੰ ਵੀ ਅਧਿਆਪਕਾ ਜੀ ਨੇ ਸਫ਼ਾਈ ਵੇਖੀ। ਪਹਿਲਾਂ ਸਾਡੀ ਜਮਾਤ ਦੇ ਕਮਰੇ ਦੀ ਸਫ਼ਾਈ ਵੇਖੀ। ਕਮਰਾ ਬਿਲਕੁਲ ਸਾਫ਼ ਸੀ। ਅੱਜ ਮੇਰੀ ਤੇ ਮਨਬੀਰ ਦੀ ਸਫ਼ਾਈ ਦੀ ਵਾਰੀ ਸੀ। ਉਹਨਾਂ ਨੇ ਸਾਡੀ ਦੋਵਾਂ ਦੀ ਪ੍ਰਸ਼ੰਸਾ ਕੀਤੀ। ਫਿਰ ਅਧਿਆਪਕਾ ਜੀ ਨੇ ਸਭ ਦੇ ਨਹੁੰ ਵੇਖੇ, ਹੱਥ ਵੇਖੇ ਅਤੇ ਪੈਰ ਵੀ ਵੇਖੇ। ਫਿਰ ਮੁਸਕਰਾ ਕੇ ਕਹਿਣ ਲੱਗੇ, "ਤੁਹਾਡੀ ਜਮਾਤ ਬਹੁਤ ਚੰਗੀ ਹੈ। ਪੜ੍ਹਾਈ ਵਿੱਚ ਵੀ ਤੁਸੀਂ ਹੁਸ਼ਿਆਰ ਹੋ। ਕੀ, ਇੱਕ ਬੁਝਾਰਤ ਬੁੱਝੋਗੇ ?" ਅਸੀਂ ਸਾਰਿਆਂ ਨੇ ਕਿਹਾ, "ਹਾਂ ਜੀ ਬੁੱਝਾਂਗੇ ?" ਅਧਿਆਪਕਾ ਜੀ ਨੇ ਬੁਝਾਰਤ ਪਾਈ :

"ਇੱਕ ਡੱਬੀ ਵਿੱਚ ਬੱਤੀ ਦਾਣੇ।
ਬੁੱਝਣ ਵਾਲ਼ੇ ਬੜੇ ਸਿਆਣੇ।"

> ਬੁਝਾਰਤ—ਬੁੱਝਣ ਵਾਲ਼ੀ ਬਾਤ (riddle)।

ਕਈਆਂ ਬੱਚਿਆਂ ਨੇ ਹੱਥ ਖੜ੍ਹੇ ਕਰ ਲਏ ਪਰ ਅਧਿਆਪਕਾ ਜੀ ਨੇ ਜਸਪ੍ਰੀਤ ਵੱਲ ਇਸ਼ਾਰਾ ਕੀਤਾ।

ਜਸਪ੍ਰੀਤ ਨੇ ਕਿਹਾ, "ਦੰਦ"! ਅਧਿਆਪਕਾ ਜੀ ਨੇ ਕਿਹਾ, "ਕਿਹੜੇ ਦੰਦ ?" ਜਸਪ੍ਰੀਤ ਹੱਸਦਿਆਂ ਆਪਣੇ ਦੰਦ ਵਿਖਾ ਕੇ ਕਹਿਣ ਲੱਗੀ, "ਇਹ ਦੰਦ!"

ਅਧਿਆਪਕਾ ਜੀ ਨੇ ਕਿਹਾ, "ਤੇਰੇ ਦੰਦ ਤਾਂ ਬੜੇ ਸੋਹਣੇ ਹਨ। ਹਾਂ, ਕੱਲ੍ਹ ਨੂੰ ਡਾਕਟਰ ਨੇ ਤੁਹਾਡੇ ਦੰਦ ਵੇਖਣ ਲਈ ਆਉਣਾ ਹੈ। ਤੁਸੀਂ ਸਾਰਿਆਂ ਨੇ ਹੱਸਦਿਆਂ-ਹੱਸਦਿਆਂ ਦੰਦ ਵਿਖਾਉਣੇ ਹਨ। ਉਹ ਤੁਹਾਡੇ ਦੰਦਾਂ ਦੀ ਸਫ਼ਾਈ ਵੇਖਣਗੇ। ਤੁਸੀਂ ਇਸੇ ਤਰ੍ਹਾਂ ਸਾਫ਼-ਸੁਥਰੇ ਬਣ ਕੇ ਆਉਣਾ। ਆਪਣੀ ਜਮਾਤ ਦਾ ਕਮਰਾ ਵੀ ਸਾਫ਼ ਰੱਖਣਾ। ਠੀਕ ਹੈ ?"



ਸਾਰੇ ਬੋਲੇ, "ਹਾਂ ਜੀ।"

ਜਦੋਂ ਅਧਿਆਪਕਾ ਜੀ ਚਲੇ ਗਏ, ਆਸ਼ੂ ਤਾਂ ਖਿੜ-ਖਿੜ ਕਰਕੇ ਹੱਸ ਪਿਆ। "ਕੱਲ੍ਹ ਨੂੰ ਡਾਕਟਰ ਨੇ ਸਾਡੇ ਦੰਦ ਵੇਖਣੇ ਹਨ।" ਇਹ ਕਹਿ ਕੇ ਉਹ ਫਿਰ ਹੱਸ ਪਿਆ। ਉਸ ਨੂੰ ਲੋਟ-ਪੋਟ ਹੁੰਦੇ ਵੇਖ ਕੇ ਅਸੀਂ ਵੀ ਹੱਸਣ ਲੱਗ ਪਏ।


ਦੂਜੇ ਦਿਨ ਡਾਕਟਰਾਂ ਦੀ ਇੱਕ ਟੋਲੀ ਸਾਡੇ ਸਕੂਲ ਆਈ। ਸਾਡੇ ਦੰਦਾਂ ਦਾ ਮੁਆਇਨਾ ਦੰਦਾਂ ਦੀ ਡਾਕਟਰ ਨੇ ਕੀਤਾ। ਜਦੋਂ ਅਮਨ ਦੀ ਦੰਦ ਵਿਖਾਉਣ ਦੀ ਵਾਰੀ ਆਈ ਤਾਂ ਉਹ ਅੱਗੋਂ ਹੱਸ ਪਈ। ਦੰਦਾਂ ਦੀ ਡਾਕਟਰ ਕਹਿਣ ਲੱਗੀ, "ਬੇਟੀ, ਤੇਰੇ ਦੰਦ ਤਾਂ ਮੋਤੀਆਂ ਵਰਗੇ ਚਿੱਟੇ ਹਨ। ਜ਼ਰਾ ਮੂੰਹ ਅੱਡ। ਵੇਖਾਂ, ਅੰਦਰੋਂ ਖ਼ਰਾਬ ਤਾਂ ਨਹੀਂ।"

ਫਿਰ ਡਾਕਟਰ ਕਹਿਣ ਲੱਗੀ, "ਸ਼ਾਬਾਸ਼ ਬੇਟੀ! ਤੇਰੇ ਦੰਦ ਮਜ਼ਬੂਤ ਵੀ ਹਨ। ਤਦੇ ਤਾਂ ਤੇਰੀ ਸਿਹਤ ਐਨੀ ਚੰਗੀ ਹੈ। ਅੱਛਾ, ਇਹ ਦੱਸ ਤੂੰ ਦੰਦਾਂ ਨੂੰ ਕਿਵੇਂ ਸਾਫ਼ ਰੱਖਦੀ ਏਂ ?"

ਅਮਨ ਬੋਲੀ, "ਜੀ ਮੈਂ ਹਰ ਵਾਰੀ ਖਾਣਾ ਖਾਣ ਤੋਂ ਪਿੱਛੋਂ ਚੰਗੀ ਤਰ੍ਹਾਂ ਕੁਰਲੀ ਕਰਦੀ ਹਾਂ। ਸਵੇਰੇ-ਸਵੇਰੇ ਕਿੱਕਰ ਦੀ ਦਾਤਣ ਵੀ ਕਰਦੀ ਹਾਂ। ਮੇਰੇ ਮੰਮੀ-ਡੈਡੀ ਵੀ ਦਾਤਣ ਕਰਦੇ ਹਨ।"

"ਬਹੁਤ ਅੱਛੇ ਬੱਚੇ ਹੋ ਤੁਸੀਂ", ਡਾਕਟਰ ਨੇ ਕਿਹਾ।

ਫਿਰ ਮੇਰੀ ਵਾਰੀ ਆਈ। ਉਹਨਾਂ ਨੇ ਮੇਰੇ ਦੰਦ ਵੀ ਵੇਖੇ।



ਫਿਰ ਉਹ ਬੋਲੀ, "ਬੇਟੇ, ਤੇਰੇ ਦੰਦ ਬਹੁਤ ਸੋਹਣੇ ਹਨ। ਚੰਗਾ ਦੱਸ, ਦੰਦ ਸਾਡੇ ਕੀ ਕੰਮ ਆਉਂਦੇ ਹਨ ?"

ਮੈਂ ਕਿਹਾ, "ਜੀ ਇਹ ਤਾਂ ਖਾਣ ਦੇ ਕੰਮ ਆਉਂਦੇ ਹਨ, ਹੋਰ ਮੈਨੂੰ ਪਤਾ ਨਹੀਂ।" ਸਾਡੇ ਅਧਿਆਪਕਾ ਜੀ ਬੋਲੇ, "ਤੁਸੀਂ ਇਹ ਅਖੌਤ ਸੁਣੀ ਹੋਣੀ ਹੈ, 'ਹਾਥੀ ਦੇ ਦੰਦ ਖਾਣ ਦੇ ਹੋਰ ਤੇ ਵਿਖਾਉਣ ਦੇ ਹੋਰ।' ਸਾਡੇ ਦੰਦ ਦੋਵੇਂ ਕੰਮ ਕਰਦੇ ਹਨ। ਇਹਨਾਂ ਨਾਲ਼ ਭੋਜਨ ਚਬਾਇਆ ਜਾਂਦਾ ਹੈ। ਇਹ ਵੇਖਣ ਨੂੰ ਵੀ ਸੋਹਣੇ ਲੱਗਦੇ ਹਨ। ਇਸ ਲਈ ਇਹ ਖਾਣ ਲਈ ਵੀ ਹਨ ਤੇ ਵਿਖਾਉਣ ਲਈ ਵੀ। ਕਿਉਂ ਡਾਕਟਰ ਜੀ ?" ਡਾਕਟਰ ਨੇ ਕਿਹਾ, "ਇਹ ਬਿਲਕੁਲ ਠੀਕ ਹੈ।"

ਦੰਦਾਂ ਦੀ ਡਾਕਟਰ ਇੱਕ-ਇੱਕ ਬੱਚੇ ਦੇ ਦੰਦ ਵੇਖਦੀ। ਨਾਲ਼ ਹੀ ਕੁਝ ਨਾ ਕੁਝ ਦੰਦਾਂ ਬਾਰੇ ਦੱਸਦੀ :

"ਦੰਦ ਵੀ ਸਾਡੇ ਸਰੀਰ ਦਾ ਮਹੱਤਵਪੂਰਨ ਅੰਗ ਹਨ। ਸਾਡੇ ਸਾਰੇ ਅੰਗ ਮਜ਼ਬੂਤ ਹੋਣ ਤਾਂ ਸਿਹਤ ਚੰਗੀ ਹੁੰਦੀ ਹੈ। ਕੋਈ ਇੱਕ ਅੰਗ ਖ਼ਰਾਬ ਹੋਵੇ ਤਾਂ ਉਸ ਦਾ ਮਾੜਾ ਅਸਰ ਸਰੀਰ ਦੇ ਸਾਰੇ ਅੰਗਾਂ ਉੱਤੇ ਪੈਂਦਾ ਹੈ। ਦੰਦ ਖ਼ਰਾਬ ਹੋਣ ਤਾਂ ਭੋਜਨ ਠੀਕ ਤਰ੍ਹਾਂ ਚਿੱਥਿਆ ਨਹੀਂ ਜਾਂਦਾ। ਹਾਜ਼ਮਾ ਖ਼ਰਾਬ ਰਹਿੰਦਾ ਹੈ।

ਪਿਆਰੇ ਬੱਚਿਓ! ਤੁਸੀਂ ਪੰਜਾਬੀ ਦੀ ਇੱਕ ਅਖੌਤ ਸੁਣੀ ਹੋਣੀ ਏਂ। ਅਖੇ, 'ਕੰਨ ਗਏ ਤਾਂ ਰਾਗ ਗਿਆ, ਦੰਦ ਗਏ ਤਾਂ ਸੁਆਦ ਗਿਆ।' ਇਹ ਗੱਲ ਸਹੀ ਹੈ। ਭਾਵੇਂ ਭੋਜਨ ਦਾ ਸੁਆਦ ਜੀਭ ਦੱਸਦੀ ਹੈ ਪਰ ਭੋਜਨ ਤਾਂ ਹੀ ਅਨੰਦ ਦਿੰਦਾ ਹੈ ਜੇ ਸਾਡੇ ਦੰਦ ਮਜ਼ਬੂਤ ਹੋਣ।

**ਮੁਆਇਨਾ**—ਜਾਂਚ (inspection)। **ਮੋਤੀਆਂ ਵਰਗੇ**—ਚਿੱਟੇ ਅਤੇ ਸੁੰਦਰ (white and beautiful)। **ਜ਼ਰਾ**—ਥੋੜ੍ਹਾ ਜਿਹਾ (a little)। **ਕੁਰਲੀ**—ਚੂਲ਼ੀ (gargle)। **ਅਖੌਤ**—ਕਹਾਵਤ (ਕਥਨ) (saying)।

ਉਂਞ ਤਾਂ ਅੱਜ-ਕੱਲ੍ਹ ਬਣਾਉਟੀ ਦੰਦ ਲੱਗ ਜਾਂਦੇ ਹਨ, ਫਿਰ ਵੀ ਅਸਲੀ ਦੰਦਾਂ ਦੀ ਰੀਸ ਨਹੀਂ ਹੈ। ਦੰਦ ਬੋਲਣ ਵਿੱਚ ਵੀ ਸਾਡੀ ਸਹਾਇਤਾ ਕਰਦੇ ਹਨ। ਦੰਦ ਨਾ ਹੋਣ ਤਾਂ ਸਾਡੀ ਅਵਾਜ਼ ਸਪਸ਼ਟ ਨਹੀਂ ਹੋਵੇਗੀ।"



"ਡਾਕਟਰ ਜੀ, ਤੱਤਾ, ਠੰਢਾ ਖਾਣ ਬਾਰੇ ਵੀ ਕੁਝ ਦੱਸੋ", ਅਧਿਆਪਕਾ ਜੀ ਨੇ ਕਿਹਾ।

"ਬਹੁਤ ਗਰਮ ਜਾਂ ਬਹੁਤ ਠੰਢਾ ਭੋਜਨ ਨਹੀਂ ਖਾਣਾ ਚਾਹੀਦਾ। ਅਜਿਹੇ ਭੋਜਨ ਖਾਣ ਨਾਲ਼ ਦੰਦਾਂ ਉੱਤੇ ਬੁਰਾ ਅਸਰ ਪੈਂਦਾ ਹੈ", ਡਾਕਟਰ ਨੇ ਦੱਸਿਆ। ਇਸ ਪਿੱਛੋਂ ਅਧਿਆਪਕਾ ਜੀ ਨੇ ਕਿਹਾ, "ਅੱਛਾ ਬੱਚਿਓ! ਤੁਸੀਂ ਕੁਝ ਪੁੱਛਣਾ ਹੈ ਤਾਂ ਪੁੱਛੋ।"

ਤਦ ਬਲਵਿੰਦਰ ਖੜ੍ਹੀ ਹੋ ਗਈ ਤੇ ਕਹਿਣ ਲੱਗੀ, "ਡਾਕਟਰ ਜੀ, ਸਖ਼ਤ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ ਜਾਂ ਨਰਮ? ਮੇਰੇ ਦਾਦੀ ਜੀ ਕਹਿੰਦੇ ਹਨ ਕਿ ਗੰਨੇ ਚੂਪਣ ਨਾਲ਼ ਦੰਦਾਂ ਦੀ ਕਸਰਤ ਹੁੰਦੀ ਹੈ।"

"ਬੇਟੀ ਨੇ ਬਹੁਤ ਚੰਗਾ ਸਵਾਲ ਪੁੱਛਿਆ ਹੈ। ਭੁੰਨੇ ਦਾਣੇ ਚੱਬਣ, ਗੰਨੇ ਚੂਪਣ, ਗਾਜਰ-ਮੂਲ਼ੀਆਂ ਜਿਹੀਆਂ ਕੱਚੀਆਂ ਸਬਜ਼ੀਆਂ ਖਾਣ ਨਾਲ਼ ਦੰਦ ਮਜ਼ਬੂਤ ਹੁੰਦੇ ਹਨ। ਜ਼ਿਆਦਾ ਮਿਠਿਆਈਆਂ ਖਾਣ ਨਾਲ਼, ਖ਼ਾਸ ਕਰਕੇ ਟੌਫ਼ੀਆਂ ਖਾਣ ਨਾਲ਼ ਦੰਦ ਖ਼ਰਾਬ ਹੋ ਜਾਂਦੇ ਹਨ", ਡਾਕਟਰ ਨੇ ਦੱਸਿਆ।

ਜਾਣ ਲੱਗਿਆਂ ਡਾਕਟਰ ਨੇ ਦੰਦਾਂ ਦੀ ਸੰਭਾਲ਼ ਬਾਰੇ ਤਿੰਨ-ਚਾਰ ਗੱਲਾਂ ਚੇਤੇ ਰੱਖਣ ਲਈ ਕਿਹਾ, "ਇੱਕ ਤਾਂ ਜਦ ਵੀ ਕੁਝ ਖਾਓ, ਉਸ ਤੋਂ ਪਿੱਛੋਂ ਕੁਰਲੀ ਜਾਂ ਬੁਰਸ਼ ਕਰਕੇ ਦੰਦਾਂ ਨੂੰ ਸਾਫ਼ ਕਰ ਲਵੋ। ਦਿਨ ਵਿੱਚ ਹਰ ਵੇਲ਼ੇ ਕੁਝ ਨਾ ਕੁਝ ਖਾਂਦੇ ਰਹਿਣ ਦੀ ਆਦਤ ਵੀ ਠੀਕ ਨਹੀਂ। ਦੰਦਾਂ ਵਿੱਚ ਭੋਜਨ ਦੇ ਕਣ ਫਸ ਜਾਂਦੇ ਹਨ। ਇਹ ਕਣ ਸੜ ਕੇ ਦੰਦਾਂ ਨੂੰ ਕਮਜ਼ੋਰ ਕਰਦੇ ਹਨ। ਮੂੰਹ ਵਿੱਚੋਂ ਵੀ ਦੁਰਗੰਧ ਆਉਣ ਲੱਗ ਪੈਂਦੀ ਹੈ।"

ਦੰਦਾਂ ਦੀ ਡਾਕਟਰ ਫਿਰ ਬੋਲੀ, "ਬੱਚਿਓ! ਜਿਵੇਂ ਚੰਗਾ ਭੋਜਨ ਖਾਣ ਨਾਲ਼ ਸਰੀਰ ਤਕੜਾ ਹੁੰਦਾ ਹੈ, ਤਿਵੇਂ ਦੰਦ ਵੀ ਮਜ਼ਬੂਤ ਹੁੰਦੇ ਹਨ। ਫਲ਼, ਸਬਜ਼ੀਆਂ, ਦੁੱਧ ਆਦਿ ਦੀ ਵਰਤੋਂ ਦੰਦਾਂ ਲਈ ਚੰਗੀ ਹੁੰਦੀ ਹੈ। ਤੁਹਾਡੇ ਸਭ ਦੇ ਦੰਦ ਬਹੁਤ ਅੱਛੀ ਹਾਲਤ ਵਿੱਚ ਹਨ। ਇਹਨਾਂ ਦੀ ਸੰਭਾਲ਼ ਰੱਖਿਓ। ਇਹ ਬਹੁਤ ਕੀਮਤੀ ਹਨ। ਜਦੋਂ ਕਦੇ ਦੰਦਾਂ ਦੀ ਕੋਈ ਤਕਲੀਫ਼ ਹੋਵੇ ਤਾਂ ਦੰਦਾਂ ਦੇ ਡਾਕਟਰ ਨੂੰ ਜ਼ਰੂਰ ਵਿਖਾਓ।"

ਫਿਰ ਅਧਿਆਪਕਾ ਜੀ ਨੇ ਸਕੂਲ ਵਿੱਚ ਆਏ ਦੰਦਾਂ ਦੀ ਡਾਕਟਰ ਜੀ ਅਤੇ ਉਹਨਾਂ ਦੀ ਟੋਲੀ ਦਾ ਧੰਨਵਾਦ ਕੀਤਾ।

ਬਣਾਉਟੀ—ਨਕਲੀ (artificial)।
ਦੁਰਗੰਧ—ਬਦਬੋ (smell)।



# ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਅਧਿਆਪਕਾ ਜੀ ਹਰ ਰੋਜ਼ ਸਵੇਰੇ ਕੀ ਵੇਖਦੇ ਸਨ ?

ਪੜ੍ਹਾਈ ☐ ਸਫ਼ਾਈ ☐ ਲੜਾਈ ☐ ਕੰਮ ☐

(ਅ) ਡਾਕਟਰ ਸਕੂਲ ਵਿੱਚ ਕੀ ਵੇਖਣ ਆਏ ?

ਕੰਨ ☐ ਦੰਦ ☐ ਨੱਕ ☐ ਅੱਖਾਂ ☐

(ੲ) ਭੋਜਨ ਦਾ ਸੁਆਦ ਕੌਣ ਦੱਸਦਾ ਹੈ ?

ਜੀਭ ☐ ਦੰਦ ☐ ਦਿਲ ☐ ਅੱਖਾਂ ☐

(ਸ) ਦੰਦਾਂ ਦਾ ਕੀ ਕੰਮ ਹੈ ?

ਟੁੱਕਣਾ ☐ ਚਮਕਣਾ ☐

ਹਸਾਉਣਾ ☐ ਚਬਾਉਣਾ ☐

(ਹ) ਦੰਦਾਂ ਦੇ ਇਲਾਜ ਲਈ ਸਾਨੂੰ ਕਿਸ ਕੋਲ਼ ਜਾਣਾ ਚਾਹੀਦਾ ਹੈ ?

ਅਧਿਆਪਕ ਕੋਲ਼ ☐ ਡਾਕਟਰ ਕੋਲ਼ ☐

ਕੰਡਕਟਰ ਕੋਲ਼ ☐ ਮਾਸਟਰ ਕੋਲ਼ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਸਕੂਲ ਵਿੱਚ ਬੱਚਿਆਂ ਦੀ ਸਫ਼ਾਈ ਕੌਣ ਵੇਖਦਾ ਸੀ ?

ਉੱਤਰ ..............................................................................................

..............................................................................................

(ਅ) ਸਕੂਲ ਵਿੱਚ ਬੱਚਿਆਂ ਦੇ ਦੰਦਾਂ ਦਾ ਮੁਆਇਨਾ ਕਰਨ ਕੌਣ ਆਇਆ ?

ਉੱਤਰ ..............................................................................................

..............................................................................................

(ੲ) ਦੰਦਾਂ ਵਿੱਚ ਤਕਲੀਫ਼ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ ?

ਉੱਤਰ ..............................................................................................

..............................................................................................

3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :

(ੳ) ਅਧਿਆਪਕਾ ਜੀ ਨੇ ਜਮਾਤ ਵਿੱਚ ਕੀ-ਕੀ ਵੇਖਿਆ ?

ਉੱਤਰ ..............................................................................................

..............................................................................................

(ਅ) ਅਮਨ ਅਤੇ ਉਸ ਦੇ ਮੰਮੀ ਡੈਡੀ ਦੰਦਾਂ ਨੂੰ ਕਿਵੇਂ ਸਾਫ਼ ਕਰਦੇ ਸਨ ?

ਉੱਤਰ ..............................................................................................

..............................................................................................

(ੲ) ਅਧਿਆਪਕਾ ਜੀ ਨੇ ਬੱਚਿਆਂ ਨੂੰ ਦੰਦਾਂ ਬਾਰੇ ਕੀ ਦੱਸਿਆ ?

ਉੱਤਰ ..............................................................................................

..............................................................................................

(ਸ) ਡਾਕਟਰ ਨੇ ਬੱਚਿਆਂ ਨੂੰ ਦੰਦਾਂ ਬਾਰੇ ਕੀ ਜਾਣਕਾਰੀ ਦਿੱਤੀ ?

ਉੱਤਰ ..............................................................................................

..............................................................................................

(ਹ) ਬੋਲਣ ਵਿੱਚ ਦੰਦ ਸਾਡੀ ਕਿਵੇਂ ਸਹਾਇਤਾ ਕਰਦੇ ਹਨ ?

ਉੱਤਰ ..............................................................................................

..............................................................................................

(ਕ) ਕਿਹੜੀਆਂ-ਕਿਹੜੀਆਂ ਚੀਜ਼ਾਂ ਖਾਣ ਨਾਲ਼ ਦੰਦ ਮਜ਼ਬੂਤ ਬਣਦੇ ਹਨ ?

ਉੱਤਰ ..............................................................................................

..............................................................................................

4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ਮੋਤੀਆਂ, ਚਿੱਟੇ, ਕੁਰਲੀ, ਸੁਆਦ)

(ੳ) ਤੇਰੇ ਦੰਦ ਤਾਂ .............................. ਵਰਗੇ .............................. ਹਨ।

(ਅ) ਖਾਣਾ ਖਾਣ ਪਿੱਛੋਂ .............................. ਜ਼ਰੂਰ ਕਰਨੀ ਚਾਹੀਦੀ ਹੈ।

(ੲ) ਦੰਦ ਗਏ ਤਾਂ .............................. ਗਿਆ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਦੰਦ | — | ਗੀਤਾ ਆਪਣੇ ਦੰਦਾਂ ਦੀ ਸਫ਼ਾਈ ਚੰਗੀ ਤਰ੍ਹਾਂ ਕਰਦੀ ਹੈ। (ਉਦਾਹਰਨ) |
| (ਅ) ਨਹੁੰ | — | ........................................ |
| (ੲ) ਸਾਫ਼ | — | ........................................ |
| (ਸ) ਦਾਤਣ | — | ........................................ |
| (ਹ) ਕੁਰਲੀ | — | ........................................ |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਸਕੂਲ ਵਿੱਚ ਅਧਿਆਪਕਾ ਜੀ ਹਰ ਰੋਜ਼ ਸਵੇਰੇ ਸਫ਼ਾਈ ਦੇਖਦੇ ਸਨ। ☐

(ਅ) ਡਾਕਟਰਾਂ ਦੀ ਟੋਲੀ ਸਕੂਲ ਵਿੱਚ ਦੰਦਾਂ ਦਾ ਮੁਆਇਨਾ ਕਰਨ ਲਈ ਆਈ। ☐

(ੲ) ਦੰਦ ਸੁਣਨ ਵਿੱਚ ਸਾਡੀ ਸਹਾਇਤਾ ਕਰਦੇ ਹਨ। ☐

(ਸ) ਬਹੁਤ ਗਰਮ ਜਾਂ ਬਹੁਤ ਠੰਢਾ ਭੋਜਨ ਨਹੀਂ ਖਾਣਾ ਚਾਹੀਦਾ। ☐

(ਹ) ਦੰਦਾਂ ਵਿੱਚ ਭੋਜਨ ਦੇ ਕਣ ਫਸ ਜਾਂਦੇ ਹਨ ਜੋ ਦੰਦਾਂ ਦੀ ਰੱਖਿਆ ਕਰਦੇ ਹਨ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਦੰਦਾਂ ਦੀ ਡਾਕਟਰ ਇੱਕ-ਇੱਕ ਬੱਚੇ ਦੇ ਦੰਦ ਵੇਖਦੀ। ਨਾਲ਼ ਹੀ ਕੁਝ ਨਾ ਕੁਝ ਦੰਦਾਂ ਬਾਰੇ ਦੱਸਦੀ :

"ਦੰਦ ਵੀ ਸਾਡੇ ਸਰੀਰ ਦਾ ਮਹੱਤਵਪੂਰਨ ਅੰਗ ਹਨ। ਸਾਡੇ ਸਾਰੇ ਅੰਗ ਮਜ਼ਬੂਤ ਹੋਣ ਤਾਂ ਸਿਹਤ ਚੰਗੀ ਹੁੰਦੀ ਹੈ। ਕੋਈ ਇੱਕ ਅੰਗ ਖ਼ਰਾਬ ਹੋਵੇ ਤਾਂ ਉਸ ਦਾ ਮਾੜਾ ਅਸਰ ਸਰੀਰ ਦੇ ਸਾਰੇ ਅੰਗਾਂ ਉੱਤੇ ਪੈਂਦਾ ਹੈ। ਦੰਦ ਖ਼ਰਾਬ ਹੋਣ ਤਾਂ ਭੋਜਨ ਠੀਕ ਤਰ੍ਹਾਂ ਚਿੱਥਿਆ ਨਹੀਂ ਜਾਂਦਾ। ਹਾਜ਼ਮਾ ਖ਼ਰਾਬ ਰਹਿੰਦਾ ਹੈ।

ਪਿਆਰੇ ਬੱਚਿਓ! ਤੁਸੀਂ ਪੰਜਾਬੀ ਦੀ ਇੱਕ ਅਖੌਤ ਸੁਣੀ ਹੋਣੀ ਏਂ। ਅਖੇ, 'ਕੰਨ ਗਏ ਤਾਂ ਰਾਗ ਗਿਆ, ਦੰਦ ਗਏ ਤਾਂ ਸੁਆਦ ਗਿਆ।' ਇਹ ਗੱਲ ਸਹੀ ਹੈ। ਭਾਵੇਂ ਭੋਜਨ ਦਾ ਸੁਆਦ ਜੀਭ ਦੱਸਦੀ ਹੈ ਪਰ ਭੋਜਨ ਤਾਂ ਹੀ ਅਨੰਦ ਦਿੰਦਾ ਹੈ ਜੇ ਸਾਡੇ ਦੰਦ ਮਜ਼ਬੂਤ ਹੋਣ। ਉਂਞ ਤਾਂ ਅੱਜ-ਕੱਲ੍ਹ ਬਣਾਉਟੀ ਦੰਦ ਲੱਗ ਜਾਂਦੇ ਹਨ, ਫਿਰ ਵੀ ਅਸਲੀ ਦੰਦਾਂ ਦੀ ਰੀਸ ਨਹੀਂ ਹੈ। ਦੰਦ ਬੋਲਣ ਵਿੱਚ ਵੀ ਸਾਡੀ ਸਹਾਇਤਾ ਕਰਦੇ ਹਨ। ਦੰਦ ਨਾ ਹੋਣ ਤਾਂ ਸਾਡੀ ਅਵਾਜ਼ ਸਪਸ਼ਟ ਨਹੀਂ ਹੋਵੇਗੀ।"

(ੳ) ਡਾਕਟਰ ਇੱਕ-ਇੱਕ ਕਰਕੇ ਬੱਚੇ ਦਾ ਕੀ ਦੇਖ ਰਹੀ ਸੀ ?

ਨਹੁੰ ☐ ਹੱਥ ☐ ਦੰਦ ☐ ਅੱਖ ☐

(ਅ) ਸਾਡੇ ਸਾਰੇ ਦੰਦ ਮਜ਼ਬੂਤ ਰਹਿਣ ਤਾਂ ਸਾਡੀ ਸਿਹਤ ਕਿਵੇਂ ਦੀ ਰਹਿੰਦੀ ਹੈ ?

ਵਿਗੜੀ ☐ ਚੰਗੀ ☐ ਮਜ਼ਬੂਤ ☐ ਪਤਾ ਨਹੀਂ ☐

(ੲ) ‘ਕੰਨ ਗਏ ਤਾਂ ਰਾਗ ਗਿਆ, ਦੰਦ ਗਏ ਤਾਂ ............... ਗਿਆ’।

ਸੁਆਦ ☐ ਭੋਜਨ ☐ ਹਾਜ਼ਮਾ ☐ ਸਿਹਤ ☐

(ਸ) ਭੋਜਨ ਦਾ ਸੁਆਦ ਕੌਣ ਦੱਸਦਾ ਹੈ ?

ਦੰਦ ☐ ਅੱਖਾਂ ☐ ਜੀਭ ☐ ਦਿਲ ☐

(ਹ) ਬੋਲਣ ਵਿੱਚ ਵੀ ਸਾਡੀ ਸਹਾਇਤਾ ਕੌਣ ਕਰਦਾ ਹੈ ?

ਅੱਖਾਂ ☐ ਦਿਮਾਗ ☐ ਦੰਦ ☐ ਬੁੱਲ੍ਹ ☐



## ਵਿਆਕਰਨ

**1. ਅਖੌਤਾਂ ਪੂਰੀਆਂ ਕਰੋ :**

(ੳ) ਹਾਥੀ ਦੇ ਦੰਦ ਖਾਣ ਦੇ ਹੋਰ ..................................।

(ਅ) ਕੰਨ ਗਏ ਤਾਂ .................................. ਗਿਆ, ਦੰਦ ਗਏ ਤਾਂ .................................. ਗਿਆ।

(ੲ) ਉੱਚੀ ਦੁਕਾਨ ..................................

(ਸ) ਅੱਖੀਂ ਦੇਖ ਕੇ ਮੱਖੀ ..................................

(ਹ) ਇੱਕ ਹੱਥ ਨਾਲ਼ ਤਾੜੀ ..................................

(ਕ) ਸੌ ਦਿਨ ਚੋਰ ਦੇ ..................................

**2. ਦੱਸੇ ਅਨੁਸਾਰ ਵਿਰੋਧਾਰਥਕ ਸ਼ਬਦ ਲਿਖੋ :**

ਠੰਢਾ — ਗਰਮ

ਜਾਗਣਾ — ..................................

ਔਖਾ — ..................................

ਸਖ਼ਤ — ..................................

ਦਿਨ — ..................................

**3. ਹੇਠਾਂ ਦਿੱਤੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਉੱਪਰ ਗੋਲ਼ਾ ◯ ਲਗਾਓ :**

(ੳ) ਮੇਰੇ ਕੋਲ਼ ਲਾਲ ਪੈੱਨ ਹੈ।

(ਅ) ਉਹ ਮੁੰਡਾ ਕ੍ਰਿਕਟ ਖੇਡਦਾ ਹੈ।

(ੲ) ਮੈਨੂੰ ਪੰਜ ਰੁਮਾਲ ਦੇ ਦਿਓ।

(ਸ) ਦੋ ਕਿੱਲੋ ਦੇਸੀ ਘਿਓ ਲੈ ਆਓ।

(ਹ) ਰਮੇਸ਼ ਦਾ ਘਰ ਹਰੇ ਰੰਗ ਦਾ ਹੈ।

## ਯੋਗਤਾ ਵਿਸਤਾਰ

- ਦੰਦ ਸਾਡੇ ਲਈ ਬਹੁਤ ਮਹੱਤਵ ਰੱਖਦੇ ਹਨ। ਸਾਡੇ ਮੂੰਹ ਵਿੱਚ ਕਈ ਪ੍ਰਕਾਰ ਦੇ ਦੰਦ ਅਤੇ ਦਾੜ੍ਹਾਂ ਹਨ। ਇਹਨਾਂ ਦੀਆਂ ਤਸਵੀਰਾਂ ਲੱਭ ਕੇ ਸਕਰੈਪ ਕਾਪੀ ਵਿੱਚ ਲਗਾਓ ਅਤੇ ਇਹ ਕਿਸ ਪ੍ਰਕਾਰ ਕੰਮ ਕਰਦੇ ਹਨ, ਇਹ ਵੀ ਲਿਖੋ।

## ਅਧਿਆਪਕ ਲਈ

- ਅਧਿਆਪਕ ਬੱਚਿਆਂ ਨੂੰ ਦੱਸ ਸਕਦੇ ਹਨ ਕਿ ਤ, ਥ ਤੇ ਦ ਧੁਨੀ ਉਚਾਰਦੇ ਸਮੇਂ ਜੀਭ ਦੰਦਾਂ ਨੂੰ ਟਕਰਾਉਂਦੀ ਹੈ। ਜੇਕਰ ਦੰਦ ਨਾ ਹੋਣ ਤਾਂ ਇਹਨਾਂ ਧੁਨੀਆਂ ਦੇ ਉਚਾਰਨ ਵਿੱਚ ਵੀ ਔਖ ਹੁੰਦੀ ਹੈ।
- ਅਖੌਤ ਨੂੰ ਅਖਾਉਣ ਵੀ ਲਿਖਿਆ ਜਾਂਦਾ ਹੈ। ਇਸ ਨੂੰ ਅਖਾਣ ਅਤੇ ਕਹਾਵਤ ਵੀ ਕਿਹਾ ਜਾਂਦਾ ਹੈ। ਅਖੌਤਾਂ ਅਤੇ ਮੁਹਾਵਰੇ ਭਾਸ਼ਾ ਦਾ ਮਹੱਤਵਪੂਰਨ ਅੰਗ ਹਨ। ਮੁਹਾਵਰੇ ਦੀ ਵਰਤੋਂ ਵਾਕ ਵਿੱਚ ਕੀਤੀ ਜਾਂਦੀ ਹੈ ਪਰ ਅਖੌਤ ਦੀ ਵਰਤੋਂ ਕੋਈ ਗੱਲ ਕਰਕੇ ਉਸ ਦੀ ਪੁਸ਼ਟੀ ਲਈ ਜਾਂ ਉਸ ਉੱਤੇ ਮੁਹਰ ਲਾਉਣ ਲਈ ਕੀਤੀ ਜਾਂਦੀ ਹੈ।
- ਆਮ ਤੌਰ 'ਤੇ ਮੂੰਹ ਵਿੱਚ ਬੱਤੀ ਦੰਦ ਹੁੰਦੇ ਹਨ। ਇਹ ਕਿਸੇ ਮਨੁੱਖ ਵਿੱਚ ਘੱਟ ਵੀ ਹੋ ਸਕਦੇ ਹਨ। ਆਮ ਧਾਰਨਾ ਬੱਤੀ ਦੰਦਾਂ ਦੀ ਹੀ ਹੈ।




# ਪਰਉਪਕਾਰ

## ਪਾਠ ਬਾਰੇ ਚਰਚਾ

- ਕੀ ਤੁਸੀਂ ਆਪਣੀ ਮਾਂ ਤੋਂ ਦੂਰ ਰਹੇ ਹੋ ?
- ਕੀ ਤੁਸੀਂ ਕਿਸੇ ਦਾ ਭਲਾ ਕੀਤਾ ਹੈ ?

ਦਿਨ ਛਿਪਿਆ ਤਿਰਕਾਲਾਂ ਪਈਆਂ,
ਹੋਇਆ ਘੁੱਪ ਹਨੇਰਾ ।
ਜੰਗਲ਼ ਵਿੱਚ ਸਹਿਮ ਛਾ ਗਿਆ,
ਸੁੰਨਾ ਚਾਰ-ਚੁਫੇਰਾ ।

ਇੱਕ ਰੁੱਖ 'ਤੇ ਇੱਕ ਬੁਲਬੁਲ ਬੈਠੀ,
ਫ਼ਿਕਰਾਂ ਦੇ ਵਿੱਚ ਖੋਈ ।
ਬੜੀ ਉਦਾਸ ਤੇ ਸਹਿਮੀ ਹੋਈ,
ਜਾਪੇ ਜਿਉਂ ਅਧਮੋਈ ।

ਭੁੱਲੀ ਸੀ ਉਹ ਰਸਤਾ ਆਪਣਾ,
ਉੱਡ ਕਿੱਧਰ ਨੂੰ ਜਾਵੇ ।
'ਬੱਚੇ ਮੇਰੇ ਕੱਲਮ-ਕੱਲੇ'
ਫ਼ਿਕਰ ਇਹੋ ਹੀ ਖਾਵੇ ।



**ਤਿਰਕਾਲਾਂ—**ਸ਼ਾਮਾਂ (evening)। **ਸਹਿਮ—**ਡਰ (fear)। **ਉਦਾਸ—**ਦੁਖੀ (sad)। **ਅਧਮੋਈ—**ਅੱਧੀ ਮਰੀ ਹੋਈ (half dead)।

'ਰਾਹ ਮੇਰਾ ਉਹ ਤੱਕਦੇ-ਤੱਕਦੇ,
ਹੋਵਣਗੇ ਕਿਸ ਹਾਲ ।'
ਇਹੋ ਚਿੰਤਾ ਵੱਢ-ਵੱਢ ਖਾਵੇ,
ਹਾਲੋਂ ਹੋਏ ਬੇਹਾਲ ।

'ਕੌਣ ਉਹਨਾਂ ਨੂੰ ਦਊ ਦਿਲਾਸਾ,
ਇਹ ਤਾਂ ਰੱਬ ਈ ਜਾਣੇ ।
ਹਰ ਪਲ ਕੱਢਣਾ ਔਖਾ ਜਾਪੇ,
ਬੱਚੇ ਭੁੱਖਣ-ਭਾਣੇ ।'

ਬੁਲਬੁਲ ਦਾ ਦਿਲ ਡੁੱਬਦਾ ਜਾਵੇ,
ਭੈੜੇ-ਭੈੜੇ ਆਉਣ ਖ਼ਿਆਲ ।
'ਮੈਂ ਇੱਥੇ ਫ਼ਿਕਰਾਂ ਵਿੱਚ ਡੁੱਬੀ,
ਬੱਚੜੇ ਮੇਰੇ ਨੇ ਕਿਸ ਹਾਲ ?'

ਏਨੇ ਨੂੰ ਇੱਕ ਜੁਗਨੂੰ ਉੱਥੇ,
ਟਿਮਟਿਮਾਉਂਦਾ ਆਇਆ ।
ਬੁਲਬੁਲ ਨੂੰ ਬੇਹਾਲ ਵੇਖ ਕੇ,
ਧੀਰੇ ਉਸ ਨੂੰ ਜਾ ਬੁਲਾਇਆ ।

ਸੁਣ ਕੇ ਬੁਲਬੁਲ ਦਾ ਦੁੱਖ ਸਾਰਾ,
ਦਿੱਤਾ ਉਸ ਦਿਲਾਸਾ ।
'ਤਕੜੀ ਹੋ ਹਿੰਮਤ ਕਰ ਭੈਣੇ,
ਚਿੰਤਾ ਕਰ ਨਾ ਮਾਸਾ ।'

ਕੁਦਰਤ ਮੈਨੂੰ ਦਿੱਤਾ ਚਾਨਣ,
ਤੇਰਾ ਰਾਹ ਰੁਸ਼ਨਾਵਾਂ ।
ਨਾਲ਼ ਮੇਰੇ ਤੂੰ ਉੱਡਦੀ ਆ ਜਾ,
ਤੇਰੇ ਘਰ ਪਹੁੰਚਾਵਾਂ ।

**ਤੱਕਦੇ**—ਦੇਖਦੇ (to see)। **ਦਿਲਾਸਾ**—ਤਸੱਲੀ (reassurance)। **ਬੱਚੜੇ**—ਬੱਚੇ (children)। **ਧੀਰੇ**—ਹੌਲ਼ੀ (slow)। **ਹਿੰਮਤ**—ਹੌਸਲਾ (courage)।



ਦੋਵੇਂ ਗੱਲਾਂ-ਬਾਤਾਂ ਕਰਦੇ,
ਉਸ ਆਲ੍ਹਣੇ ਜਾ ਪਹੁੰਚੇ ।
ਸਾਹ ਵਿੱਚ ਸਾਹ ਬੁਲਬੁਲ ਨੂੰ ਆਇਆ,
ਬਚੜਿਆਂ ਨੂੰ ਮਿਲ਼ ਕੇ ।

ਵਾਂਗ ਟਟਹਿਣੇ ਜਿਹੜੇ ਲੋਕੀਂ,
ਕਰਦੇ ਪਰਉਪਕਾਰ ।
ਸਾਰੇ ਉਸਤਤ ਕਰਨ ਉਹਨਾਂ ਦੀ,
ਆਦਰ ਅਤੇ ਪਿਆਰ ।



ਟਟਹਿਣਾ—ਜੁਗਨੂੰ (glow-worm) । ਉਸਤਤ—ਪ੍ਰਸ਼ੰਸਾ (praise) ।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਬੁਲਬੁਲ ਕਿਹੋ ਜਿਹੀ ਜਾਪਦੀ ਸੀ ?

ਖ਼ੁਸ਼ ☐ ਦਲੇਰ ☐ ਅਧਮੋਈ ☐ ਚਿੰਤਤ ☐

(ਅ) ਬੁਲਬੁਲ ਕੀ ਭੁੱਲ ਗਈ ਸੀ ?

ਸਿਰਨਾਵਾਂ ☐ ਪਿਆਰ ☐ ਰਸਤਾ ☐ ਸਮਾਂ ☐

(ੲ) ਬੁਲਬੁਲ ਨੂੰ ਕਿਹੋ ਜਿਹੇ ਖ਼ਿਆਲ ਆਉਂਦੇ ਹਨ ?

ਚੰਗੇ ☐ ਵਧੀਆ ☐ ਸੁੰਦਰ ☐ ਭੈੜੇ ☐

(ਸ) ਕਿਸ ਨੇ ਬੁਲਬੁਲ ਨੂੰ ਦਿਲਾਸਾ ਦਿੱਤਾ ?

ਬੱਚਿਆਂ ਨੇ ☐ ਜੁਗਨੂੰ ਨੇ ☐ ਪੰਛੀ ਨੇ ☐ ਅਕਾਸ਼ ਨੇ ☐

(ਹ) ਬੁਲਬੁਲ ਨੂੰ ਕਿਸ ਨੇ ਚਾਨਣ ਦਿੱਤਾ ?

ਅਸਮਾਨ ਨੇ ☐ ਧਰਤੀ ਨੇ ☐ ਕੁਦਰਤ ਨੇ ☐ ਜੁਗਨੂੰ ਨੇ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਕਿੱਥੇ ਸਹਿਮ ਪੈ ਗਿਆ ਸੀ ?

**ਉੱਤਰ** ..........................................................................................

(ਅ) ਕਿਸ ਨੂੰ ਰਸਤਾ ਭੁੱਲ ਗਿਆ ਸੀ ?

**ਉੱਤਰ** ..........................................................................................

(ੲ) ਕਿਸ ਦੇ ਬੱਚੇ ਕੱਲਮ-ਕੱਲੇ ਸਨ ?

**ਉੱਤਰ** ..........................................................................................

(ਸ) ਬੁਲਬੁਲ ਨੂੰ ਕਿਸ ਨੇ ਦਿਲਾਸਾ ਦਿੱਤਾ ?

**ਉੱਤਰ** ..........................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਤਿਰਕਾਲਾਂ ਵੇਲ਼ੇ ਜੰਗਲ ਦਾ ਦ੍ਰਿਸ਼ ਕਿਹੋ ਜਿਹਾ ਸੀ ?

**ਉੱਤਰ** ..........................................................................................

..........................................................................................

(ਅ) ਬੁਲਬੁਲ ਦਾ ਦਿਲ ਕਿਉਂ ਡੁੱਬ ਰਿਹਾ ਸੀ ?

**ਉੱਤਰ** ..........................................................................................

..........................................................................................

(ੲ) ਬੁਲਬੁਲ ਨੂੰ ਸਾਹ ਕਿਵੇਂ ਆਇਆ ?

**ਉੱਤਰ** ..........................................................................................

..........................................................................................

(ਸ) ਜਿਹੜੇ ਲੋਕ ਟਟਹਿਣੇ ਵਾਂਗ ਪਰਉਪਕਾਰ ਕਰਦੇ ਹਨ, ਉਹਨਾਂ ਨਾਲ਼ ਸਭ ਕਿਹੋ ਜਿਹਾ ਵਰਤਾਓ ਕਰਦੇ ਹਨ ?

**ਉੱਤਰ** ..........................................................................................

..........................................................................................

**4. ਕਵਿਤਾ ਅਨੁਸਾਰ ਪੰਕਤੀਆਂ ਪੂਰੀਆਂ ਕਰੋ :**

ਰਾਹ ਮੇਰਾ ਉਹ ਤੱਕਦੇ-ਤੱਕਦੇ,

...........................................।

ਇਹੋ ਚਿੰਤਾ ਵੱਢ-ਵੱਢ ਖਾਵੇ,

......................................................................।

ਕੌਣ ਉਹਨਾਂ ਨੂੰ ਦਊ ਦਿਲਾਸਾ,

......................................................................।

ਹਰ ਪਲ ਕੱਢਣਾ ਔਖਾ ਜਾਪੇ,

......................................................................।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | ਵਾਕ |
|---|---|
| (ੳ) ਪਰਉਪਕਾਰ — | ਜੀਵਨ ਦੇ ਵਿੱਚ **ਪਰਉਪਕਾਰ** ਦੇ ਕੰਮ ਕਰਦੇ ਰਹਿਣਾ ਚਾਹੀਦਾ ਹੈ। (ਉਦਾਹਰਨ) |
| (ਅ) ਅਧਮੋਈ — | ...................................................................... |
| (ੲ) ਤਿਰਕਾਲਾਂ — | ...................................................................... |
| (ਸ) ਤਕੜੀ — | ...................................................................... |
| (ਹ) ਟਟਹਿਣੇ — | ...................................................................... |
| (ਕ) ਉਸਤਤ — | ...................................................................... |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਜੰਗਲ਼ ਵਿੱਚ ਸਹਿਮ ਛਾ ਗਿਆ। ☐

(ਅ) ਬੁਲਬੁਲ ਬਹੁਤ ਖ਼ੁਸ਼ ਸੀ। ☐

(ੲ) ਜੁਗਨੂੰ ਦੇ ਬੱਚੇ ਕੱਲਮ-ਕੱਲੇ ਸਨ। ☐

(ਸ) ਜੁਗਨੂੰ ਨੂੰ ਚਿੰਤਾ ਵੱਢ-ਵੱਢ ਖਾ ਰਹੀ ਸੀ। ☐

(ਹ) ਬੁਲਬੁਲ ਨੂੰ ਕੁਦਰਤ ਨੇ ਚਾਨਣ ਦਿੱਤਾ ਹੈ। ☐

**7. ਉਚਿਤ ਮਿਲ਼ਾਨ ਕਰੋ :**

| | |
|---|---|
| ਤਿਰਕਾਲਾਂ → | ਵਾਟ |
| ਉਦਾਸ | ਸ਼ਾਮਾਂ |
| ਰਸਤਾ | ਦੁਖੀ |
| ਦਿਲਾਸਾ | ਮੁਸ਼ਕਲ |
| ਔਖਾ | ਹੌਸਲਾ |
| ਫ਼ਿਕਰ | ਪ੍ਰਸ਼ੰਸਾ |
| ਉਸਤਤ | ਚਿੰਤਾ |

**8. ਹੇਠਾਂ ਦਿੱਤੀ ਕਾਵਿ-ਟੁਕੜੀ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ—**

ਦੋਵੇਂ ਗੱਲਾਂ-ਬਾਤਾਂ ਕਰਦੇ,
ਉਸ ਆਲ੍ਹਣੇ ਜਾ ਪਹੁੰਚੇ।
ਸਾਹ ਵਿੱਚ ਸਾਹ ਬੁਲਬੁਲ ਨੂੰ ਆਇਆ,
ਬਚੜਿਆਂ ਨੂੰ ਮਿਲ਼ ਕੇ।
ਵਾਂਗ ਟਟਹਿਣੇ ਜਿਹੜੇ ਲੋਕੀਂ,
ਕਰਦੇ ਪਰਉਪਕਾਰ।
ਸਾਰੇ ਉਸਤਤ ਕਰਨ ਉਹਨਾਂ ਦੀ,
ਆਦਰ ਅਤੇ ਪਿਆਰ।

(ੳ) ਦੋਵੇਂ ਗੱਲਾਂ-ਬਾਤਾਂ ਕਰਦੇ ਕਿੱਥੇ ਜਾ ਪਹੁੰਚੇ ?

ਘਰ ☐ ਪਹਾੜ ☐ ਆਲ੍ਹਣੇ ☐ ਜੰਗਲ਼ ☐

(ਅ) ਕਿਸ ਦੇ ਸਾਹ ਵਿੱਚ ਸਾਹ ਆਇਆ ?

ਬੁਲਬੁਲ ਦੇ ☐ ਬੱਚਿਆਂ ਦੇ ☐ ਜੁਗਨੂੰ ਦੇ ☐ ਲੋਕਾਂ ਦੇ ☐

(ੲ) ਟਟਹਿਣੇ ਵਾਂਗ ਲੋਕੀ ਕੀ ਕਰਦੇ ਹਨ ?

ਉਪਕਾਰ ☐ ਪਰਉਪਕਾਰ ☐ ਚੰਗਿਆਈ ☐ ਉਸਤਤ ☐

(ਸ) ਜਿਹੜੇ ਪਰਉਪਕਾਰ ਕਰਦੇ ਹਨ ਸਾਰੇ ਉਹਨਾਂ ਦੀ ਕੀ ਕਰਦੇ ਹਨ ?

ਹਮਾਇਤ ☐ ਉਸਤਤ ☐ ਨਿੰਦਾ ☐ ਤਾਰੀਫ਼ ☐

(ਹ) ਪਰਉਪਕਾਰ ਤੋਂ ਕੀ ਭਾਵ ਹੈ ?

ਪਿਆਰ ☐ ਦੂਸਰੇ ਦਾ ਭਲਾ ☐ ਨਫ਼ਰਤ ☐ ਲੜਾਈ ☐




**1. ਸਹੀ ਸ਼ਬਦ-ਜੋੜ 'ਤੇ ਗੋਲ਼ਾ ◯ ਲਗਾਓ—**

(ੳ) ਕੇਹੜਾ ☐ ਕਹਿੜਾ ☐ ਕਿਅੜਾ ☐ ਕਿਹੜਾ ☐

(ਅ) ਪੜ੍ਹਨਾ ☐ ਪੜਨਾਂ ☐ ਪੜਨ੍ਹਾ ☐ ਪੜਣਾਂ ☐

(ੲ) ਛਤਰੀ ☐ ਸ਼ਤੱਰੀ ☐ ਸ਼ਤਰੀ ☐ ਛੱਤਰੀ ☐

(ਸ) ਸੇਹਤ ☐ ਸੈਹਤ ☐ ਸਿਹਤ ☐ ਸੀਹਤ ☐

(ਹ) ਚਾਹੀਦਾ ☐ ਚਾਹਿਦਾ ☐ ਚਾਹੇਦਾ ☐ ਚਾਹੈਦਾ ☐

**2. ਹੇਠ ਦਿੱਤੇ ਪਿਛੇਤਰ ਲਗਾ ਕੇ ਨਵੇਂ ਸ਼ਬਦ ਬਣਾਓ—**

(ੳ) ਹੀਣ ........................ ........................ ........................

(ਅ) ਕਾਰ ........................ ........................ ........................

(ੲ) ਸਾਜ਼ ........................ ........................ ........................

(ਸ) ਸਰ ........................ ........................ ........................

(ਹ) ਆਲ ........................ ........................ ........................

(ਕ) ਆਚਾਰ ........................ ........................ ........................



## ਯੋਗਤਾ ਵਿਸਤਾਰ

- ਵਿਦਿਆਰਥੀ ਆਪਣੇ ਮਾਤਾ ਜੀ ਬਾਰੇ ਕੁਝ ਸ਼ਬਦ ਲਿਖਣ।

............................................................................................................................

............................................................................................................................

............................................................................................................................

............................................................................................................................

............................................................................................................................

............................................................................................................................

- ਵਿਦਿਆਰਥੀ ਜੁਗਨੂੰ ਬਾਰੇ ਜਾਣਕਾਰੀ ਇਕੱਠੀ ਕਰਕੇ ਇੱਕ ਪੈਰਾ ਲਿਖਣ।
- ਕੋਈ ਤਿੰਨ ਜੰਤੂਆਂ ਦੇ ਨਾਂ ਲਿਖੋ ਜਿਹੜੇ ਹਨੇਰੇ ਵਿੱਚ ਵੇਖ ਸਕਦੇ ਹਨ।

## ਅਧਿਆਪਕ ਲਈ

- ਅਧਿਆਪਕ ਬੱਚਿਆਂ ਨੂੰ ਇਹ ਦੱਸਣ ਕਿ ਜੁਗਨੂੰ ਵਾਂਗ ਆਪਣੇ ਗੁਣਾਂ ਨਾਲ਼ ਦੂਜਿਆਂ ਦੀ ਮਦਦ ਕਿਵੇਂ ਕੀਤੀ ਜਾ ਸਕਦੀ ਹੈ।
- ਅਧਿਆਪਕ ਬੱਚਿਆਂ ਨੂੰ ਮਾਂ ਦਾ ਸਤਿਕਾਰ ਕਰਨ ਦੀ ਸਿੱਖਿਆ ਦੇ ਸਕਦੇ ਹਨ ਤੇ ਦੱਸ ਸਕਦੇ ਹਨ ਕਿ ਕਿਵੇਂ ਮਾਂ ਨੂੰ ਆਪਣੇ ਬੱਚਿਆਂ ਦੀ ਹਮੇਸ਼ਾਂ ਹੀ ਚਿੰਤਾ ਰਹਿੰਦੀ ਹੈ।




# ਗੁਲੇ ਅੱਬਾਸ

## ਪਾਠ ਬਾਰੇ ਚਰਚਾ

- ਕੀ ਤੁਹਾਨੂੰ ਫੁੱਲ ਪਿਆਰੇ ਲੱਗਦੇ ਹਨ ?
- ਕੀ ਤੁਸੀਂ ਆਪਣੇ ਘਰ ਵਿੱਚ ਫੁੱਲਾਂ ਦੇ ਪੌਦੇ ਲਗਾਏ ਹਨ ?

ਮੈਂ ਇੱਕ ਛੋਟੇ ਜਿਹੇ ਕਾਲ਼ੇ ਬੀਜ ਵਿੱਚ ਰਹਿੰਦਾ ਸੀ। ਮੇਰੇ ਘਰ ਦੀਆਂ ਕੰਧਾਂ ਬਹੁਤ ਮਜ਼ਬੂਤ ਸਨ। ਇਹ ਕੰਧਾਂ ਮੈਨੂੰ ਗਰਮੀ ਅਤੇ ਸਰਦੀ ਤੋਂ ਬਚਾਉਂਦੀਆਂ ਸਨ। ਮੇਰਾ ਘਰ ਕਾਲ਼ੀ ਮਿੱਟੀ ਵਿੱਚ ਇਸ ਕਰਕੇ ਦਬਾ ਦਿੱਤਾ ਗਿਆ ਕਿ ਕੋਈ ਮੈਨੂੰ ਚੁੱਕ ਕੇ ਸੁੱਟ ਨਾ ਦੇਵੇ ਅਤੇ ਮੈਂ ਕਿਸੇ ਸ਼ਰਾਰਤੀ ਲੜਕੇ ਦੇ ਪੈਰਾਂ ਹੇਠ ਨਾ ਆ ਜਾਵਾਂ। ਜ਼ਮੀਨ ਦਾ ਨਿੱਘ ਮੈਨੂੰ ਬਹੁਤ ਚੰਗਾ ਲੱਗਦਾ ਸੀ। ਮੈਂ ਸੋਚਿਆ ਕਿ ਹਮੇਸ਼ਾਂ ਮਜ਼ੇ ਨਾਲ਼ ਇੱਥੇ ਹੀ ਰਹਾਂਗਾ।



ਮੇਰੇ ਕੰਨਾਂ ਵਿੱਚ ਅਕਸਰ ਮਿੱਠੀ-ਮਿੱਠੀ ਸੁਰੀਲੀ ਅਵਾਜ਼ ਆਉਂਦੀ ਸੀ, "ਵਧੋ, ਅੱਗੇ ਵਧੋ।" ਪਰ ਮੈਂ ਜ਼ਮੀਨ ਵਿੱਚ ਆਪਣੇ ਘਰ ਦੇ ਅੰਦਰ ਅਜਿਹੇ ਮਜ਼ੇ ਵਿੱਚ ਸੀ ਕਿ ਮੈਂ ਇਸ ਅਵਾਜ਼ ਦੇ ਕਹਿਣ ਉੱਤੇ ਵੀ ਭੋਰਾ ਧਿਆਨ ਨਾ ਦਿੱਤਾ।


ਜਦ ਉਸ ਨੇ ਮੇਰਾ ਬਹੁਤ ਪਿੱਛਾ ਕੀਤਾ ਤਾਂ ਮੈਂ ਸਾਫ਼ ਕਹਿ ਦਿੱਤਾ, "ਨਹੀਂ ਮੈਂ ਤਾਂ ਇੱਥੇ ਹੀ ਰਹਾਂਗਾ।"

ਅੱਗੇ ਵਧਣ ਅਤੇ ਘਰੋਂ ਨਿਕਲ਼ਨ ਦਾ ਕੀ ਫ਼ਾਇਦਾ ? ਇੱਥੇ ਚੈਨ ਦੀ ਨੀਂਦ ਸੌਣ ਦਾ ਆਪਣਾ ਹੀ ਅਨੰਦ ਹੈ।

ਪਰ ਇਹ ਅਵਾਜ਼ ਬੰਦ ਨਾ ਹੋਈ। ਇੱਕ ਦਿਨ ਉਸ ਨੇ ਅਜਿਹੇ ਢੰਗ ਨਾਲ਼ ਕਿਹਾ, "ਚੱਲੋ, ਰੋਸ਼ਨੀ ਵੱਲ ਚੱਲੋ।" ਹੁਣ ਮੇਰੇ ਤੋਂ ਰਿਹਾ ਨਹੀਂ ਗਿਆ। ਮੈਂ ਸੋਚਿਆ ਕਿ ਇਸ ਘਰ ਦੀਆਂ ਕੰਧਾਂ ਨੂੰ ਤੋੜ ਕੇ ਬਾਹਰ ਨਿਕਲ਼ ਹੀ ਜਾਵਾਂ।

> **ਨਿੱਘ**—ਗਰਮਾਇਸ਼ (warmth)। **ਸੁਰੀਲੀ**—ਮਧੁਰ (melodius)। **ਭੋਰਾ**—ਥੋੜ੍ਹਾ ਜਿਹਾ (a little)। **ਰੱਬ**—ਪਰਮਾਤਮਾ (God)।

ਪਰ ਕੰਧਾਂ ਮਜ਼ਬੂਤ ਸਨ ਅਤੇ ਮੈਂ ਕਮਜ਼ੋਰ। ਆਖ਼ਰ ਰੱਬ ਦਾ ਨਾਂ ਲੈ ਕੇ ਜਦੋਂ ਮੈਂ ਜ਼ੋਰ ਲਗਾਇਆ ਤਾਂ ਕੰਧ ਟੁੱਟ ਗਈ ਅਤੇ ਮੈਂ ਹਰਾ ਪੌਦਾ ਬਣ ਕੇ ਉਸ ਵਿੱਚੋਂ ਬਾਹਰ ਨਿਕਲ਼ ਆਇਆ।



ਅੱਖਾਂ ਖੋਲ੍ਹ ਕੇ ਦੁਨੀਆ ਦੇਖੀ। ਵਾਹ! ਕਿੰਨੀ ਖ਼ੂਬਸੂਰਤ ਥਾਂ ਹੈ। ਇੱਕ ਦਿਨ ਮੇਰੀ **ਕਲੀ** ਦਾ ਜਿਉਂ ਹੀ ਮੂੰਹ ਖੁੱਲ੍ਹਿਆ ਤਾਂ ਸਭ ਕਹਿਣ ਲੱਗੇ, "ਦੇਖੋ ਇਹ ਕਿੰਨਾ ਖ਼ੂਬਸੂਰਤ ਲਾਲ-ਲਾਲ **ਗੁਲੇ ਅੱਬਾਸ** ਹੈ।" ਮੈਂ ਵੀ ਸੋਚਿਆ ਕਿ ਤੰਗ ਘੇਰੇ ਨੂੰ ਛੱਡ ਕੇ ਚੰਗਾ ਹੀ ਕੀਤਾ। ਆਸ-ਪਾਸ ਹੋਰ ਵੀ ਬਹੁਤ ਗੁਲੇ ਅੱਬਾਸ ਸਨ। ਮੈਂ ਉਹਨਾਂ ਨਾਲ਼ ਬਹੁਤ ਗੱਲਾਂ ਕਰਦਾ। ਸਾਰਾ ਦਿਨ ਅਸੀਂ ਸੂਰਜ ਦੀਆਂ ਕਿਰਨਾਂ ਨਾਲ਼ ਖੇਡਦੇ ਅਤੇ ਰਾਤ ਨੂੰ ਚੰਨ ਦੀ **ਚਾਨਣੀ** ਨਾਲ਼। ਜੇ ਕਦੇ ਅੱਖ ਲੱਗਦੀ ਤਾਂ ਆਸ-ਪਾਸ ਦੇ ਤਾਰੇ ਆ ਕੇ ਸਾਨੂੰ ਛੇੜ ਕੇ ਜਗਾ ਦਿੰਦੇ ਸਨ।



ਅਫ਼ਸੋਸ! ਇਹ ਮਜ਼ੇ ਵਾਲ਼ੇ ਦਿਨ ਜ਼ਿਆਦਾ ਨਾ ਰਹੇ। ਇੱਕ ਦਿਨ ਸਵੇਰ ਵੇਲ਼ੇ ਸਾਡੇ ਕੰਨਾਂ ਵਿੱਚ ਇੱਕ ਸਖ਼ਤ ਅਵਾਜ਼ ਆਈ। "ਗੁਲੇ ਅੱਬਾਸ ਚਾਹੀਦੇ ਹਨ, ਗੁਲੇ ਅੱਬਾਸ!" "ਠੀਕ ਹੈ, ਜਿੰਨੇ ਚਾਹੀਦੇ ਹਨ ਲੈ ਲਵੋ।" ਸਾਡੀ ਸਮਝ ਵਿੱਚ ਇਹ ਗੱਲ ਬਿਲਕੁਲ ਨਾ ਆਈ।

ਦੇਖਦੇ ਹੀ ਦੇਖਦੇ ਕਿਸੇ ਨੇ ਸਾਨੂੰ **ਡੰਠਲ** ਸਮੇਤ ਕੈਂਚੀ ਨਾਲ਼ ਕੱਟ ਕੇ ਟੋਕਰੀ ਵਿੱਚ ਪਾ ਦਿੱਤਾ। ਹੁਣ ਯਾਦ ਨਹੀਂ ਸੀ ਕਿ ਇਸ ਟੋਕਰੀ ਵਿੱਚ ਕਿੰਨੀ ਦੇਰ ਅਸੀਂ ਪਏ ਰਹੇ। ਇਹ ਤਾਂ ਮੇਰੀ ਕਿਸਮਤ ਸਮਝੋ ਕਿ ਮੈਂ ਉੱਪਰ ਸੀ, ਨਹੀਂ ਤਾਂ ਦਮ ਘੁੱਟ ਕੇ ਮਰ ਜਾਂਦਾ।



ਫਿਰ ਸ਼ਾਇਦ ਮੈਂ ਸੌਂ ਗਿਆ ਹੋਵਾਂਗਾ ਕਿਉਂਕਿ ਜਦ ਮੈਂ ਉੱਠਿਆ ਤਾਂ ਦੇਖਿਆ ਕਿ ਮੈਨੂੰ ਅਤੇ ਮੇਰੇ ਪੰਜ-ਛੇ ਹੋਰ ਸਾਥੀਆਂ ਨੂੰ ਇੱਕ ਖ਼ੂਬਸੂਰਤ **ਲੜੀ** ਵਿੱਚ ਬੰਨ੍ਹ ਕੇ ਕਿਸੇ ਨੇ ਗੁਲਦਸਤਾ ਬਣਾਇਆ ਹੋਇਆ ਸੀ। ਆਲ਼ੇ-ਦੁਆਲ਼ੇ ਦੇਖਿਆ ਤਾਂ ਨਾ ਬਾਗ਼ ਤੇ ਰੌਣਕਾਂ ਸਨ, ਨਾ ਹੀ ਚਿੜੀਆਂ ਦਾ ਗਾਣਾ। ਸੜਕ ਕੰਢੇ ਇੱਕ ਛੋਟੀ ਜਿਹੀ ਮੈਲ਼ੀ-ਕੁਚੈਲ਼ੀ ਦੁਕਾਨ ਸੀ। ਹਜ਼ਾਰਾਂ ਆਦਮੀ ਆ ਜਾ ਰਹੇ ਸਨ।

**ਕਲੀ**—ਫੁੱਲ ਦੀ ਡੋਡੀ (bud)। **ਗੁਲੇ ਅੱਬਾਸ**—ਅੱਬਾਸ ਨਾਂ ਵਾਲ਼ਾ ਫੁੱਲ (a flower named Abbas)। **ਚਾਨਣ**—ਰੋਸ਼ਨੀ (light)। **ਡੰਠਲ**—ਫੁੱਲ-ਬੂਟੇ ਦੀ ਡੰਡੀ (stalk)। **ਲੜੀ**—ਪੰਕਤੀ (chain)।

ਗੱਡੀਆਂ ਮਿਲ਼ ਕੇ ਸ਼ੋਰ ਮਚਾ ਰਹੀਆਂ ਸਨ। ਮੇਰਾ ਦਿਲ ਘਬਰਾਇਆ ਪਰ ਮੈਂ ਬੇਵੱਸ ਸੀ। ਸ਼ਾਮ ਵੇਲੇ ਇੱਕ ਖ਼ੂਬਸੂਰਤ ਲੜਕੀ ਦੁਕਾਨ ਕੋਲ਼ੋਂ ਦੀ ਲੰਘੀ। ਉਸ ਨੇ ਮੇਰੇ ਵੱਲ ਦੇਖਿਆ। ਫੁੱਲ ਵਾਲ਼ੇ ਨੇ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਲੜਕੀ ਸਾਹਮਣੇ ਰੱਖ ਦਿੱਤਾ ਅਤੇ ਕਿਹਾ, "ਬੇਟੀ ਦੇਖੋ, ਕਿੰਨੇ ਖ਼ੂਬਸੂਰਤ ਗੁਲੇ ਅੱਬਾਸ ਹਨ। ਸੌ ਰੁਪਏ ਦਾ ਗੁਲਦਸਤਾ, ਸੌ ਰੁਪਏ ਦਾ।" ਲੜਕੀ ਨੇ ਸੌ ਰੁਪਿਆ ਦਿੱਤਾ ਅਤੇ ਸਾਨੂੰ ਆਪਣੇ ਹੱਥ ਵਿੱਚ ਫੜ ਲਿਆ। ਉਸ ਦੇ ਹੱਥ ਨਰਮ-ਨਰਮ ਸਨ। ਇੱਥੇ ਆ ਕੇ ਸਾਡੀ ਜਾਨ ਵਿੱਚ ਜਾਨ ਆਈ ਪਰ ਥੋੜ੍ਹੀ ਦੇਰ ਬਾਅਦ ਸ਼ਾਇਦ ਮੈਂ ਬੇਹੋਸ਼ ਹੋ ਗਿਆ।



ਲੜਕੀ ਨੇ ਸ਼ੀਸ਼ੇ ਦੇ ਇੱਕ ਗੁਲਦਾਨ ਵਿੱਚ ਪਾਣੀ ਭਰ ਕੇ ਸਾਨੂੰ ਪਿਲਾਇਆ ਤਾਂ ਜਾ ਕੇ ਸਾਡੀ ਤਬੀਅਤ ਠੀਕ ਹੋਈ। ਮੈਂ ਸਿਰ ਉਠਾ ਕੇ ਇੱਧਰ-ਉੱਧਰ ਦੇਖਿਆ। ਹੁਣ ਮੈਂ ਇੱਕ ਸਾਫ਼ ਕਮਰੇ ਵਿੱਚ ਸੀ। ਕਮਰੇ ਵਿੱਚ ਕਈ ਬਿਸਤਰੇ ਲੱਗੇ ਹੋਏ ਸਨ। ਇੱਕ ਪਾਸਿਓਂ ਇੱਕ ਬਿਮਾਰ ਲੜਕੀ ਦੀ ਅਵਾਜ਼ ਸੁਣਾਈ ਦਿੱਤੀ, "ਡਾਕਟਰ ਸਾਹਿਬ, ਕੀ ਮੈਂ ਠੀਕ ਹੋ ਜਾਵਾਂਗੀ ? ਇਹ ਕਹਿੰਦੇ ਹੋਏ ਬੱਚੀ ਰੋਣ ਲੱਗ ਪਈ। ਆਪਣੀਆਂ ਅੱਖਾਂ ਪੂੰਝ ਕੇ ਉਸ ਨੇ ਪਾਸਾ ਪਰਤਿਆ ਤਾਂ ਉਸ ਨੂੰ ਮੈਂ ਅਤੇ ਮੇਰੇ ਸਾਥੀ ਗੁਲਦਾਨ ਵਿੱਚ ਰੱਖੇ ਹੋਏ ਦਿਖਾਈ ਦਿੱਤੇ।

ਲੜਕੀ ਦੀ ਖ਼ੁਸ਼ੀ ਦੀ ਕੋਈ ਹੱਦ ਨਾ ਰਹੀ। ਕੋਲ਼ ਜੋ ਨਰਸ ਖੜ੍ਹੀ ਸੀ ਉਸ ਨੇ ਸਾਨੂੰ ਚੁੱਕ ਕੇ ਉਸ ਲੜਕੀ ਦੇ ਹੱਥਾਂ ਵਿੱਚ ਫੜਾ ਦਿੱਤਾ। ਉਸ ਪਿਆਰੀ ਬੱਚੀ ਨੇ ਸਾਨੂੰ ਚੁੰਮਿਆ ਅਤੇ ਆਪਣੀਆਂ ਗੋਰੀਆਂ-ਗੋਰੀਆਂ ਗੱਲ੍ਹਾਂ ਨਾਲ਼ ਲਗਾਇਆ। ਮੈਂ ਦੇਖਿਆ ਕਿ ਉਸ ਦੀਆਂ ਗੋਰੀਆਂ ਗੱਲ੍ਹਾਂ ਉੱਤੇ ਸਾਡੀ ਸੁਰਖ਼ੀ ਦੀ ਥੋੜ੍ਹੀ ਜਿਹੀ ਝਲਕ ਆ ਗਈ। ਉਸ ਸਮੇਂ ਸਮਝ ਵਿੱਚ ਆਇਆ ਕਿ ਬੀਜ ਦਾ ਘਰ ਛੱਡ ਕੇ ਰੋਸ਼ਨੀ ਵੱਲ ਵਧਣ ਦੀ ਗ਼ਰਜ਼ ਇਹੀ ਸੀ ਕਿ ਇੱਕ ਦੁਖਿਆਰੀ ਬਿਮਾਰ ਬੱਚੀ ਨੂੰ ਘੱਟੋ-ਘੱਟ ਥੋੜ੍ਹੀ ਦੇਰ ਦੀ ਖ਼ੁਸ਼ੀ ਸਾਡੇ ਤੋਂ ਮਿਲ਼ ਜਾਏ।

**ਬੇਵੱਸ**—ਮਜਬੂਰ (helpless)। **ਪੂੰਝ ਕੇ**—ਸਾਫ਼ ਕਰਕੇ (wiped, cleaned)। **ਸੁਰਖ਼ੀ**—ਲਾਲੀ (redness)। **ਗ਼ਰਜ਼**—ਪ੍ਰਯੋਜਨ, ਮਤਲਬ (need, purpose)।

## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਪਹਿਲਾਂ ਫੁੱਲ ਕਿੱਥੇ ਰਹਿੰਦਾ ਸੀ ?

ਕਾਲ਼ੇ ਬੀਜ ਵਿੱਚ ☐ ਗਮਲੇ ਵਿੱਚ ☐ ਥੈਲੇ ਵਿੱਚ ☐ ਡੱਬੇ ਵਿੱਚ ☐

(ਅ) ਜ਼ਮੀਨ ਵਿੱਚ ਬੀਜ ਨੂੰ ਕੀ ਚੰਗਾ ਲੱਗਦਾ ਸੀ ?

ਹਨੇਰਾ ☐ ਠੰਢ ☐ ਨਿੱਘ ☐ ਅਰਾਮ ☐

(ੲ) ਬੀਜ ਦੇ ਕੰਨਾਂ ਵਿੱਚ ਕਿਹੋ ਜਿਹੀ ਅਵਾਜ਼ ਆਉਂਦੀ ਸੀ ?

ਮਿੱਠੀ ਤੇ ਸੁਰੀਲੀ ☐ ਸਖ਼ਤ ☐ ਭੈੜੀ ☐ ਤੇਜ਼ ☐

(ਸ) ਬੀਜ ਨੇ ਕਿਸ ਦਾ ਨਾਂ ਲੈ ਕੇ ਜ਼ੋਰ ਲਗਾਇਆ ਤੇ ਕੰਧ ਟੁੱਟ ਗਈ ?

ਰੱਬ ਦਾ ☐ ਫੁੱਲ ਦਾ ☐ ਤਣੇ ਦਾ ☐ ਰੋਸ਼ਨੀ ਦਾ ☐

(ਹ) ਬਿਮਾਰ ਲੜਕੀ ਨੂੰ ਥੋੜ੍ਹੀ ਦੇਰ ਦੀ ਖ਼ੁਸ਼ੀ ਕਿਸ ਤੋਂ ਮਿਲ਼ੀ ?

ਗੁਲੇ ਅੱਬਾਸ ਦੇ ਫੁੱਲਾਂ ਤੋਂ ☐ ਸਾਫ਼ ਕਮਰੇ ਤੋਂ ☐ ਪੌਦੇ ਤੋਂ ☐ ਕਾਲ਼ੇ ਬੀਜ ਤੋਂ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਬੀਜ ਕਿੱਥੇ ਰਹਿ ਕੇ ਮਜ਼ੇ ਵਿੱਚ ਸੀ ?

ਉੱਤਰ ..............................................................................................

(ਅ) ਅਵਾਜ਼ ਬੀਜ ਨੂੰ ਕਿਸ ਵੱਲ ਚੱਲਣ ਲਈ ਪ੍ਰੇਰਿਤ ਕਰਦੀ ਸੀ ?

ਉੱਤਰ ..............................................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਬੀਜ ਦਾ ਘਰ ਮਿੱਟੀ ਵਿੱਚ ਕਿਉਂ ਦਬਾ ਦਿੱਤਾ ਗਿਆ ਸੀ ?

ਉੱਤਰ ..............................................................................................

..............................................................................................

(ਅ) ਇੱਕ ਦਿਨ ਗੁਲੇ ਅੱਬਾਸ ਦੇ ਫੁੱਲਾਂ ਨੇ ਕੀ ਅਵਾਜ਼ ਸੁਣੀ ?

ਉੱਤਰ ..............................................................................................

..............................................................................................

(ੲ) ਬਿਮਾਰ ਲੜਕੀ ਨੇ ਖ਼ੁਸ਼ ਹੋ ਕੇ ਫੁੱਲਾਂ ਨਾਲ਼ ਕੀ ਕੀਤਾ ?

ਉੱਤਰ ..............................................................................................

..............................................................................................

(ਸ) ਪਾਠ ਅਨੁਸਾਰ ਬੀਜ ਦਾ ਮਨੋਰਥ ਕਿਵੇਂ ਪੂਰਾ ਹੋਇਆ ?

ਉੱਤਰ ..............................................................................................

..............................................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ੳ) ਬੀਜ ਦੇ ਘਰ ਦੀਆਂ ਕੰਧਾਂ ਬਹੁਤ .............................. ਸਨ। (ਕਮਜ਼ੋਰ/ਮਜ਼ਬੂਤ)

(ਅ) ਆਸ-ਪਾਸ ਹੋਰ ਵੀ ਬਹੁਤ ਸਾਰੇ .............................. ਸਨ। (ਗੁਲੇ ਅੱਬਾਸ/ਗੁਲਾਬ)

(ੲ) ਖ਼ੂਬਸੂਰਤ ਲੜੀ ਦਾ .............................. ਬਣਾ ਦਿੱਤਾ ਗਿਆ। (ਗੁਲਦਸਤਾ/ਹਾਰ)

(ਸ) ਸੜਕ ਕੰਢੇ ਇੱਕ ਛੋਟੀ ਜਿਹੀ .............................. ਦੁਕਾਨ ਸੀ। (ਸਾਫ਼-ਸੁਥਰੀ/ਮੈਲ਼ੀ-ਕੁਚੈਲ਼ੀ)

(ਹ) .............................. ਬੱਚੀ ਗੁਲੇ ਅੱਬਾਸ ਦੇ ਫੁੱਲਾਂ ਨੂੰ ਦੇਖਣਾ ਚਾਹੁੰਦੀ ਸੀ। (ਸੋਹਣੀ/ਬਿਮਾਰ)

**5. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਗੁਲੇ ਅੱਬਾਸ ਦੇ ਬੀਜ ਦੀਆਂ ਕੰਧਾਂ ਬਹੁਤ ਮਜ਼ਬੂਤ ਸਨ। ☐

(ਅ) ਉਸ ਦੇ ਆਸ-ਪਾਸ ਹੋਰ ਵੀ ਬਹੁਤ ਗੁਲੇ ਅੱਬਾਸ ਸਨ। ☐

(ੲ) ਇੱਕ ਦਿਨ ਗੁਲੇ ਅੱਬਾਸ ਦੇ ਫੁੱਲਾਂ ਨੂੰ ਕਿਸੇ ਨੇ ਕੈਂਚੀ ਨਾਲ਼ ਡੰਠਲ ਸਮੇਤ ਕੱਟ ਦਿੱਤਾ। ☐

(ਸ) ਲੜਕੀ ਨੇ ਸ਼ੀਸ਼ੇ ਦੇ ਗੁਲਦਾਨ ਵਿੱਚ ਪਾਣੀ ਭਰ ਕੇ ਫੁੱਲਾਂ ਨੂੰ ਪਿਲਾਇਆ। ☐

(ਹ) ਬਿਮਾਰ ਬੱਚੀ ਨੇ ਫੁੱਲਾਂ ਨੂੰ ਹੱਥ ਨਾ ਲਾਇਆ। ☐

**6. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | | ਵਾਕ |
|---|---|---|
| (ੳ) ਬੀਜ | — | ਅਸੀਂ ਖ਼ਰਬੂਜ਼ਾ ਖਾਣ ਵੇਲ਼ੇ ਉਸ ਦੇ **ਬੀਜ** ਅੱਡ ਕੱਢ ਦਿੱਤੇ। (ਉਦਾਹਰਨ) |
| (ਅ) ਮਜ਼ਬੂਤ | — | .............................................................................. |
| (ੲ) ਫ਼ਾਇਦਾ | — | .............................................................................. |
| (ਸ) ਸੁਰੀਲੀ | — | .............................................................................. |
| (ਹ) ਕਮਜ਼ੋਰ | — | .............................................................................. |

## 7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

ਗੱਡੀਆਂ ਮਿਲ਼ ਕੇ ਸ਼ੋਰ ਮਚਾ ਰਹੀਆਂ ਸਨ। ਮੇਰਾ ਦਿਲ ਘਬਰਾਇਆ ਪਰ ਮੈਂ ਬੇਵੱਸ ਸੀ। ਸ਼ਾਮ ਵੇਲੇ ਇੱਕ ਖ਼ੂਬਸੂਰਤ ਲੜਕੀ ਦੁਕਾਨ ਕੋਲ਼ੋਂ ਦੀ ਲੰਘੀ। ਉਸ ਨੇ ਮੇਰੇ ਵੱਲ ਦੇਖਿਆ। ਫੁੱਲ ਵਾਲ਼ੇ ਨੇ ਮੈਨੂੰ ਅਤੇ ਮੇਰੇ ਸਾਥੀਆਂ ਨੂੰ ਲੜਕੀ ਸਾਹਮਣੇ ਰੱਖ ਦਿੱਤਾ ਅਤੇ ਕਿਹਾ, "ਬੇਟੀ ਦੇਖੋ, ਕਿੰਨੇ ਖ਼ੂਬਸੂਰਤ ਗੁਲੇ ਅੱਬਾਸ ਹਨ। ਸੌ ਰੁਪਏ ਦਾ ਗੁਲਦਸਤਾ, ਸੌ ਰੁਪਏ ਦਾ।" ਲੜਕੀ ਨੇ ਸੌ ਰੁਪਿਆ ਦਿੱਤਾ ਅਤੇ ਸਾਨੂੰ ਆਪਣੇ ਹੱਥ ਵਿੱਚ ਫੜ ਲਿਆ। ਉਸ ਦੇ ਹੱਥ ਨਰਮ-ਨਰਮ ਸਨ। ਇੱਥੇ ਆ ਕੇ ਸਾਡੀ ਜਾਨ ਵਿੱਚ ਜਾਨ ਆਈ ਪਰ ਥੋੜ੍ਹੀ ਦੇਰ ਬਾਅਦ ਸ਼ਾਇਦ ਮੈਂ ਬੇਹੋਸ਼ ਹੋ ਗਿਆ।

(ੳ) ਕੌਣ ਮਿਲ਼ ਕੇ ਸ਼ੋਰ ਮਚਾ ਰਹੀਆਂ ਸਨ ?

ਲੜਕੀਆਂ ☐ ਔਰਤਾਂ ☐ ਗੱਡੀਆਂ ☐ ਰੇਲਾਂ ☐

(ਅ) ਕਿਸ ਦਾ ਦਿਲ ਘਬਰਾਇਆ ਹੋਇਆ ਸੀ ?

ਲੜਕੀ ਦਾ ☐ ਗੁਲੇ ਅੱਬਾਸ ਦਾ ☐ ਦੁਕਾਨਦਾਰ ਦਾ ☐ ਮਾਲੀ ਦਾ ☐

(ੲ) ਸ਼ਾਮ ਵੇਲ਼ੇ ਦੁਕਾਨ ਕੋਲ਼ੋਂ ਕੌਣ ਲੰਘੀ ?

ਖ਼ੂਬਸੂਰਤ ਲੜਕੀ ☐ ਔਰਤ ☐ ਗੱਡੀ ☐ ਕਾਰ ☐

(ਸ) ਦੁਕਾਨਦਾਰ ਨੇ ਲੜਕੀ ਨੂੰ ਗੁਲਦਸਤੇ ਦੀ ਕਿੰਨੀ ਕੀਮਤ ਦੱਸੀ ?

ਦੋ ਸੌ ਰੁਪਏ ☐ ਸੌ ਰੁਪਏ ☐ ਪੰਜਾਹ ਰੁਪਏ ☐ ਦਸ ਰੁਪਏ ☐

(ਹ) ਕੌਣ ਬੇਹੋਸ਼ ਹੋ ਗਿਆ ਸੀ ?

ਗੁਲੇ ਅੱਬਾਸ ☐ ਗੁਲਾਬ ☐ ਲੜਕੀ ☐ ਦੁਕਾਨਦਾਰ ☐



# ਵਿਆਕਰਨ

### ਹੇਠਾਂ ਦਿੱਤੇ ਮੁਹਾਵਰਿਆਂ ਦਾ ਉਹਨਾਂ ਦੇ ਸਹੀ ਅਰਥ ਨਾਲ਼ ਮਿਲਾਨ ਕਰੋ :

| | |
|---|---|
| (ੳ) ਪਿੱਛਾ ਕਰਨਾ | ਗੌਰ ਨਾ ਕਰਨਾ |
| (ਅ) ਚੈਨ ਦੀ ਨੀਂਦ ਸੌਣਾ | ਡਰ ਜਾਣਾ |
| (ੲ) ਧਿਆਨ ਨਾ ਦੇਣਾ | ਪੂਰੀ ਹੋਸ਼ ਨਾਲ਼ ਵੇਖਣਾ |
| (ਸ) ਜਾਨ ਸੁੱਕਣਾ | ਮਗਰ ਪੈਣਾ |
| (ਹ) ਅੱਖਾਂ ਖੋਲ੍ਹ ਕੇ ਵੇਖਣਾ | ਬੇਫ਼ਿਕਰ ਹੋ ਕੇ ਸੌਣਾ |



## ਯੋਗਤਾ ਵਿਸਤਾਰ

- ਜਿਹੜੇ ਫੁੱਲ ਤੁਹਾਨੂੰ ਪਸੰਦ ਹਨ ਉਹਨਾਂ ਦੀਆਂ ਤਸਵੀਰਾਂ ਆਪਣੀ ਸਕਰੈਪ ਕਾਪੀ ਵਿੱਚ ਚਿਪਕਾਓ ਅਤੇ ਇਹਨਾਂ ਦੇ ਨਾਂ ਵੀ ਲਿਖੋ।



## ਅਧਿਆਪਕ ਲਈ

- ਇਸ ਖ਼ੂਬਸੂਰਤ ਪਾਠ ਦੇ ਕਈ ਨੁਕਤੇ ਪੜ੍ਹਾਉਣ ਸਮੇਂ ਧਿਆਨ ਵਿੱਚ ਰੱਖਣ ਦੇ ਯੋਗ ਹਨ :

ਪਹਿਲਾ : ਕੁਦਰਤ ਨੇ ਬੀਜ ਨੂੰ ਸੁਰੱਖਿਅਤ ਰੱਖਣ ਲਈ ਉਸ ਦਾ ਬਾਹਰਲਾ ਪਾਸਾ ਮਜ਼ਬੂਤ ਬਣਾਇਆ ਹੈ।

ਦੂਜਾ : ਬੀਜ ਆਪਣੇ ਅੰਦਰ ਦੀ ਤਾਕਤ ਨਾਲ਼ ਜੰਮਦਾ ਹੈ।

ਤੀਜਾ : ਫੁੱਲ ਦੀ ਉਮਰ ਭਾਵੇਂ ਛੋਟੀ ਹੁੰਦੀ ਹੈ, ਫਿਰ ਵੀ ਉਹ ਦੂਜਿਆਂ ਨੂੰ ਖ਼ੁਸ਼ੀ ਦਿੰਦਾ ਹੈ।

ਚੌਥਾ : ਕਿਸੇ ਦੇ ਕੰਮ ਆ ਸਕਣਾ ਵੱਡੀ ਗੱਲ ਹੈ।


ਪੰਜਵਾਂ : ਹਰ ਜੀਵ ਜਾਂ ਪੌਦੇ ਦਾ ਕੋਈ ਨਾ ਕੋਈ ਮਨੋਰਥ ਹੁੰਦਾ ਹੈ। ਉਸ ਦਾ ਸਫ਼ਰ ਉਸ ਮਨੋਰਥ ਨੂੰ ਪੂਰਾ ਕਰਨ ਨਾਲ਼ ਮੁਕੰਮਲ ਹੁੰਦਾ ਹੈ।



# 16 ਪਾਠ ਲੋਹੜੀ ਅਤੇ ਮਾਘੀ

## ਪਾਠ ਬਾਰੇ ਚਰਚਾ

- ਤੁਹਾਡਾ ਮਨਪਸੰਦ ਤਿਉਹਾਰ ਕਿਹੜਾ ਹੈ ?
- ਲੋਹੜੀ ਦਾ ਤਿਉਹਾਰ ਤੁਸੀਂ ਕਿਵੇਂ ਮਨਾਉਂਦੇ ਹੋ ?
- ਕੀ ਤੁਹਾਨੂੰ ਲੋਹੜੀ ਦੇ ਤਿਉਹਾਰ 'ਤੇ ਗਾਇਆ ਜਾਣ ਵਾਲ਼ਾ ਗੀਤ ਯਾਦ ਹੈ ?



ਉੱਘਾ—ਮਸ਼ਹੂਰ (famous)।
ਪਵਿੱਤਰ—ਪਾਵਨ (holy)।
ਦਿਹਾੜਾ—ਦਿਨ (day)।

ਲੋਹੜੀ ਪੰਜਾਬ ਦਾ ਉੱਘਾ ਤਿਉਹਾਰ ਹੈ। ਇਹ ਦੇਸੀ ਮਹੀਨੇ ਪੋਹ ਦੇ ਅੰਤਲੇ ਦਿਨ ਹੁੰਦਾ ਹੈ। ਦੂਜੇ ਦਿਨ ਮਾਘ ਦਾ ਮਹੀਨਾ ਚੜ੍ਹਦਾ ਹੈ। ਮਾਘ ਮਹੀਨੇ ਦੇ ਇਸ ਪਹਿਲੇ ਦਿਨ ਅਰਥਾਤ ਸੰਗਰਾਂਦ ਨੂੰ ਮਾਘੀ ਦਾ ਪਵਿੱਤਰ ਦਿਹਾੜਾ ਹੁੰਦਾ ਹੈ।

ਜਿਵੇਂ ਦੀਵਾਲੀ ਸਰਦੀਆਂ ਦੇ ਸ਼ੁਰੂ ਦਾ ਤਿਉਹਾਰ ਹੈ, ਇਵੇਂ ਹੀ ਲੋਹੜੀ ਢਲਦੀ ਸਰਦੀ ਦਾ ਤਿਉਹਾਰ ਹੈ। ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਇਵੇਂ ਹੀ, ਲੋਹੜੀ ਅੱਗ ਸੇਕਣ ਦਾ

ਤਿਉਹਾਰ ਹੈ। ਲੋਹੜੀ ਬਾਲ਼ਣ ਲਈ ਕਈ-ਕਈ ਦਿਨ ਪਹਿਲਾਂ ਬਾਲਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਦੋਂ ਸਰਦੀ ਤੋਂ ਮੁਕਤੀ ਅਤੇ ਸਰਦੀ ਕਾਰਨ ਆਏ ਦਲਿੱਦਰ ਤੋਂ ਵੀ ਮੁਕਤੀ ਹੋਣੀ ਹੁੰਦੀ ਹੈ, ਚਾਅ ਤਾਂ ਹੋਣਾ ਹੀ ਹੋਇਆ।

ਛੋਟੇ-ਛੋਟੇ ਮੁੰਡੇ-ਕੁੜੀਆਂ ਘਰੋ-ਘਰੀ ਪਹਿਲਾਂ ਬਾਲ਼ਣ ਅਤੇ ਫਿਰ ਲੋਹੜੀ ਮੰਗਣ ਜਾਂਦੇ ਹਨ। ਬੱਚਿਆਂ ਦੀਆਂ ਟੋਲੀਆਂ ਦੁੱਲੇ ਭੱਟੀ ਨਾਲ਼ ਜੁੜਿਆ ਗੀਤ 'ਸੁੰਦਰ ਮੁੰਦਰੀਏ ਹੋ, ਤੇਰਾ ਕੌਣ ਵਿਚਾਰਾ ਹੋ' ਗਾਉਂਦੀਆਂ ਹਨ। ਕੁੜੀਆਂ ਦੀ ਕੋਈ ਟੋਲੀ ਕਹਿੰਦੀ ਹੈ :

ਸਾਡੇ ਪੈਰਾਂ ਹੇਠ ਸਲਾਈਆਂ
ਅਸੀਂ ਕਿਹੜੇ ਵੇਲ਼ੇ ਦੀਆਂ ਆਈਆਂ।

ਮੁੰਡਿਆਂ ਦੀ ਟੋਲੀ ਬੋਲਦੀ ਹੈ :

ਸਾਡੇ ਪੈਰਾਂ ਹੇਠ ਰੋੜ
ਸਾਨੂੰ ਛੇਤੀ-ਛੇਤੀ ਤੋਰ।

> ਪ੍ਰਬੰਧ—ਇੰਤਜ਼ਾਮ (arrangement)।
> ਮੁਕਤੀ—ਅਜ਼ਾਦੀ (freedom)।
> ਦਲਿੱਦਰ—ਆਲਸ (laziness)।
> ਰਿਵਾਜ—ਰੀਤ (custom)।
> ਪਾਲ਼ਾ—ਸਰਦੀ (winter)।

ਲੋਹੜੀ ਮੰਗਦੇ ਇਹ ਮੁੰਡੇ ਅਤੇ ਕੁੜੀਆਂ, ਜਿਹੜੇ ਘਰ ਜਾਂਦੇ ਹਨ, ਉਸ ਘਰ ਵਾਲ਼ੇ ਉਹਨਾਂ ਨੂੰ ਕੁਝ ਨਾ ਕੁਝ ਖਾਣ ਲਈ ਦਿੰਦੇ ਹਨ। ਉਂਞ ਲੋਹੜੀ ਮੰਗਣ ਦਾ ਰਿਵਾਜ ਦਿਨੋ-ਦਿਨ ਘੱਟਦਾ ਜਾ ਰਿਹਾ ਹੈ।

ਕਿਸੇ ਨੇ ਪੁੱਛਿਆ ਸੀ, "ਪਾਲ਼ਾ ਪੋਹ ਕਿ ਮਾਘ"? ਅੱਗੋਂ ਉੱਤਰ ਮਿਲ਼ਿਆ, "ਪਾਲ਼ਾ ਪੋਹ ਨਾ ਮਾਘ। ਪਾਲ਼ਾ 'ਵਾ ਦਾ"। ਇਸ ਦਾ ਭਾਵ ਸੀ ਕਿ ਉਂਞ ਤਾਂ ਮਾਘ ਵਿੱਚ ਪਾਲ਼ਾ ਘੱਟ ਜਾਂਦਾ ਹੈ, ਪਰ ਕਈ ਵਾਰੀ ਠੰਢੀਆਂ ਹਵਾਵਾਂ ਚੱਲਣ ਕਰਕੇ ਵੱਧ ਜਾਂਦਾ ਹੈ।

ਲੋਹੜੀ ਨੂੰ ਕਈ ਥਾਈਂ 'ਲੋਈ' ਜਾਂ 'ਲੋਹੀ' ਵੀ ਕਿਹਾ ਜਾਂਦਾ ਹੈ।



ਲੋਹੜੀ ਦੇ ਤਿਉਹਾਰ ਦਾ ਰੰਗ ਸ਼ਾਮ ਨੂੰ ਬਝਦਾ ਹੈ। ਗਲ਼ੀ-ਮਹੱਲੇ ਦੇ ਲੋਕ ਇਕੱਠੇ ਹੋ ਕੇ ਲੋਹੜੀ ਬਾਲ਼ਦੇ ਹਨ। ਸ਼ਹਿਰਾਂ ਵਿੱਚ ਵੀ ਆਂਢੀ-ਗੁਆਂਢੀ ਇਕੱਠੇ ਹੋ ਕੇ ਲੋਹੜੀ ਬਾਲ਼ਦੇ ਹਨ। ਜਿਨ੍ਹਾਂ ਘਰਾਂ ਵਿੱਚ ਕੋਈ ਬਾਲ ਜੰਮਿਆ ਹੁੰਦਾ ਹੈ, ਉਹ ਵਿਸ਼ੇਸ਼ ਤੌਰ 'ਤੇ ਲੋਹੜੀ ਬਾਲ਼ਦੇ ਹਨ। ਅੱਜ-ਕੱਲ੍ਹ ਕਈ ਚੰਗੀਆਂ ਤਬਦੀਲੀਆਂ ਆਈਆਂ ਹਨ। ਹੁਣ ਲੋਕੀਂ ਕੇਵਲ ਪੁੱਤਰ ਜੰਮਣ 'ਤੇ ਹੀ ਨਹੀਂ, ਧੀ ਜੰਮੇ 'ਤੇ ਵੀ ਲੋਹੜੀ ਦੀਆਂ ਖ਼ੁਸ਼ੀਆਂ ਮਨਾਉਂਦੇ ਹਨ। ਨਵੇਂ ਵਿਆਹਿਆਂ ਦੇ ਘਰਾਂ ਵਿੱਚ ਲੋਹੜੀ ਚਾਅ ਨਾਲ਼ ਮਨਾਈ ਜਾਂਦੀ ਹੈ।

ਇਸ ਤਿਉਹਾਰ 'ਤੇ ਤਿਲਾਂ ਦੀਆਂ ਬਣਾਈਆਂ ਰਿਓੜੀਆਂ, ਭੁੱਗਾ, ਗਚਕ, ਮੱਕੀ ਦੇ ਭੁੰਨੇ ਦਾਣੇ, ਮੂੰਗਫਲੀ ਆਦਿ ਵੰਡੀ ਜਾਂਦੀ ਹੈ। ਲੋਹੜੀ ਦਾ ਤਿਉਹਾਰ ਆਂਢ-ਗੁਆਂਢ ਅਤੇ ਭਾਈਚਾਰੇ ਵਿੱਚ ਮਿਲ਼ ਕੇ ਮਨਾਇਆ ਜਾਂਦਾ ਹੈ।

ਇਹ ਤਿਉਹਾਰ ਕਾਫ਼ੀ ਪੁਰਾਣਾ ਹੈ। ਇਸ ਦੇ ਮਨਾਏ ਜਾਣ ਦੇ ਕਈ ਕਾਰਨ ਦੱਸੇ ਜਾਂਦੇ ਹਨ। ਇੱਕ ਤਾਂ ਇਹ ਕਿ ਸਰਦੀਆਂ ਵਿੱਚ ਮੱਧਮ ਪਏ ਨਿੱਘ ਨੂੰ ਮੁੜ ਤੇਜ਼ ਕਰਨ ਲਈ ਥਾਂ-ਥਾਂ ਅੱਗ ਬਾਲ਼ੀ ਜਾਂਦੀ ਹੈ। ਦੂਜਾ, ਅੱਗ ਨੂੰ ਸਾਰਾ ਸਾਲ ਸੰਭਾਲ਼ੀ ਰੱਖਣ ਲਈ ਵੀ ਇਹ ਅੱਗ ਬਾਲ਼ੀ ਜਾਂਦੀ ਰਹੀ ਹੈ। ਪੁਰਾਣੇ ਸਮੇਂ ਵਿੱਚ ਇੱਕ ਵਾਰੀ ਬਾਲ਼ੀ ਅੱਗ ਨੂੰ ਦੱਬ ਕੇ ਰੋਜ਼ ਵਰਤੋਂ ਵਿੱਚ ਲਿਆਇਆ ਜਾਂਦਾ ਸੀ।



ਭਗਤ ਪ੍ਰਹਿਲਾਦ ਵਾਲ਼ੀ ਕਥਾ ਜੋ ਹੋਲੀ ਨਾਲ਼ ਜੋੜੀ ਜਾਂਦੀ ਹੈ, ਲੋਹੜੀ ਨਾਲ਼ ਵੀ ਕਈ ਥਾਈਂ ਜੋੜ ਲਈ ਜਾਂਦੀ ਹੈ। ਹੋਲਿਕਾ ਪ੍ਰਹਿਲਾਦ ਨੂੰ ਮਾਰਨ ਲਈ ਉਸ ਨੂੰ ਲੈ ਕੇ ਅੱਗ ਵਿੱਚ ਬੈਠ ਗਈ। ਪ੍ਰਹਿਲਾਦ ਬਚ ਗਿਆ ਸੀ ਅਤੇ ਹੋਲਿਕਾ ਸੜ ਕੇ ਮਰ ਗਈ ਸੀ।

ਇਸ ਤਿਉਹਾਰ ਨੂੰ ਮਨਾਉਣ ਦੇ ਪਿੱਛੇ ਕੋਈ ਵੀ ਕਾਰਨ ਰਿਹਾ ਹੋਵੇ, ਲੋਹੜੀ ਸਭ ਨੂੰ ਖ਼ੁਸ਼ੀ ਦਿੰਦੀ ਹੈ। ਤਿਉਹਾਰ ਮਨਾਉਣ ਲਈ ਰਲ਼-ਮਿਲ਼ ਕੇ ਬਹਿਣਾ ਚੰਗਾ ਲੱਗਦਾ ਹੈ। ਆਪਣੀਆਂ ਖ਼ੁਸ਼ੀਆਂ ਦੂਜਿਆਂ ਨਾਲ਼ ਸਾਂਝੀਆਂ ਕਰਨੀਆਂ ਹੋਰ ਵੀ ਸੋਹਣੀਆਂ ਲੱਗਦੀਆਂ ਹਨ।

> ਤਬਦੀਲੀ—ਪਰਿਵਰਤਨ (change)।
> ਸੰਜਮ—ਨਿਯੰਤਰਨ (control)।

ਇਸ ਤਿਉਹਾਰ ਨੂੰ ਸੰਜਮ ਨਾਲ਼ ਮਨਾਈਏ ਤਾਂ ਠੀਕ ਹੁੰਦਾ ਹੈ। ਬਹੁਤੀ ਲੱਕੜ ਬਾਲ਼ੀ ਜਾਵੇ ਤਦ ਵਧੇਰੇ ਰੁੱਖ ਵੱਢਣੇ ਪੈਂਦੇ ਹਨ। ਇਸੇ ਤਰ੍ਹਾਂ ਕਈ ਵਿਅਕਤੀ ਦੇਰ ਰਾਤ ਤੱਕ ਉੱਚੀ ਅਵਾਜ਼ ਵਿੱਚ ਡੀ.ਜੇ. ਲਾਈ ਰੱਖਦੇ ਹਨ। ਇਸ ਤਰ੍ਹਾਂ ਅਵਾਜ਼ ਦਾ ਪ੍ਰਦੂਸ਼ਣ ਹੋਰ ਵੱਧ ਜਾਂਦਾ ਹੈ।

ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਪੁਰਬ ਹੁੰਦਾ ਹੈ। ਸ੍ਰੀ ਮੁਕਤਸਰ ਸਾਹਿਬ ਦੀ ਮਾਘੀ ਬਹੁਤ ਪ੍ਰਸਿੱਧ ਹੈ। ਇੱਥੇ ਮੁਗ਼ਲ ਫ਼ੌਜਾਂ ਨਾਲ਼ ਲੜਦਿਆਂ ਸ਼ਹੀਦ ਹੋਏ ਚਾਲ਼ੀ ਸਿੰਘਾਂ ਦੀ ਯਾਦ ਵਿੱਚ ਭਾਰੀ ਜੋੜ-ਮੇਲਾ ਹੁੰਦਾ ਹੈ। ਇਹ ਸਿੰਘ ਸ੍ਰੀ ਅਨੰਦਪੁਰ ਸਾਹਿਬ ਦੇ ਯੁੱਧ ਵੇਲ਼ੇ ਦਸਵੇਂ ਗੁਰੂ ਜੀ ਦਾ ਸਾਥ ਛੱਡ ਆਏ ਸਨ। ਪਿੱਛੋਂ ਉਹਨਾਂ ਨੂੰ ਆਪਣੀ ਭੁੱਲ ਦਾ ਦੁੱਖ ਹੋਇਆ। ਤਦ ਉਹ ਮੁਗ਼ਲ ਫ਼ੌਜਾਂ ਨਾਲ਼ ਲੜਦੇ ਸ਼ਹੀਦ ਹੋ ਗਏ ਸਨ। ਗੁਰੂ ਜੀ ਵੀ ਉੱਥੇ ਪਹੁੰਚ ਗਏ ਸਨ। ਭਾਈ ਮਹਾਂ ਸਿੰਘ ਨੇ ਆਖਰੀ ਸਾਹ ਲੈਂਦਿਆਂ ਗੁਰੂ ਜੀ ਨੂੰ ਭੁੱਲ ਬਖ਼ਸ਼ਣ ਲਈ ਬੇਨਤੀ ਕੀਤੀ। ਗੁਰੂ ਜੀ ਨੇ ਆਪਣੇ ਇਹਨਾਂ ਸਿੰਘਾਂ ਦੀ ਕੁਰਬਾਨੀ ਨੂੰ ਸਲਾਹਿਆ। ਉਹਨਾਂ ਨੂੰ ਚਾਲ਼ੀ ਮੁਕਤੇ ਹੋਣ ਦੀ ਅਸੀਸ ਦਿੱਤੀ। ਪਹਿਲਾਂ 'ਖਿਦਰਾਣੇ ਦੀ ਢਾਬ' ਨਾਂ ਨਾਲ਼ ਜਾਣੀ ਜਾਂਦੀ, ਇਸ ਥਾਂ ਦਾ ਨਾਂ ਤਦ ਤੋਂ ਮੁਕਤਸਰ ਪੈ ਗਿਆ ਸੀ। ਹੁਣ ਸ੍ਰੀ ਮੁਕਤਸਰ ਸਾਹਿਬ ਜ਼ਿਲ੍ਹਾ ਹੈ।

ਮਾਘੀ ਨੂੰ ਪੰਜਾਬ ਵਿੱਚ ਅਨੇਕਾਂ ਥਾਈਂ ਧਾਰਮਿਕ ਸਮਾਗਮ ਹੁੰਦੇ ਹਨ। ਇਸ ਪ੍ਰਕਾਰ ਲੋਹੜੀ ਅਤੇ ਮਾਘੀ ਪੰਜਾਬੀਆਂ ਲਈ ਖ਼ਾਸ ਖਿੱਚ ਰੱਖਦੇ ਹਨ। ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਇਹ ਪੁਰਬ ਮਕਰ ਸੰਕ੍ਰਾਂਤੀ ਦੇ ਤੌਰ 'ਤੇ ਜਾਣਿਆ ਜਾਂਦਾ ਹੈ। ਇਸ ਦਿਨ ਤੋਂ ਸੂਰਜ ਦਾ ਨਿੱਘ ਧਰਤੀ ਦੇ ਉੱਤਰੀ ਅਰਧ-ਗੋਲੇ ਵੱਲ ਵਧੇਰੇ ਹੋਣ ਲੱਗਦਾ ਹੈ। ਇਸ ਨਿੱਘ ਨਾਲ਼ ਬਨਸਪਤੀ ਮੌਲਣ ਲੱਗਦੀ ਹੈ।

> ਆਖਰੀ—ਅਖ਼ੀਰਲਾ (last)। ਬਖ਼ਸ਼ਣਾ—ਮਾਫ਼ ਕਰਨਾ (pardon)। ਸਮਾਗਮ—ਸਮਾਰੋਹ (function)। ਮੌਲਣ—ਵਧਦੀ-ਫੁੱਲਦੀ (growing)।



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਲੋਹੜੀ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਦੇ ਅੰਤਲੇ ਦਿਨ ਹੁੰਦਾ ਹੈ ?

ਮਾਘ ☐ ਪੋਹ ☐ ਅੱਸੂ ☐ ਸਾਉਣ ☐

(ਅ) ਲੋਹੜੀ ਵਾਲ਼ੇ ਦਿਨ ਬੱਚੇ ਕੀ ਮੰਗਣ ਜਾਂਦੇ ਹਨ ?

ਲੋਹੜੀ ਮੰਗਣ ਜਾਂਦੇ ਹਨ ☐ ਸਬਜ਼ੀ ਮੰਗਣ ਜਾਂਦੇ ਹਨ ☐

ਕੱਪੜੇ ਮੰਗਣ ਜਾਂਦੇ ਹਨ ☐ ਕਿਤਾਬਾਂ ਮੰਗਣ ਜਾਂਦੇ ਹਨ ☐

(ੲ) ਲੋਹੜੀ ਦਾ ਤਿਉਹਾਰ ਸਭ ਨੂੰ ਕੀ ਕਰਦਾ ਹੈ ?

ਦੁੱਖ ਦਿੰਦਾ ਹੈ ☐ ਰੁਆਉਂਦਾ ਹੈ ☐

ਖ਼ੁਸ਼ੀ ਦਿੰਦਾ ਹੈ ☐ ਲੜਾਈ ਕਰਾਉਂਦਾ ਹੈ ☐

(ਸ) ਹੋਲਿਕਾ ਪ੍ਰਹਿਲਾਦ ਨੂੰ ਮਾਰਨ ਲਈ ਕਿੱਥੇ ਲੈ ਕੇ ਬੈਠ ਗਈ ਸੀ ?

ਪਾਣੀ ਵਿੱਚ ☐ ਧਰਤੀ ਉੱਤੇ ☐ ਅਸਮਾਨ ਉੱਤੇ ☐ ਅੱਗ ਵਿੱਚ ☐

(ਹ) ਲੋਹੜੀ ਤੋਂ ਅਗਲਾ ਦਿਨ ਕਿਹੜਾ ਹੁੰਦਾ ਹੈ ?

ਹੋਲੀ ਦਾ ☐ ਦੀਵਾਲੀ ਦਾ ☐ ਵਿਸਾਖੀ ਦਾ ☐ ਮਾਘੀ ਦਾ ☐

**2. ਹੇਠਾਂ ਦਿਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਲੋਹੜੀ ਕਿੱਥੋਂ ਦਾ ਉੱਘਾ ਤਿਉਹਾਰ ਹੈ ?

ਉੱਤਰ ..........................................................................

(ਅ) ਲੋਹੜੀ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਵਿੱਚ ਮਨਾਇਆ ਜਾਂਦਾ ਹੈ ?

ਉੱਤਰ ..........................................................................

(ੲ) ਪੋਹ ਦੇਸੀ ਮਹੀਨੇ ਤੋਂ ਬਾਅਦ ਕਿਹੜਾ ਦੇਸੀ ਮਹੀਨਾ ਚੜ੍ਹਦਾ ਹੈ ?

ਉੱਤਰ ..........................................................................

(ਸ) ਪਾਠ ਵਿੱਚ ਕਿਹੜੇ-ਕਿਹੜੇ ਤਿਉਹਾਰਾਂ ਦੀ ਗੱਲ ਕੀਤੀ ਗਈ ਹੈ ?

ਉੱਤਰ ..........................................................................

(ਹ) 'ਸੁੰਦਰ ਮੁੰਦਰੀਏ' ਕਿਸ ਨਾਲ਼ ਜੁੜਿਆ ਗੀਤ ਹੈ ?

ਉੱਤਰ ..........................................................................

(ਕ) ਮਾਘੀ ਦਾ ਤਿਉਹਾਰ ਕਿੱਥੋਂ ਦਾ ਪ੍ਰਸਿੱਧ ਤਿਉਹਾਰ ਹੈ ?

ਉੱਤਰ ..........................................................................

**3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :**

(ੳ) ਲੋਹੜੀ ਵਾਲ਼ੇ ਦਿਨ ਕੁੜੀਆਂ ਦੀ ਟੋਲੀ ਕੀ ਗਾਉਂਦੀ ਹੈ ?

ਉੱਤਰ ..........................................................................

..........................................................................

(ਅ) ਲੋਹੜੀ ਵਾਲ਼ੇ ਦਿਨ ਮੁੰਡਿਆਂ ਦੀ ਟੋਲੀ ਕੀ ਗਾਉਂਦੀ ਹੈ ?

ਉੱਤਰ ..........................................................................

..........................................................................

(ੲ) ਪ੍ਰਹਿਲਾਦ ਭਗਤ ਨੂੰ ਮਾਰਨ ਲਈ ਹੋਲਿਕਾ ਨੇ ਕੀ ਕੀਤਾ ?

ਉੱਤਰ ..........................................................................

..........................................................................

(ਸ) ਦੇਸ਼ ਦੇ ਦੂਜੇ ਹਿੱਸਿਆਂ ਵਿੱਚ ਮਾਘੀ ਦਾ ਪੁਰਬ ਹੋਰ ਕਿਸ ਤਿਉਹਾਰ ਵਜੋਂ ਮਨਾਇਆ ਜਾਂਦਾ ਹੈ ?

ਉੱਤਰ ..........................................................................

..........................................................................

**4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :**

(ਹੋਲੀ, ਮਾਘੀ, ਧਾਰਮਿਕ, ਢਲਦੀ, ਰਿਵਾਜ, ਲੋਹੜੀ)

(ੳ) ਲੋਹੜੀ .................... ਸਰਦੀ ਦਾ ਤਿਉਹਾਰ ਹੈ।

(ਅ) ਲੋਹੜੀ ਮੰਗਣ ਦਾ .................... ਦਿਨੋ-ਦਿਨ ਘਟਦਾ ਜਾ ਰਿਹਾ ਹੈ।

(ੲ) ਗਲ਼ੀ-ਮਹੱਲੇ ਦੇ ਲੋਕ ਇਕੱਠੇ ਹੋ ਕੇ .................... ਬਾਲ਼ਦੇ ਹਨ।

(ਸ) ਭਗਤ ਪ੍ਰਹਿਲਾਦ ਵਾਲ਼ੀ ਕਥਾ .................... ਨਾਲ਼ ਜੋੜੀ ਜਾਂਦੀ ਹੈ।

(ਹ) ਸ੍ਰੀ ਮੁਕਤਸਰ ਸਾਹਿਬ ਦੀ .................... ਬਹੁਤ ਪ੍ਰਸਿੱਧ ਹੈ।

(ਕ) ਮਾਘੀ ਨੂੰ ਪੰਜਾਬ ਵਿੱਚ ਅਨੇਕਾਂ ਥਾਵਾਂ ’ਤੇ .................... ਸਮਾਗਮ ਹੁੰਦੇ ਹਨ।

**5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :**

| ਸ਼ਬਦ | ਵਾਕ |
|---|---|
| (ੳ) ਮੇਲੇ | — ਮੇਲੇ ਵਿੱਚ ਕਈ ਤਰ੍ਹਾਂ ਦੀਆਂ ਦੁਕਾਨਾਂ ਸਜੀਆਂ ਸਨ। (ਉਦਾਹਰਨ) |
| (ਅ) ਮੁਕਤੀ | — .................................................................... |
| (ੲ) ਰਿਵਾਜ | — .................................................................... |
| (ਸ) ਪ੍ਰਦੂਸ਼ਣ | — .................................................................... |
| (ਹ) ਖਿੱਚ | — .................................................................... |
| (ਕ) ਮੌਲਣ | — .................................................................... |

**6. ਹੇਠ ਦਿੱਤੇ ਵਾਕਾਂ ਦੇ ਸਾਹਮਣੇ ਠੀਕ (✓) ਜਾਂ ਗ਼ਲਤ (✗) ਦਾ ਨਿਸ਼ਾਨ ਲਗਾਓ :**

(ੳ) ਲੋਹੜੀ ਵਾਲ਼ੇ ਦਿਨ ਬੱਚੇ ਕਿਤਾਬਾਂ ਮੰਗਦੇ ਹਨ। ☐

(ਅ) ਲੋਹੜੀ ਮੰਗਣ ਦਾ ਰਿਵਾਜ ਦਿਨੋ-ਦਿਨ ਘਟਦਾ ਜਾ ਰਿਹਾ ਹੈ। ☐

(ੲ) ਲੋਕ ਲੋਹੜੀ ਵਾਲ਼ੇ ਦਿਨ ਪਟਾਖੇ ਚਲਾਉਂਦੇ ਹਨ। ☐

(ਸ) ਅੱਜ-ਕੱਲ੍ਹ ਲੋਕੀਂ ਧੀਆਂ ਦੀ ਵੀ ਲੋਹੜੀ ਮਨਾਉਂਦੇ ਹਨ। ☐

(ਹ) ਲੋਹੜੀ ਤੋਂ ਅਗਲੇ ਦਿਨ ਦੀਵਾਲੀ ਹੁੰਦੀ ਹੈ। ☐

**7. ਹੇਠਾਂ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :**

ਜਿਵੇਂ ਦੀਵਾਲੀ ਸਰਦੀਆਂ ਦੇ ਸ਼ੁਰੂ ਦਾ ਤਿਉਹਾਰ ਹੈ, ਇਵੇਂ ਹੀ ਲੋਹੜੀ ਢਲਦੀ ਸਰਦੀ ਦਾ ਤਿਉਹਾਰ ਹੈ। ਦੀਵਾਲੀ ਦੀਵਿਆਂ ਦਾ ਤਿਉਹਾਰ ਹੈ। ਹੋਲੀ ਰੰਗਾਂ ਦਾ ਤਿਉਹਾਰ ਹੈ। ਇਵੇਂ ਹੀ, ਲੋਹੜੀ ਅੱਗ ਸੇਕਣ ਦਾ ਤਿਉਹਾਰ ਹੈ। ਲੋਹੜੀ ਬਾਲ਼ਣ ਲਈ ਕਈ-ਕਈ ਦਿਨ ਪਹਿਲਾਂ ਬਾਲਣ ਦਾ ਪ੍ਰਬੰਧ ਕੀਤਾ ਜਾਂਦਾ ਹੈ। ਜਦੋਂ ਸਰਦੀ ਤੋਂ ਮੁਕਤੀ ਅਤੇ ਸਰਦੀ ਕਾਰਨ ਆਏ ਦਲਿੱਦਰ ਤੋਂ ਵੀ ਮੁਕਤੀ ਹੋਣੀ ਹੁੰਦੀ ਹੈ, ਚਾਅ ਤਾਂ ਹੋਣਾ ਹੀ ਹੋਇਆ।

(ੳ) ਦੀਵਾਲੀ ਕਿਹੜੀ ਰੁੱਤ ਦੀ ਸ਼ੁਰੂਆਤ ਵਿੱਚ ਆਉਂਦੀ ਹੈ ?

- ਸਰਦੀ ਦੀ ਸ਼ੁਰੂਆਤ ਵਿੱਚ ☐
- ਗਰਮੀ ਦੀ ਸ਼ੁਰਆਤ ਵਿੱਚ ☐
- ਬਸੰਤ ਦੀ ਸ਼ੁਰੂਆਤ ਵਿੱਚ ☐
- ਬਰਸਾਤ ਦੀ ਸ਼ੁਰੂਆਤ ਵਿੱਚ ☐

(ਅ) ਦੀਵਾਲੀ 'ਤੇ ਕੀ ਜਗਾਏ ਜਾਂਦੇ ਹਨ ?

- ਰੰਗ ☐
- ਜੁਗਨੂੰ ☐
- ਲਾਲਟੈਣਾਂ ☐
- ਦੀਵੇ ☐

(ੲ) ਲੋਹੜੀ ਕਿਹੜੀ ਸਰਦੀ ਦਾ ਤਿਉਹਾਰ ਹੈ ?

- ਚੜ੍ਹਦੀ ☐
- ਤੇਜ਼ ☐
- ਢਲਦੀ ☐
- ਵਗਦੀ ☐

(ਸ) ਹੋਲੀ ਕਿਹੜਾ ਤਿਉਹਾਰ ਹੈ ?

- ਪਟਾਕਿਆਂ ਦਾ ☐
- ਰੰਗਾਂ ਦਾ ☐
- ਸਰਦੀ ਦਾ ☐
- ਦੀਵਿਆਂ ਦਾ ☐

(ਹ) ਲੋਹੜੀ ਬਾਲ਼ਣ ਲਈ ਕਿਸ ਦਾ ਪ੍ਰਬੰਧ ਕਈ ਦਿਨ ਪਹਿਲਾਂ ਕੀਤਾ ਜਾਂਦਾ ਹੈ ?

- ਅੱਗ ਦਾ ☐
- ਬਾਲਣ ਦਾ ☐
- ਪਟਾਕਿਆਂ ਦਾ ☐
- ਭੋਜਨ ਦਾ ☐



## ਵਿਆਕਰਨ

**1. ਹੇਠਾਂ ਲਿਖੇ ਸ਼ਬਦਾਂ ਦੇ ਵਿਰੋਧੀ ਸ਼ਬਦ ਲਿਖੋ :**

| | | | |
|---|---|---|---|
| ਬਾਲ਼ਣਾ | ......ਬੁਝਾਉਣਾ...... | ਬਹਿਣਾ | .................... |
| ਜੁੜਨਾ | .................... | ਪੁਰਾਣਾ | .................... |
| ਘਟਣਾ | .................... | ਅਗਲਾ | .................... |
| ਆਲਸ | .................... | ਚੰਗਾ | .................... |
| ਇਕੱਠਾ | .................... | ਦਿਨ | .................... |

**2. ਸਹੀ ਵਿਕਲਪ ਚੁਣੋ :**

(ੳ) ਗਿਣਨ ਯੋਗ ਚੀਜ਼ਾਂ-ਵਸਤਾਂ ਜਾਂ ਜੀਵਾਂ ਦੀ ਪੂਰੀ ਸ਼੍ਰੇਣੀ ਜਾਂ ਸ਼੍ਰੇਣੀ ਦੇ ਇੱਕ ਜੀਵ ਜਾਂ ਇੱਕ ਚੀਜ਼-ਵਸਤ ਦੀ ਜਾਣਕਾਰੀ ਦੇਣ ਵਾਲ਼ੇ ਨਾਂਵ ਕਹੇ ਜਾਂਦੇ ਹਨ :

- ਨਿੱਜ-ਵਾਚਕ ਨਾਂਵ ☐
- ਜਾਤੀ-ਵਾਚਕ ਨਾਂਵ ☐
- ਇਕੱਠ-ਵਾਚਕ ਨਾਂਵ ☐
- ਭਾਵ-ਵਾਚਕ ਨਾਂਵ ☐

(ਅ) ਜਿਹੜੇ ਭਾਵ ਮਹਿਸੂਸ ਕੀਤੇ ਜਾ ਸਕਦੇ ਹਨ ਉਹਨਾਂ ਦਾ ਸੰਬੰਧ ਹੈ :

- ਆਮ ਨਾਂਵ ਨਾਲ਼ ☐
- ਖ਼ਾਸ ਨਾਂਵ ਨਾਲ਼ ☐
- ਭਾਵ-ਵਾਚਕ ਨਾਂਵ ਨਾਲ਼ ☐
- ਪਦਾਰਥ-ਵਾਚਕ ਨਾਂਵ ਨਾਲ਼ ☐

(ੲ) ਗਿਣੀਆਂ ਜਾਣ ਵਾਲ਼ੀਆਂ ਚੀਜ਼ਾਂ-ਵਸਤਾਂ ਦੇ ਇਕੱਠ ਦੀ ਜਾਣਕਾਰੀ ਦੇਣ ਵਾਲ਼ੇ ਸ਼ਬਦਾਂ ਨੂੰ ਕਹਿੰਦੇ ਹਨ :

ਨਿੱਜ-ਵਾਚਕ ਨਾਂਵ ☐ ਜਾਤੀ-ਵਾਚਕ ਨਾਂਵ ☐

ਸਮੂਹ-ਵਾਚਕ ਨਾਂਵ ☐ ਭਾਵ-ਵਾਚਕ ਨਾਂਵ ☐

(ਸ) 'ਪਰਜਾ' ਸ਼ਬਦ ਦਾ ਸੰਬੰਧ ਕਿਸ ਸ਼੍ਰੇਣੀ ਦੇ ਨਾਂਵ ਨਾਲ਼ ਹੈ ? :

ਇਕੱਠ-ਵਾਚਕ ਨਾਂਵ ਨਾਲ਼ ☐ ਖ਼ਾਸ ਨਾਂਵ ਨਾਲ਼ ☐

ਆਮ ਨਾਂਵ ਨਾਲ਼ ☐ ਪਦਾਰਥ-ਵਾਚਕ ਨਾਂਵ ਨਾਲ਼ ☐

(ਹ) ਗੁੜ, ਖੰਡ, ਕਣਕ ਨਾਂਵ ਦੀ ਕਿਸ ਸ਼੍ਰੇਣੀ ਨਾਲ਼ ਸੰਬੰਧਿਤ ਹਨ :

ਖ਼ਾਸ ਨਾਂਵ ਨਾਲ਼ ☐ ਪਦਾਰਥ-ਵਾਚਕ ਜਾਂ ਵਸਤ-ਵਾਚਕ ਨਾਂਵ ਨਾਲ਼ ☐

ਆਮ ਨਾਂਵ ਨਾਲ਼ ☐ ਭਾਵ-ਵਾਚਕ ਨਾਂਵ ਨਾਲ਼ ☐

**3. 'ਸ੍ਰੀ ਮੁਕਤਸਰ ਸਾਹਿਬ' ਖ਼ਾਸ ਨਾਂਵ ਸ਼ਬਦ ਹੈ। ਹੇਠਾਂ ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣੋ :**

(ੳ) ਮੈਨੂੰ ਠੰਢ ਲੱਗ ਰਹੀ ਹੈ। ..................................................

(ਅ) ਰਮੇਸ਼ ਬਿਮਾਰ ਹੋ ਗਿਆ ਸੀ। ..................................................

(ੲ) ਅੱਜ-ਕੱਲ੍ਹ ਸੋਨਾ ਬਹੁਤ ਮਹਿੰਗਾ ਹੈ। ..................................................

(ਸ) ਜਮਾਤ ਵਿੱਚ ਬਹੁਤ ਸ਼ੋਰ ਹੋ ਰਿਹਾ ਸੀ। ..................................................

(ਹ) ਸ਼ਹੀਦ ਊਧਮ ਸਿੰਘ ਮਹਾਨ ਦੇਸ਼-ਭਗਤ ਸਨ। ..................................................

(ਕ) ਮੁੰਡੇ ਕ੍ਰਿਕਟ ਖੇਡ ਰਹੇ ਹਨ। ..................................................



## ਯੋਗਤਾ ਵਿਸਤਾਰ

✤ ਲੋਹੜੀ ਦਾ ਤਿਉਹਾਰ ਸਰਦੀ ਦੇ ਮੌਸਮ ਨਾਲ਼ ਸੰਬੰਧਿਤ ਤਿਉਹਾਰ ਹੈ। ਕੀ ਤੁਸੀਂ ਕਿਸੇ ਹੋਰ ਤਿਉਹਾਰ ਬਾਰੇ ਜਾਣਦੇ ਹੋ ਜੋ ਕਿਸੇ ਮੌਸਮ ਨਾਲ਼ ਸੰਬੰਧਿਤ ਹੋਵੇ। ਉਸ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਕੁਝ ਸਤਰਾਂ ਆਪਣੀ ਕਾਪੀ ਵਿੱਚ ਲਿਖੋ।



## ਅਧਿਆਪਕ ਲਈ

✤ ਲੋਹੜੀ ਦਾ ਤਿਉਹਾਰ ਮੁੱਖ ਤੌਰ 'ਤੇ ਪੰਜਾਬ ਵਿੱਚ ਮਨਾਇਆ ਜਾਣ ਵਾਲ਼ਾ ਤਿਉਹਾਰ ਹੈ। ਅਧਿਆਪਕ ਵਿਦਿਆਰਥੀਆਂ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਵਿੱਚ ਮਨਾਏ ਜਾਣ ਵਾਲ਼ੇ ਤਿਉਹਾਰਾਂ ਬਾਰੇ ਜਾਣਕਾਰੀ ਦੇਣ।

✤ ਲੋਹੜੀ ਅਤੇ ਮਾਘੀ ਪੰਜਾਬ ਦੇ ਸੱਭਿਆਚਾਰ ਅਤੇ ਇਤਿਹਾਸ ਨਾਲ਼ ਜੁੜੇ ਤਿਉਹਾਰ ਹਨ। ਇਹ ਤਿਉਹਾਰ ਰਲ਼-ਮਿਲ਼ ਕੇ ਖ਼ੁਸ਼ੀਆਂ ਮਨਾਉਣ ਦੀ ਸੋਹਣੀ ਉਦਾਹਰਨ ਪੇਸ਼ ਕਰਦੇ ਹਨ। ਭਾਸ਼ਾ ਪੱਖੋਂ ਇਸ ਪਾਠ ਵਿੱਚ ਕਈ ਨਵੇਂ ਸ਼ਬਦ ਆਏ ਹਨ। ਅਧਿਆਪਕ ਬੱਚਿਆਂ ਨੂੰ ਇਹਨਾਂ ਬਾਰੇ ਜਾਣਕਾਰੀ ਦੇ ਸਕਦੇ ਹਨ।



# 17 ਪਾਠ
# ਵਹਿਮ-ਭਰਮ

## ਪਾਠ ਬਾਰੇ ਚਰਚਾ

- ਕੀ ਭੂਤ-ਪ੍ਰੇਤ ਸੱਚ-ਮੁੱਚ ਹੁੰਦੇ ਹਨ ?
- ਕੀ ਜਾਦੂ-ਟੂਣੇ ਨਾਲ਼ ਕਿਸੇ ਦਾ ਕੰਮ ਵਿਗਾੜਿਆ ਜਾ ਸਕਦਾ ਹੈ ?

**ਚੁਰਸਤਾ**—ਉਹ ਥਾਂ ਜਿੱਥੇ ਚਾਰ ਰਸਤੇ ਮਿਲ਼ਦੇ ਹੋਣ (intersection of four roads, crossing)। **ਸਾਹ ਸੁੱਕਣਾ**—ਡਰ ਜਾਣਾ (to get scared)। **ਖੰਮ੍ਹਣੀਆਂ**—ਮੌਲ਼ੀਆਂ, ਰੰਗਦਾਰ ਸੂਤੀ ਧਾਗੇ (colourful cotton thread)। **ਕੁੱਜਾ**—ਮਿੱਟੀ ਦਾ ਬਣਿਆ ਭਾਂਡਾ (small earthen pitcher or pot)। **ਖੋਪਾ**—ਨਾਰੀਅਲ (coconut)। **ਟੂਣਾ**—ਜਾਦੂ (magic)। **ਤਾਪ**—ਬੁਖ਼ਾਰ (fever)।

**ਪਾਤਰ**

| | | |
|---|---|---|
| ਗੁੱਡੂ | : | ਸਕੂਲ ਪੜ੍ਹਨ ਵਾਲ਼ਾ ਇੱਕ ਲੜਕਾ |
| ਰਾਣੀ | : | ਸਕੂਲ ਪੜ੍ਹਨ ਵਾਲ਼ੀ ਇੱਕ ਲੜਕੀ |
| ਤੇਜੂ ਬਾਬਾ | : | ਪਿੰਡ ਦਾ ਇੱਕ ਬਜ਼ੁਰਗ |
| ਮਾਸਟਰ ਜੀ | : | ਸਕੂਲ ਵਿੱਚ ਪੜ੍ਹਾਉਣ ਵਾਲ਼ੇ ਅਧਿਆਪਕ |
| ਸਥਾਨ | : | ਇੱਕ ਪਿੰਡ ਦਾ ਚੁਰਸਤਾ |
| ਵੇਲ਼ਾ | : | ਸਵੇਰ |

(ਪਰਦਾ ਉੱਠਦਾ ਹੈ।)

ਗੁੱਡੂ ਅਤੇ ਰਾਣੀ ਸਕੂਲ ਜਾ ਰਹੇ ਹਨ। ਸਕੂਲ ਪਿੰਡੋਂ ਬਾਹਰ ਹੈ। ਉਹ ਅਜੇ ਪਿੰਡੋਂ ਬਾਹਰ ਨਿਕਲ਼ਦੇ ਹੀ ਹਨ ਕਿ ਚੁਰਸਤੇ ਵਿੱਚ ਪਏ ਕੁਝ ਸਮਾਨ ਨੂੰ ਵੇਖ ਕੇ ਗੁੱਡੂ ਦਾ ਸਾਹ ਸੁੱਕ ਜਾਂਦਾ ਹੈ।



**ਗੁੱਡੂ** : (ਰਾਣੀ ਨੂੰ) ਔਹ ਵੇਖ ਸਾਹਮਣੇ ਕੀ ਪਿਆ ਹੈ ?

**ਰਾਣੀ** : (ਘਬਰਾ ਕੇ) ਹੈਂ! ਖੰਮ੍ਹਣੀਆਂ, ਕੁੱਜਾ, ਖੋਪਾ ਤੇ ਕੁਝ ਸਿੱਕੇ ਪਏ ਹਨ। ਇਹ ਤਾਂ ਕੋਈ ਟੂਣਾ ਕੀਤਾ ਲੱਗਦਾ ਹੈ।

**ਗੁੱਡੂ** : ਹੁਣ ਫਿਰ ?

**ਰਾਣੀ** : ਹੁਣ ਫਿਰ ਕੀ ? ਆਪਾਂ ਤਾਂ ਭਾਈ ਲੰਘਦੇ ਨਹੀਂ ਏਧਰ ਦੀ। ਮੇਰੀ ਬੀਬੀ ਕਹਿੰਦੀ ਹੈ ਕਿ ਜਿਹੜਾ ਕਿਸੇ ਟੂਣੇ ਕੋਲ਼ੋਂ ਦੀ ਲੰਘਦਾ ਹੈ, ਉਹਨੂੰ ਤਾਪ ਚੜ੍ਹ ਜਾਂਦਾ ਹੈ।

ਗੁੱਡੂ : ਮੇਰੇ ਪਿਤਾ ਜੀ ਵੀ ਇੰਞ ਹੀ ਕਹਿੰਦੇ ਹਨ।

(ਰਾਣੀ ਹੋਰ ਵੀ ਡਰ ਕੇ ਕਦਮ ਪਿੱਛੇ ਹਟਾ ਲੈਂਦੀ ਹੈ।)

**ਤੜਕੇ-ਤੜਕੇ**—ਸਵੇਰ ਵੇਲ਼ੇ (early morning)।
**ਖੁੰਝ ਜਾਣਾ**—ਖੁੱਸ ਜਾਣਾ/ਨਿਕਲ਼ ਜਾਣਾ (to go astray)।

ਰਾਣੀ : ਇੱਕ ਦਿਨ ਦੀਪੀ ਦੀ ਬੀਬੀ ਨੂੰ ਵੀ ਤਾਪ ਚੜ੍ਹ ਗਿਆ ਸੀ। ਉਹ ਵੀ ਇੱਕ ਟੂਣੇ ਕੋਲ਼ੋਂ ਦੀ ਲੰਘੀ ਸੀ। ਤਿੰਨ ਦਿਨ ਤਾਪ ਨਹੀਂ ਸੀ ਉੱਤਰਿਆ।

ਗੁੱਡੂ : ਹਾਂ, ਮੈਨੂੰ ਵੀ ਪਤਾ ਹੈ।

ਰਾਣੀ : ਸਮਝ ਨਹੀਂ ਆਉਂਦੀ, ਇਹ ਟੂਣਾ ਕਰ ਕੌਣ ਗਿਆ ਹੈ ?

ਗੁੱਡੂ : ਪਤਾ ਨਹੀਂ ਕੌਣ ਕਰ ਗਿਆ ਹੈ ? ਪਰ ਮੈਂ ਤਾਂ ਨਹੀਂ ਲੰਘਦਾ ਕੋਲ਼ੋਂ ਦੀ।

ਰਾਣੀ : ਨਾਲ਼ੇ ਮੇਰੀ ਬੀਬੀ ਇਹ ਵੀ ਕਹਿੰਦੀ ਹੈ ਕਿ ਟੂਣੇ ਦੇ ਪੈਸੇ ਨਹੀਂ ਚੁੱਕਣੇ ਚਾਹੀਦੇ, ਘਰ ਦੇ ਸਾਰੇ ਬੰਦੇ ਬਿਮਾਰ ਹੋ ਜਾਂਦੇ ਨੇ।

ਗੁੱਡੂ : ਆ ਜਾ, ਪਿੱਛੇ ਚੱਲੀਏ। ਜਦੋਂ ਕੋਈ ਆ ਗਿਆ, ਉਹਦੇ ਨਾਲ਼ ਚੁੱਪ ਕਰਕੇ ਲੰਘ ਜਾਵਾਂਗੇ।

ਰਾਣੀ : ਚੱਲ। (ਦੋਵੇਂ ਥੋੜ੍ਹਾ ਹੋਰ ਪਿੱਛੇ ਆ ਕੇ ਇੱਕ ਥੜ੍ਹੇ ਉੱਤੇ ਬਹਿ ਜਾਂਦੇ ਹਨ। ਪਿੰਡ ਦਾ ਬਜ਼ੁਰਗ ਤੇਜੂ ਆਉਂਦਾ ਦਿਖਾਈ ਦਿੰਦਾ ਹੈ।)

ਗੁੱਡੂ : ਉਹ ਆ ਗਏ ਬਾਬਾ ਜੀ, ਉਹਨਾਂ ਨਾਲ਼ ਲੰਘ ਜਾਵਾਂਗੇ ਚੁੱਪ ਕਰਕੇ।

ਰਾਣੀ : ਹਾਂ, ਗੱਲ ਬਣ ਗਈ।

ਗੁੱਡੂ : ਬਾਬਾ ਜੀ ! ਸਾਨੂੰ ਟੂਣੇ ਤੋਂ ਡਰ ਲੱਗਦਾ ਹੈ। ਸਾਨੂੰ ਉੱਥੋਂ ਦੀ ਲੰਘਾ ਦਿਓ।

ਤੇਜੂ ਬਾਬਾ : ਹੈਂ ! ਹੈਂ ! ਟੂਣਾ ! ਕਿੱਥੇ ਐ ਟੂਣਾ ? (ਸਾਹਮਣੇ ਵੇਖਦਾ ਹੈ) ਤੁਹਾਡਾ ਬਹਿ ਜੇ ਬੇੜਾ ਟੂਣਾ ਕਰਨ ਵਾਲ਼ਿਓ! ਪਤਾ ਨਹੀਂ **ਤੜਕੇ-ਤੜਕੇ** ਕੌਣ ਟੂਣਾ ਕਰ ਗਿਐ ? ਜਾਓ ਨਿਆਣਿਓ ਮੁੜ ਜਾਓ ਘਰਾਂ ਨੂੰ ! ਬਿਮਾਰ ਹੋ ਜਾਵੋਗੇ। ਆ ਜਾਓ ਮੇਰੇ ਨਾਲ਼। ਮੁੜ ਚੱਲੀਏ।

(ਤੇਜੂ ਬਾਬਾ ਉਹਨਾਂ ਦੋਵਾਂ ਨੂੰ ਵਾਪਸ ਮੁੜਨ ਲਈ ਜ਼ੋਰ ਲਾਉਂਦਾ ਹੈ, ਪਰ ਉਹ ਦੋਵੇਂ ਸਕੂਲ ਦੀ ਪੜ੍ਹਾਈ **ਖੁੰਝ ਜਾਣ** ਦੇ ਡਰੋਂ ਵਾਪਸ ਨਹੀਂ ਜਾਂਦੇ।)



ਤੇਜੂ ਬਾਬਾ : ਨਹੀਂ ਜਾਣਾ ਤਾਂ ਨਾ ਸਹੀ। ਮੈਂ ਤਾਂ ਵਾਪਸ ਜਾ ਰਿਹਾ ਹਾਂ।

(ਉਹ ਵਾਪਸ ਮੁੜ ਜਾਂਦਾ ਹੈ।)

(ਰਾਣੀ ਅਤੇ ਗੁੱਡੂ ਹੋਰ ਵੀ ਡਰ ਜਾਂਦੇ ਹਨ।)

ਰਾਣੀ : ਹਾਏ ਰੱਬਾ! ਬਾਬਾ ਜੀ ਵੀ ਡਰ ਕੇ ਮੁੜ ਗਏ। ਅਸੀਂ ਹੁਣ ਕੀ ਕਰੀਏ ?

ਗੁੱਡੂ : ਆਪਾਂ ਇੱਥੇ ਹੀ ਖੜ੍ਹੇ ਰਹਿੰਦੇ ਆਂ। ਜਦੋਂ ਕੋਈ ਹੋਰ ਆ ਗਿਆ, ਆਪਾਂ ਉਹਦੇ ਨਾਲ਼ ਲੰਘ ਜਾਵਾਂਗੇ।

ਰਾਣੀ : ਠੀਕ ਹੈ, ਪਰ ਆਪਾਂ ਤਾਂ ਸਕੂਲੋਂ ਵੀ ਲੇਟ ਹੋ ਰਹੇ ਹਾਂ।

ਗੁੱਡੂ : ਹਾਂ, ਪਰ ਹੁਣ ਕੀ ਕਰੀਏ ? (ਕੁਝ ਸੋਚ ਕੇ) ਹਾਂ ਰਾਣੀ। ਪਹਿਲਾਂ ਤੂੰ ਮੇਰੇ ਅੱਗੇ ਲੱਗ ਜਾ, ਮੈਂ ਤੇਰੇ ਪਿੱਛੇ। ਆਪਾਂ ਅੱਖਾਂ ਮੀਚ ਕੇ ਉੱਥੋਂ ਦੀ ਲੰਘ ਜਾਨੇ ਆਂ। ਠੀਕ ਐ ?

ਰਾਣੀ : ਕਿਉਂ, ਮੈਂ ਕਿਉਂ ਲੱਗਾਂ ਅੱਗੇ ? ਤੂੰ ਲੱਗ।

ਗੁੱਡੂ : (ਥੋੜ੍ਹਾ ਘਬਰਾਉਂਦਾ ਹੋਇਆ) ਮੁੰਡਿਆਂ ਨੂੰ ਤਾਂ ਤਾਪ ਚੜ੍ਹ ਜਾਂਦਾ ਹੈ ਜਿਹੜੇ ਟੂਣੇ ਕੋਲ਼ੋਂ ਦੀ ਪਹਿਲਾਂ ਲੰਘਦੇ ਨੇ।

ਰਾਣੀ : ਅੱਛਾ ? (ਥੋੜ੍ਹਾ ਗੁੱਸੇ ਭਰੀ ਅਵਾਜ਼ ਵਿੱਚ) ਤੇ ਕੁੜੀਆਂ ਨੂੰ ਨਹੀਂ ਤਾਪ ਚੜ੍ਹਦਾ ?

ਗੁੱਡੂ : (ਪਿਆਰ ਨਾਲ਼) ਭੈਣ ਬਣ ਕੇ ਤੂੰ ਮੇਰੇ ਅੱਗੇ ਲੱਗ ਜਾ। ਮੈਂ ਤੇਰੇ ਪਿੱਛੇ-ਪਿੱਛੇ ਚਲਦਾਂ। ਨਹੀਂ ਤਾਂ ਆਪਾਂ ਸਕੂਲੋਂ ਲੇਟ ਹੋ ਜਾਵਾਂਗੇ।

ਰਾਣੀ : ਤੂੰ ਲੱਗ ਅੱਗੇ। ਮੈਂ ਤੇਰੇ ਪਿੱਛੇ-ਪਿੱਛੇ ਆਉਨੀ ਆਂ।

ਗੁੱਡੂ : ਕਿਉਂ ਮੈਂ ਕਿਉਂ ਲੱਗਾਂ ?

ਰਾਣੀ : ਫਿਰ ਮੈਂ ਕਿਉਂ ਲੱਗਾਂ ?

ਗੁੱਡੂ : (ਥੋੜ੍ਹਾ ਗੁੱਸੇ ਨਾਲ਼) ਨਹੀਂ ਲੱਗਣਾ, ਨਾ ਲੱਗ। ਜਦੋਂ ਕੋਈ ਬੰਦਾ ਆਇਆ, ਮੈਂ ਉਹਦੇ ਨਾਲ਼ ਲੰਘ ਜਾਵਾਂਗਾ।

ਰਾਣੀ : ਫਿਰ ਮੈਂ ਵੀ ਲੰਘ ਜਾਵਾਂਗੀ। (ਦੋਵੇਂ ਝਗੜਨ ਲੱਗ ਪੈਂਦੇ ਹਨ।)

(ਇੰਨੇ ਨੂੰ ਸਾਹਮਣਿਓਂ ਮਾਸਟਰ ਜੀ ਆਉਂਦੇ ਦਿਖਾਈ ਦਿੰਦੇ ਹਨ।)

ਗੁੱਡੂ : ਉਹ ਆ ਗਏ ਮਾਸਟਰ ਜੀ। ਹੁਣ ਉਹਨਾਂ ਨਾਲ਼ ਜਾਵਾਂਗੇ।

ਰਾਣੀ : ਸ਼ਾਵਾ ਬਈ ਸ਼ਾਵਾ! ਇਹ ਤਾਂ ਗੱਲ ਬਣ ਗਈ। ਹੁਣ ਉਹ ਆਪਾਂ ਨੂੰ ਟੂਣੇ ਕੋਲ਼ੋਂ ਦੀ ਲੰਘਾ ਦੇਣਗੇ।

ਗੁੱਡੂ : ਉਹ ਇਹ ਵੀ ਪੁੱਛਣਗੇ, ਤੁਸੀਂ ਅਜੇ ਤੱਕ ਸਕੂਲ ਕਿਉਂ ਨਹੀਂ ਗਏ ?

ਰਾਣੀ : ਕਹਿ ਦਿਆਂਗੇ, ਜੀ ਟੂਣਾ ਕੀਤਾ ਪਿਆ ਸੀ। ਇਸ ਕਰਕੇ ਅਸੀਂ ਅੱਗੇ ਨਹੀਂ ਗਏ।

(ਮਾਸਟਰ ਜੀ ਨੇੜੇ ਆ ਜਾਂਦੇ ਹਨ।)

ਮਾਸਟਰ ਜੀ : ਬੇਟਾ, ਤੁਸੀਂ ਏਥੇ ਕਿਉਂ ਖੜ੍ਹੇ ਓ ?

ਰਾਣੀ : (ਡਰਦੀ-ਡਰਦੀ) ਮਾਸਟਰ ਜੀ .......... ਮਾਸਟਰ ਜੀ ............ ਔਹ ............. ।

ਮਾਸਟਰ ਜੀ : ਹਾਂ-ਹਾਂ, ਦੱਸੋ ਸ਼ਾਬਾਸ਼, ਡਰ ਕਿਉਂ ਰਹੇ ਓ ?

ਗੁੱਡੂ : ਮਾਸਟਰ ਜੀ, .......... ਅੱਗੇ ਕੋਈ ਟੂਣਾ ਕਰ ਗਿਆ ਹੈ। ਇਸ ਕਰਕੇ ਅਸੀਂ ਅੱਗੇ ਨਹੀਂ ਗਏ।

**ਮਾਸਟਰ ਜੀ :** (ਹੱਸਦੇ ਹੋਏ) ਬੱਸ ਟੂਣੇ ਤੋਂ ਡਰਦੇ ਹੋਏ ਅੱਗੇ ਨਹੀਂ ਗਏ ? ਟੂਣਾ ਤੁਹਾਨੂੰ ਕੀ ਕਹਿੰਦਾ ਸੀ ! ਲੰਘ ਜਾਣਾ ਸੀ ਅੱਗੇ।

**ਰਾਣੀ :** ਮਾਸਟਰ ਜੀ, ਮੇਰੀ ਬੀਬੀ ਕਹਿੰਦੀ ਹੈ ਕਿ ਟੂਣੇ ਕੋਲ਼ੋਂ ਲੰਘਣ ਵਾਲ਼ਾ ਬਿਮਾਰ ਹੋ ਜਾਂਦਾ ਹੈ।

**ਗੁੱਡੂ :** ਮੇਰੇ ਪਿਤਾ ਜੀ ਵੀ ਕਹਿੰਦੇ ਹਨ ਟੂਣੇ ਕੋਲ਼ੋਂ ਦੀ ਨਹੀਂ ਲੰਘਣਾ ਚਾਹੀਦਾ। ਭੂਤ-ਪ੍ਰੇਤ ਚਿੰਬੜ ਜਾਂਦੇ ਨੇ ਕੋਲ਼ੋਂ ਲੰਘਦੇ ਬੰਦੇ ਨੂੰ।

**ਮਾਸਟਰ ਜੀ :** (ਹੱਸਦੇ ਹੋਏ) ਕਮਾਲ ਐ ! ਇਹਨਾਂ ਟੂਣੇ-ਟਾਮਣਾਂ ਨੇ ਤੁਹਾਡੇ ਮਨਾਂ ਵਿੱਚ ਕਿੰਨਾ ਡਰ ਫੈਲਾਇਆ ਹੋਇਆ ਹੈ। ਆਓ ਮੇਰੇ ਨਾਲ਼। ਮੈਂ ਵੇਖਦਾਂ ਇਹ ਟੂਣਾ ਸਾਨੂੰ ਕੀ ਕਹਿੰਦਾ ਹੈ। ਆਓ, ਮੇਰੇ ਨਾਲ਼।

**ਰਾਣੀ :** ਚੱਲ ਗੁੱਡੂ, ਲੱਗ ਮਾਸਟਰ ਜੀ ਦੇ ਪਿੱਛੇ।

**ਗੁੱਡੂ :** (ਹੌਲ਼ੀ ਜਿਹੀ) ਤੂੰ ਲੱਗ। ਮੈਂ ਸਭ ਤੋਂ ਪਿੱਛੇ ਰਹਾਂਗਾ।



**ਮਾਸਟਰ ਜੀ :** ਡਰੋ ਨਾ ਬੇਟਾ ! ਇਹ ਟੂਣੇ-ਟਾਮਣੇ **ਫੋਕੇ** ਵਹਿਮ-ਭਰਮ ਹੁੰਦੇ ਨੇ। ਆਓ, ਤੁਹਾਨੂੰ ਦਿਖਾਵਾਂ। ਇਹਨਾਂ ਵਿੱਚ ਕੁਝ ਨਹੀਂ ਹੁੰਦਾ।

(ਦੋਵਾਂ ਨੂੰ ਲੈ ਕੇ ਟੂਣੇ ਕੋਲ਼ ਪੁੱਜਦੇ ਹਨ।)

**ਮਾਸਟਰ ਜੀ :** ਵੇਖੋ ਬੇਟਾ ! ਇਹ ਕੀ ਏ ?

**ਦੋਵੇਂ :** ਜੀ ਕੁੱਜਾ।

**ਫੋਕੇ**—ਖੋਖਲੇ (hollow)।

**ਮਾਸਟਰ ਜੀ :** (ਆਪਣਾ ਪੈਰ ਜ਼ੋਰ ਨਾਲ਼ ਕੁੱਜੇ ਉੱਤੇ ਮਾਰਦੇ ਹੋਏ) ਆਹ ਲਓ, ਭੰਨ ਦਿੱਤਾ ਕੁੱਜਾ। ਮੈਨੂੰ ਕੁਝ ਹੋਇਆ ? ਕੁਝ ਵੀ ਨਹੀਂ।

(ਦੋਵੇਂ ਹੈਰਾਨ ਹੋ ਕੇ ਮਾਸਟਰ ਜੀ ਵੱਲ ਵੇਖਦੇ ਰਹਿੰਦੇ ਹਨ।)

**ਰਾਣੀ :** ਮਾਸਟਰ ਜੀ ! ਤੁਹਾਨੂੰ ਤਾਂ ਸੱਚ-ਮੁੱਚ ਕੁਝ ਨਹੀਂ ਹੋਇਆ। ਤੁਸੀਂ ਤਾਂ ਟੂਣੇ ਵਾਲ਼ਾ ਕੁੱਜਾ ਵੀ ਭੰਨ ਦਿੱਤਾ, ਫੇਰ ਵੀ ਕੁਝ ਨਹੀਂ ਹੋਇਆ।

**ਮਾਸਟਰ ਜੀ :** ਰਾਣੀ ਪੁੱਤਰ, ਤੈਨੂੰ ਵੀ ਕੁਝ ਨਹੀਂ ਸੀ ਹੋਣਾ ਜੇ ਤੂੰ ਵੀ ਇਹਨੂੰ ਪੈਰ ਮਾਰ ਕੇ ਭੰਨ ਦਿੰਦੀ।

**ਗੁੱਡੂ :** ਮਾਸਟਰ ਜੀ ! ਇਹ ਐਵੇਂ ਈ ਹੁੰਦੇ ਨੇ ਫੇਰ ?

**ਮਾਸਟਰ ਜੀ :** ਹਾਂ ਗੁੱਡੂ ! ਬਿਲਕੁਲ ਐਵੇਂ। ਇਹਨਾਂ ਵਿੱਚ ਕੁਝ ਨਹੀਂ ਹੁੰਦਾ। ਇਹ ਤਾਂ ਅਨਪੜ੍ਹ ਲੋਕਾਂ ਦੀਆਂ ਗੱਲਾਂ ਨੇ। ਇਹਨਾਂ ਵਹਿਮਾਂ-ਭਰਮਾਂ ਵਿੱਚ ਸਾਨੂੰ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

ਰਾਣੀ : (ਕੁਝ ਹੌਂਸਲੇ ਨਾਲ਼) ਮਾਸਟਰ ਜੀ, ਇਹ ਖੋਪੇ ਦੀਆਂ ਦੋ ਠੂਠੀਆਂ ਵੀ ਪਈਆਂ ਨੇ। ਅਸੀਂ ਵੀ ਦੋਵੇਂ ਪੈਰਾਂ ਨਾਲ਼ ਇੱਕ-ਇੱਕ ਠੂਠੀ ਭੰਨ ਕੇ ਵੇਖ ਲਈਏ ?

ਮਾਸਟਰ ਜੀ : ਹਾਂ-ਹਾਂ, ਪੁੱਤਰ, ਕਿਉਂ ਨਹੀਂ। ਤੁਸੀਂ ਵੀ ਭੰਨੋ ਤਾਂ ਜੋ ਤੁਹਾਨੂੰ ਵੀ ਪਤਾ ਲੱਗ ਜਾਵੇ ਕਿ ਇਹ ਸਿਰਫ਼ ਵਹਿਮ-ਭਰਮ ਹੀ ਹੁੰਦੇ ਹਨ। (ਰਾਣੀ ਜ਼ੋਰ ਦੀ ਠੂਠੀ ਉੱਤੇ ਪੈਰ ਮਾਰਦੀ ਹੈ ਅਤੇ ਠੂਠੀ **ਕੜੱਕ ਕਰਕੇ** ਟੁੱਟ ਜਾਂਦੀ ਹੈ।)

ਗੁੱਡੂ : ਹੈਂ! ਰਾਣੀ ਨੂੰ ਵੀ ਕੁਝ ਨਹੀਂ ਹੋਇਆ। ਮੈਂ ਤਾਂ ਆਪ ਭੰਨ ਕੇ ਵੇਖਦਾਂ ਇਸ ਠੂਠੀ ਨੂੰ। (ਦੂਜੀ ਠੂਠੀ ਉੱਤੇ ਜ਼ੋਰ ਦੀ ਪੈਰ ਮਾਰਦਾ ਹੈ ਅਤੇ ਕੜੱਕ ਕਰਕੇ ਠੂਠੀ ਭੰਨ ਦਿੰਦਾ ਹੈ।)

(ਰਾਣੀ ਅਤੇ ਗੁੱਡੂ ਹੈਰਾਨੀ ਭਰੀਆਂ ਨਜ਼ਰਾਂ ਨਾਲ਼ ਇੱਕ-ਦੂਜੇ ਵੱਲ ਵੇਖਦੇ ਹਨ।)

ਮਾਸਟਰ ਜੀ : (ਦੋਵਾਂ ਨੂੰ) ਹੁਣ ਦੱਸੋ, ਤੁਹਾਨੂੰ ਕੁਝ ਹੋਇਆ ?

ਦੋਵੇਂ : ਨਹੀਂ ਮਾਸਟਰ ਜੀ, ਸਾਨੂੰ ਤਾਂ ਕੁਝ ਵੀ ਨਹੀਂ ਹੋਇਆ।



ਮਾਸਟਰ ਜੀ : ਇਹਨਾਂ ਨਾਲ਼ ਮਨੁੱਖ ਨੂੰ ਕੁਝ ਨਹੀਂ ਹੁੰਦਾ ਬੱਚਿਓ! ਇਹ ਤਾਂ ਕੇਵਲ ਅਨਪੜ੍ਹ ਤੇ ਵਹਿਮੀ ਲੋਕਾਂ ਦੇ ਮਨਾਂ ਵਿੱਚ ਬੈਠੇ ਹੋਏ ਡਰ ਨੇ, ਜਿਨ੍ਹਾਂ ਨੂੰ ਆਪਾਂ ਬਾਹਰ ਕੱਢਣਾ ਹੈ।

ਗੁੱਡੂ : (ਸਾਰੇ ਸਿੱਕੇ ਚੁੱਕਦਾ ਹੋਇਆ) ਮਾਸਟਰ ਜੀ! ਅਸੀਂ ਇਹਨਾਂ ਪੈਸਿਆਂ ਦੀਆਂ ਟਾਫ਼ੀਆਂ ਖਾਵਾਂਗੇ।

ਮਾਸਟਰ ਜੀ : ਹਾਂ-ਹਾਂ, ਜ਼ਰੂਰ ਖਾਇਓ।

ਰਾਣੀ : ਸਾਨੂੰ ਅੱਜ ਪਤਾ ਲੱਗਾ ਏ ਕਿ ਇਹ ਟੂਣੇ-ਟਾਮਣੇ ਤਾਂ ਸੱਚ-ਮੁੱਚ ਹੀ ਫੋਕੇ ਵਹਿਮ-ਭਰਮ ਹੁੰਦੇ ਨੇ।

ਗੁੱਡੂ : ਮੈਨੂੰ ਵੀ ਅੱਜ ਹੀ ਇਸ ਗੱਲ ਦਾ ਪਤਾ ਲੱਗਾ ਏ।

> **ਕੜੱਕ ਕਰਕੇ**—ਠਾਹ ਕਰਕੇ (breaking sound)।

ਰਾਣੀ : ਮਾਸਟਰ ਜੀ, ਅਸੀਂ ਤਾਂ ਪਹਿਲਾਂ ਇਹਨਾਂ ਟੂਣਿਆਂ ਤੋਂ ਬਹੁਤ ਡਰਦੇ ਸਾਂ।

ਮਾਸਟਰ ਜੀ : ਇਹਨਾਂ ਤੋਂ ਕਾਹਦਾ ਡਰ।

ਰਾਣੀ : ਹੁਣੇ-ਹੁਣੇ ਤੇਜੂ ਬਾਬਾ ਜੀ ਵੀ ਇਸ ਟੂਣੇ ਤੋਂ ਡਰ ਕੇ ਭੱਜ ਗਏ ਸਨ।

ਮਾਸਟਰ ਜੀ : ਇਹ ਸਭ ਐਵੇਂ ਅਨਪੜ੍ਹਾਂ ਦੇ ਮਨਾਂ ਵਿੱਚ ਬੈਠੇ ਹੋਏ ਵਹਿਮ-ਭਰਮ ਨੇ।

ਗੁੱਡੂ : ਮੈਂ ਅੱਜ ਹੀ ਆਪਣੇ ਘਰਦਿਆਂ ਨੂੰ ਜਾ ਕੇ ਦੱਸਾਂਗਾ ਕਿ ਇਹਨਾਂ ਵਹਿਮਾਂ-ਭਰਮਾਂ ਵਿੱਚ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

**ਰਾਣੀ** : ਮੈਂ ਵੀ ਜਾ ਕੇ ਦੱਸਾਂਗੀ, ਆਪਣੀ ਬੀਬੀ ਤੇ ਪਿਤਾ ਜੀ ਨੂੰ।

**ਮਾਸਟਰ ਜੀ** : ਜ਼ਰੂਰ ਦੱਸਿਓ ਬੱਚਿਓ! ਜ਼ਰੂਰ ਦੱਸਿਓ, ਤਾਂ ਜੋ ਪੁਰਾਣੇ ਖ਼ਿਆਲਾਂ ਵਾਲ਼ੇ ਅੰਧ-ਵਿਸ਼ਵਾਸੀ ਲੋਕਾਂ ਦੇ ਮਨਾਂ ਵਿੱਚੋਂ ਅਸੀਂ ਇਹ ਵਹਿਮ-ਭਰਮ ਕੱਢ ਸਕੀਏ ਤੇ ਅੱਗੇ ਵੱਧ ਸਕੀਏ।

(ਘੜੀ ਵੱਲ ਵੇਖਦੇ ਹੋਏ) ਓ ਹੋ! ਆਪਾਂ ਤਾਂ ਅੱਜ ਸਕੂਲੋਂ ਵੀ ਲੇਟ ਹੋ ਗਏ।

ਚੱਲੋ ਕੋਈ ਗੱਲ ਨਹੀਂ। ਏਥੇ ਵੀ ਤੁਸੀਂ ਇੱਕ ਸਬਕ ਸਿੱਖ ਲਿਆ। ਹੁਣ ਛੇਤੀ-ਛੇਤੀ ਸਕੂਲ ਚੱਲੀਏ, ਮਾਸਟਰ ਜੀ ਨੇ ਕਿਹਾ।

(ਤਿੰਨੇ ਜਣੇ ਕਾਹਲ਼ੀ-ਕਾਹਲ਼ੀ ਸਕੂਲ ਵੱਲ ਜਾਂਦੇ ਹਨ। ਰਾਣੀ ਅਤੇ ਗੁੱਡੂ ਮੁਸਕਰਾ ਰਹੇ ਹਨ। ਟੁੱਟਿਆ ਹੋਇਆ ਟੂਣਾ ਪਿੱਛੇ ਪਿਆ ਰਹਿ ਜਾਂਦਾ ਹੈ।)

(ਪਰਦਾ ਡਿਗਦਾ ਹੈ)



## ਪਾਠ-ਅਭਿਆਸ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✓) ਕਰੋ :**

(ੳ) ਗੁੱਡੂ ਅਤੇ ਰਾਣੀ ਕਿਸ ਚੀਜ਼ ਨੂੰ ਦੇਖ ਕੇ ਡਰ ਗਏ ਸਨ ?

ਬਿੱਲੀ ਨੂੰ ☐ ਟੂਣੇ ਨੂੰ ☐ ਮਾਸਟਰ ਜੀ ਨੂੰ ☐ ਬਾਬੇ ਨੂੰ ☐

(ਅ) ਗੁੱਡੂ ਅਤੇ ਰਾਣੀ ਨੂੰ ਵਾਪਸ ਘਰ ਮੁੜ ਜਾਣ ਲਈ ਕੌਣ ਕਹਿੰਦਾ ਹੈ ?

ਚਪੜਾਸੀ ☐ ਮਾਸਟਰ ਜੀ ☐ ਤੇਜੂ ਬਾਬਾ ☐ ਮਾਂ ☐

(ੲ) ਗੁੱਡੂ ਅਤੇ ਰਾਣੀ ਅਨੁਸਾਰ ਟੂਣੇ ਕੋਲ਼ੋਂ ਲੰਘਣ 'ਤੇ ਕੀ ਹੁੰਦਾ ਹੈ ?

ਦਰਦ ☐ ਤਾਪ ☐ ਨੁਕਸਾਨ ☐ ਦੁੱਖ ☐

(ਸ) ਗੁੱਡੂ ਅਤੇ ਰਾਣੀ ਨੂੰ ਕਿਸ ਨੇ ਸਮਝਾਇਆ ਕਿ ਟੂਣੇ-ਟਾਮਣੇ ਫੋਕੇ ਵਹਿਮ-ਭਰਮ ਹੁੰਦੇ ਹਨ ?

ਮਾਸਟਰ ਜੀ ਨੇ ☐ ਤੇਜੂ ਬਾਬਾ ਜੀ ਨੇ ☐ ਮਾਂ ਨੇ ☐ ਚਪੜਾਸੀ ਨੇ ☐

(ਹ) ਮਾਸਟਰ ਜੀ ਅਨੁਸਾਰ ਟੂਣੇ ਕਿਹਨਾਂ ਦੇ ਮਨ ਵਿੱਚ ਬੈਠੇ ਹੋਏ ਵਹਿਮ-ਭਰਮ ਹਨ ?

ਬੁੱਢਿਆਂ ਦੇ ☐ ਪੜ੍ਹੇ-ਲਿਖਿਆਂ ਦੇ ☐ ਅਨਪੜ੍ਹਾਂ ਦੇ ☐ ਬੱਚਿਆਂ ਦੇ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਸੰਖੇਪ ਵਿੱਚ ਦਿਓ :**

(ੳ) ਕੌਣ ਸਕੂਲ ਜਾ ਰਹੇ ਸਨ ?

**ਉੱਤਰ** ........................................................................

(ਅ) ਸਕੂਲ ਕਿੱਥੇ ਸੀ ?

**ਉੱਤਰ** ........................................................................

(ੲ) ਰਾਣੀ ਅਤੇ ਗੁੱਡੂ ਨੇ ਚੁਰਸਤੇ ਵਿੱਚ ਕੀ-ਕੀ ਪਿਆ ਦੇਖਿਆ ?

ਉੱਤਰ ..............................................................................................

(ਸ) ਜਦੋਂ ਕੁੱਜੇ 'ਤੇ ਜ਼ੋਰ ਨਾਲ਼ ਪੈਰ ਮਾਰਿਆ ਤਾਂ ਕੀ ਹੋਇਆ ?

ਉੱਤਰ ..............................................................................................

## 3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ :

(ੳ) ਤੇਜੂ ਬਾਬਾ ਟੂਣੇ ਤੋਂ ਡਰ ਕੇ ਬੱਚਿਆਂ ਨੂੰ ਕੀ ਸਲਾਹ ਦਿੰਦੇ ਹਨ ?

ਉੱਤਰ ..............................................................................................

..............................................................................................

(ਅ) ਟੂਣੇ ਪ੍ਰਤੀ ਆਮ ਲੋਕਾਂ ਦੇ ਮਨ ਵਿੱਚ ਕੀ-ਕੀ ਵਹਿਮ-ਭਰਮ ਭਰੇ ਹੋਏ ਹਨ ?

ਉੱਤਰ ..............................................................................................

..............................................................................................

(ੲ) ਮਾਸਟਰ ਜੀ ਨੇ ਬੱਚਿਆਂ ਨੂੰ ਵਹਿਮਾਂ-ਭਰਮਾਂ ਪ੍ਰਤੀ ਕੀ ਸਮਝਾਇਆ ?

ਉੱਤਰ ..............................................................................................

..............................................................................................

(ਸ) ਗੁੱਡੂ ਅਤੇ ਰਾਣੀ ਨੇ ਮਾਸਟਰ ਜੀ ਦੇ ਕਹਿਣ 'ਤੇ ਟੂਣੇ ਦੀਆਂ ਚੀਜ਼ਾਂ ਨੂੰ ਕੀ ਕੀਤਾ ?

ਉੱਤਰ ..............................................................................................

..............................................................................................

## 4. ਬਰੈਕਟਾਂ ਵਿੱਚੋਂ ਸਹੀ ਸ਼ਬਦ ਚੁਣ ਕੇ ਖ਼ਾਲੀ ਥਾਵਾਂ ਭਰੋ :

(ਮੁਸਕਰਾ, ਫੋਕੇ, ਭੂਤ-ਪ੍ਰੇਤ, ਟਾਫ਼ੀਆਂ, ਤਾਪ)

(ੳ) ਰਾਣੀ ਦੱਸਦੀ ਹੈ ਕਿ ਟੂਣੇ ਕੋਲ਼ੋਂ ਲੰਘਣ 'ਤੇ .................... ਚੜ੍ਹ ਜਾਂਦਾ ਹੈ।

(ਅ) ਗੁੱਡੂ ਨੇ ਦੱਸਿਆ ਕਿ ਉਸ ਦੇ ਪਿਤਾ ਜੀ ਕਹਿੰਦੇ ਸਨ, ਟੂਣੇ ਕੋਲ਼ੋਂ ਲੰਘਣ 'ਤੇ .................... ਚਿੰਬੜ ਜਾਂਦੇ ਹਨ।

(ੲ) ਮਾਸਟਰ ਜੀ ਨੇ ਬੱਚਿਆਂ ਨੂੰ ਸਮਝਾਇਆ ਕਿ ਟੂਣੇ-ਟਾਮਣੇ .................... ਵਹਿਮ-ਭਰਮ ਹੁੰਦੇ ਹਨ।

(ਸ) ਮਾਸਟਰ ਜੀ! ਅਸੀਂ ਇਹਨਾਂ ਪੈਸਿਆਂ ਦੀਆਂ .................... ਖਾਵਾਂਗੇ।

(ਹ) ਰਾਣੀ ਅਤੇ ਗੁੱਡੂ .................... ਰਹੇ ਸਨ।

5. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ :

| | ਸ਼ਬਦ | | ਵਾਕ |
|---|---|---|---|
| (ੳ) | ਟੂਣਾ | — | ਟੂਣਾ ਅਨਪੜ੍ਹ ਲੋਕਾਂ ਦੇ ਦਿਲ ਵਿੱਚ ਬੈਠੇ ਵਹਿਮ ਤੋਂ ਅਲਾਵਾ ਕੁਝ ਨਹੀਂ ਹੁੰਦਾ। (ਉਦਾਹਰਨ) |
| (ਅ) | ਤਾਪ | — | ........................................ |
| (ੲ) | ਤੜਕੇ-ਤੜਕੇ | — | ........................................ |
| (ਸ) | ਵਹਿਮ-ਭਰਮ | — | ........................................ |
| (ਹ) | ਸਬਕ | — | ........................................ |

6. ਹੇਠ ਦਿੱਤੇ ਪੈਰੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣੋ :

**ਮਾਸਟਰ ਜੀ** : (ਆਪਣਾ ਪੈਰ ਜ਼ੋਰ ਨਾਲ਼ ਕੁੱਜੇ ਉੱਤੇ ਮਾਰਦੇ ਹੋਏ) ਆਹ ਲਓ, ਭੰਨ ਦਿੱਤਾ ਕੁੱਜਾ। ਮੈਨੂੰ ਕੁਝ ਹੋਇਆ ? ਕੁਝ ਵੀ ਨਹੀਂ।

(ਦੋਵੇਂ ਹੈਰਾਨ ਹੋ ਕੇ ਮਾਸਟਰ ਜੀ ਵੱਲ ਵੇਖਦੇ ਰਹਿੰਦੇ ਹਨ।)

**ਰਾਣੀ** : ਮਾਸਟਰ ਜੀ! ਤੁਹਾਨੂੰ ਤਾਂ ਸੱਚ-ਮੁੱਚ ਕੁਝ ਨਹੀਂ ਹੋਇਆ। ਤੁਸੀਂ ਤਾਂ ਟੂਣੇ ਵਾਲ਼ਾ ਕੁੱਜਾ ਵੀ ਭੰਨ ਦਿੱਤਾ, ਫੇਰ ਵੀ ਕੁਝ ਨਹੀਂ ਹੋਇਆ।

**ਮਾਸਟਰ ਜੀ** : ਰਾਣੀ ਪੁੱਤਰ, ਤੈਨੂੰ ਵੀ ਕੁਝ ਨਹੀਂ ਸੀ ਹੋਣਾ ਜੇ ਤੂੰ ਵੀ ਇਹਨੂੰ ਪੈਰ ਮਾਰ ਕੇ ਭੰਨ ਦਿੰਦੀ।

**ਗੁੱਡੂ** : ਮਾਸਟਰ ਜੀ! ਇਹ ਐਵੇਂ ਈ ਹੁੰਦੇ ਨੇ ਫੇਰ ?

**ਮਾਸਟਰ ਜੀ** : ਹਾਂ ਗੁੱਡੂ! ਬਿਲਕੁਲ ਐਵੇਂ। ਇਹਨਾਂ ਵਿੱਚ ਕੁਝ ਨਹੀਂ ਹੁੰਦਾ। ਇਹ ਤਾਂ ਅਨਪੜ੍ਹ ਲੋਕਾਂ ਦੀਆਂ ਗੱਲਾਂ ਨੇ। ਇਹਨਾਂ ਵਹਿਮਾਂ-ਭਰਮਾਂ ਵਿੱਚ ਸਾਨੂੰ ਵਿਸ਼ਵਾਸ ਨਹੀਂ ਕਰਨਾ ਚਾਹੀਦਾ।

(ੳ) ਕਿਸ ਨੇ ਆਪਣਾ ਪੈਰ ਜ਼ੋਰ ਦੀ ਕੁੱਜੇ 'ਤੇ ਮਾਰਿਆ ?

ਰਾਣੀ ਨੇ ☐ ਗੁੱਡੂ ਨੇ ☐ ਮਾਸਟਰ ਜੀ ਨੇ ☐ ਤੇਜੂ ਬਾਬੇ ਨੇ ☐

(ਅ) ਕੁੱਜੇ ਨੂੰ ਕੀ ਹੋਇਆ ?

ਟੁੱਟ ਗਿਆ ☐ ਟੇਢਾ ਹੋ ਗਿਆ ☐ ਰਿੜ੍ਹ ਗਿਆ ☐ ਕੁਝ ਵੀ ਨਹੀਂ ☐

(ੲ) ਰਾਣੀ ਅਤੇ ਗੁੱਡੂ ਮਾਸਟਰ ਜੀ ਵੱਲ ਕਿਵੇਂ ਦੇਖਣ ਲੱਗੇ ?

ਘਬਰਾ ਕੇ ☐ ਹੈਰਾਨ ਹੋ ਕੇ ☐ ਖ਼ੁਸ਼ ਹੋ ਕੇ ☐ ਡਰ ਕੇ ☐

(ਸ) ਟੂਣੇ ਵਾਲ਼ਾ ਕੁੱਜਾ ਭੰਨਣ 'ਤੇ ਮਾਸਟਰ ਜੀ ਨੂੰ ਕੀ ਹੋਇਆ ?

ਬਿਮਾਰ ਹੋ ਗਏ ☐ ਤਾਪ ਚੜ੍ਹ ਗਿਆ ☐ ਪੈਰ 'ਤੇ ਸੱਟ ਲੱਗੀ ☐ ਕੁਝ ਵੀ ਨਹੀਂ ☐

(ਹ) ਕੀ ਸਾਨੂੰ ਵਹਿਮਾਂ-ਭਰਮਾਂ 'ਤੇ ਵਿਸ਼ਵਾਸ ਕਰਨਾ ਚਾਹੀਦਾ ਹੈ ?

ਹਾਂ ☐ ਕਦੇ-ਕਦੇ ☐ ਥੋੜ੍ਹਾ-ਥੋੜ੍ਹਾ ☐ ਨਹੀਂ ☐



# ਵਿਆਕਰਨ

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਹੋਏ ਵਿਕਲਪਾਂ ਵਿੱਚੋਂ ਚੁਣੋ—**

(ੳ) 'ਸ਼ੇਰ' ਸ਼ਬਦ ਦਾ ਇਸਤਰੀ-ਲਿੰਗ ਚੁਣੋ—

ਸ਼ੇਰੀ ☐ ਸ਼ੇਰੋ ☐ ਸ਼ੇਰਨੀ ☐ ਸ਼ੇਰ ☐

(ਅ) 'ਪਿਆਰ' ਸ਼ਬਦ ਦਾ ਵਿਰੋਧੀ ਸ਼ਬਦ ਚੁਣੋ—

ਦੁਲਾਰ ☐ ਨਫ਼ਰਤ ☐ ਪਿਆਰਾ ☐ ਸੋਹਣਾ ☐

(ੲ) 'ਸੋਟੀ' ਸ਼ਬਦ ਦਾ ਵਚਨ ਬਦਲੋ—

ਸੋਟੀਆਂ ☐ ਸੋਟੇ ☐ ਸੋਟਾ ☐ ਸੋਟਿਆਂ ☐

(ਸ) 'ਬਜ਼ੁਰਗ' ਸ਼ਬਦ ਦਾ ਸਮਾਨਾਰਥਕ ਸ਼ਬਦ ਚੁਣੋ—

ਸਿਆਣਾ ☐ ਬੱਚਾ ☐ ਅਧਖੜ ☐ ਜਵਾਨ ☐

**2. ਹੇਠਾਂ ਦਿੱਤੇ ਵਾਕਾਂ ਦੀ ਲਿੰਗ ਬਦਲੀ ਕਰੋ—**

ਉਦਾਹਰਨ— ਵਿਦਿਆਰਥੀ ਪੜ੍ਹ ਰਹੇ ਸਨ। ਵਿਦਿਆਰਥਣਾਂ ਪੜ੍ਹ ਰਹੀਆਂ ਸਨ।

ਮੁੰਡਾ ਲਿਖ ਰਿਹਾ ਸੀ। ..................................................

ਮੋਰ ਪੈਲ ਪਾ ਰਿਹਾ ਹੈ। ..................................................

ਆਦਮੀ ਗੱਲਾਂ ਕਰ ਰਹੇ ਹਨ। ..................................................

ਲੜਕੇ ਪਤੰਗ ਖ਼ਰੀਦ ਰਹੇ ਹਨ। ..................................................

**3. ਹੇਠਾਂ ਦਿੱਤੇ ਸ਼ਬਦਾਂ ਨੂੰ ਉਹਨਾਂ ਦੀਆਂ ਕਿਰਿਆਵਾਂ ਨਾਲ਼ ਮਿਲ਼ਾਓ—**

| ਸ਼ਬਦ | ਕਿਰਿਆ |
|---|---|
| ਸਕੂਲ | ਪੜ੍ਹਨੀ |
| ਪੈਸੇ | ਸਿੱਖਣਾ |
| ਕਿਤਾਬ | ਜਾਣਾ |
| ਮਾਸਟਰ ਜੀ | ਗਿਣਨੇ |
| ਸਬਕ | ਪੜ੍ਹਾਉਂਦੇ |

**4. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣ ਕੇ ਸਾਹਮਣੇ ਲਿਖੋ—**

(ੳ) ਉਹ ਵੀ ਇੱਕ ਟੂਣੇ ਕੋਲ਼ੋਂ ਲੰਘੀ ਸੀ। ..........................................

(ਅ) ਟੂਣਾ ਕਰ ਕੌਣ ਗਿਆ ਹੈ ? ..........................................

(ੲ) ਉਹਦੇ ਨਾਲ਼ ਚੁੱਪ ਕਰਕੇ ਲੰਘ ਜਾਵਾਂਗੇ। ..........................................

(ਸ) ਤੇਜੂ ਬਾਬਾ ਉਹਨਾਂ ਦੋਵਾਂ ਨੂੰ ਵਾਪਸ ਮੁੜਨ ਲਈ ਜ਼ੋਰ ਲਾਉਂਦਾ ਹੈ। ..........................................

(ਹ) ਵੇਖੋ ਬੇਟਾ ! ਇਹ ਕੀ ਏ ? ..........................................



## ਯੋਗਤਾ ਵਿਸਤਾਰ

✤ ਬੱਚਿਓ ! ਤੁਸੀਂ ਜਿਨ੍ਹਾਂ ਵਹਿਮਾਂ-ਭਰਮਾਂ ਬਾਰੇ ਸੁਣਿਆ ਹੈ ਉਸ ਦੀ ਇੱਕ ਸੂਚੀ ਬਣਾਓ।

..........................................................................................

..........................................................................................

..........................................................................................

..........................................................................................

..........................................................................................



## ਅਧਿਆਪਕ ਲਈ

✤ ਇਸ ਪਾਠ ਵਿੱਚ ਆਏ ਸ਼ਬਦ 'ਟੂਣਾ' ਤੋਂ ਭਾਵ ਹੈ ਕੋਈ ਝਾੜ-ਫੂਕ ਕਰਨਾ। ਜਦੋਂ ਵਿਗਿਆਨ ਉੱਨਤ ਨਹੀਂ ਸੀ ਹੋਇਆ, ਤਦ ਸਰਲ ਚਿੱਤ ਲੋਕ ਆਪਣੇ ਰੋਗਾਂ ਅਤੇ ਹੋਰ ਔਕੜਾਂ ਉੱਤੇ ਕਾਬੂ ਪਾਉਣ ਲਈ ਟੂਣੇ-ਟਾਮਣੇ ਕਰਦੇ ਸਨ। ਹੁਣ ਵਿੱਦਿਆ ਦੇ ਚਾਨਣ ਕਾਰਨ ਟੂਣੇ ਆਦਿ ਦੀ ਕੋਈ ਲੋੜ ਨਹੀਂ ਹੈ। ਇਹ ਅਨਪੜ੍ਹ ਲੋਕਾਂ ਦੀ ਦੇਣ ਹੈ।

✤ ਅਧਿਆਪਕ ਵਿਦਿਆਰਥੀਆਂ ਨੂੰ ਤਰਕ ਦੇ ਆਧਾਰ 'ਤੇ ਸਮਝਾਉਣ ਕਿ ਟੂਣਾ, ਵਹਿਮ-ਭਰਮ ਨਿਰਆਧਾਰ ਗੱਲਾਂ ਹਨ। ਜਮਾਤ ਵਿੱਚ ਇਸ ਵਿਸ਼ੇ 'ਤੇ ਵਿਚਾਰ-ਚਰਚਾ ਕੀਤੀ ਜਾਵੇ।

# ਮਾਡਲ ਟੈੱਸਟ ਪੇਪਰ–3

**ਜਮਾਤ-5 (ਪਾਠ 13 ਤੋਂ 17)**

**ਸਮਾਂ : 1 ਘੰਟਾ 30 ਮਿੰਟ** | **ਕੁੱਲ ਅੰਕ : 50**

**1. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਚੁਣ ਕੇ ਦਿੱਤੇ ਹੋਏ ਖ਼ਾਨਿਆਂ ਵਿੱਚ ਟਿੱਕ (✔) ਕਰੋ—** **(4 × 2 = 8)**

(ੳ) ਅਧਿਆਪਕਾ ਜੀ ਹਰ ਰੋਜ਼ ਸਵੇਰੇ ਕੀ ਵੇਖਦੇ ਸਨ ?

ਪੜ੍ਹਾਈ ☐ ਸਫ਼ਾਈ ☐ ਲੜਾਈ ☐ ਕੰਮ ☐

(ਅ) ਬੁਲਬੁਲ ਕੀ ਭੁੱਲ ਗਈ ਸੀ ?

ਸਿਰਨਾਵਾਂ ☐ ਪਿਆਰ ☐ ਰਸਤਾ ☐ ਸਮਾਂ ☐

(ੲ) ਲੋਹੜੀ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਦੇ ਅੰਤਲੇ ਦਿਨ ਹੁੰਦਾ ਹੈ ?

ਮਾਘ ☐ ਪੋਹ ☐ ਅੱਸੂ ☐ ਸਾਉਣ ☐

(ਸ) ਗੁੱਡੂ ਅਤੇ ਰਾਣੀ ਕਿਸ ਚੀਜ਼ ਨੂੰ ਦੇਖ ਕੇ ਡਰ ਗਏ ਸਨ ?

ਬਿੱਲੀ ਨੂੰ ☐ ਟੂਣੇ ਨੂੰ ☐ ਮਾਸਟਰ ਜੀ ਨੂੰ ☐ ਬਾਬੇ ਨੂੰ ☐

**2. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—** **(4 × 2 = 8)**

(ੳ) ਦੰਦਾਂ ਵਿੱਚ ਤਕਲੀਫ਼ ਹੋਵੇ ਤਾਂ ਕੀ ਕਰਨਾ ਚਾਹੀਦਾ ਹੈ ?

ਉੱਤਰ— ........................................................................

(ਅ) ਬੀਜ ਕਿੱਥੇ ਰਹਿ ਕੇ ਮਜ਼ੇ ਵਿੱਚ ਸੀ ?

ਉੱਤਰ— ........................................................................

(ੲ) ਲੋਹੜੀ ਕਿੱਥੋਂ ਦਾ ਉੱਘਾ ਤਿਉਹਾਰ ਹੈ ?

ਉੱਤਰ— ........................................................................

(ਸ) ਜਦੋਂ ਕੁੱਜੇ 'ਤੇ ਜ਼ੋਰ ਨਾਲ਼ ਪੈਰ ਮਾਰਿਆ ਤਾਂ ਕੀ ਹੋਇਆ ?

ਉੱਤਰ— ........................................................................

**3. ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਵਿਸਤਾਰ ਵਿੱਚ ਦਿਓ—** **(2 × 3 = 6)**

(ੳ) ਪਾਠ ਗੁਲੇ ਅੱਬਾਸ ਅਨੁਸਾਰ ਬੀਜ ਦਾ ਮਨੋਰਥ ਕਿਵੇਂ ਪੂਰਾ ਹੋਇਆ ?

ਉੱਤਰ— ........................................................................

........................................................................

(ਅ) ਟੂਣੇ ਪ੍ਰਤੀ ਆਮ ਲੋਕਾਂ ਦੇ ਮਨ ਵਿੱਚ ਕੀ-ਕੀ ਵਹਿਮ-ਭਰਮ ਭਰੇ ਹੋਏ ਹਨ ?

ਉੱਤਰ— ........................................................................

........................................................................

4. **ਉਚਿਤ ਮਿਲ਼ਾਨ ਕਰੋ—** (5 × 1 = 5)

| | |
|---|---|
| ਤਿਰਕਾਲਾਂ | ਵਾਟ |
| ਔਖਾ | ਪ੍ਰਸ਼ੰਸਾ |
| ਫ਼ਿਕਰ | ਸ਼ਾਮਾਂ |
| ਉਸਤਤ | ਚਿੰਤਾ |
| ਰਸਤਾ | ਕਠਨ |

5. **ਹੇਠ ਦਿੱਤੇ ਵਾਕਾਂ ਵਿਚਲੀਆਂ ਖ਼ਾਲੀ ਥਾਵਾਂ ਭਰੋ—** (4 × 1 = 4)

(ੳ) ਦੰਦ ਗਏ ਤਾਂ .............................. ਗਿਆ। (ਸੁਆਦ/ਜਹਾਨ)

(ਅ) ਬੀਜ ਦੇ ਘਰ ਦੀਆਂ ਕੰਧਾਂ ਬਹੁਤ ........................... ਸਨ। (ਕਮਜ਼ੋਰ/ਮਜ਼ਬੂਤ)

(ੲ) ਮਾਸਟਰ ਜੀ! ਅਸੀਂ ਇਹਨਾਂ ਪੈਸਿਆਂ ਦੀਆਂ .................... ਖਾਵਾਂਗੇ। (ਟਾਫ਼ੀਆਂ/ਕੁਲਫੀਆਂ)

(ਸ) ਲੋਹੜੀ .................... ਸਰਦੀ ਦਾ ਤਿਉਹਾਰ ਹੈ। (ਚੜ੍ਹਦੀ/ਢਲਦੀ)

6. **(ੳ) ਹੇਠ ਦਿੱਤੇ ਵਾਕਾਂ ਵਿੱਚੋਂ ਨਾਂਵ ਸ਼ਬਦ ਚੁਣ ਕੇ ਲਿਖੋ—** (2 × 1 = 2)

(*i*) ਮੈਨੂੰ ਠੰਢ ਲੱਗ ਰਹੀ ਹੈ। ....................

(*ii*) ਸ਼ਹੀਦ ਊਧਮ ਸਿੰਘ ਮਹਾਨ ਦੇਸ਼-ਭਗਤ ਸਨ। ....................

**(ਅ) ਹੇਠ ਦਿੱਤੇ ਵਾਕਾਂ ਵਿੱਚੋਂ ਵਿਸ਼ੇਸ਼ਣ ਸ਼ਬਦ ਚੁਣ ਕੇ ਲਿਖੋ—** (2 × 1 = 2)

(*i*) ਮੈਨੂੰ ਪੰਜ ਰੁਮਾਲ ਦੇ ਦਿਓ। ....................

(*ii*) ਰਮੇਸ਼ ਦਾ ਘਰ ਲਾਲ ਰੰਗ ਦਾ ਹੈ। ....................

**(ੲ) ਹੇਠ ਦਿੱਤੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ—** (4 × ½ = 2)

(*i*) ਕੇਹੜਾ .................... (*ii*) ਸੇਹਤ ....................

(*iii*) ਪੜਣਾਂ .................... (*iv*) ਚਾਹੈਦਾ ....................

7. **(ੳ) ਹੇਠਾਂ ਦਿੱਤੇ ਵਾਕਾਂ ਦੀ ਲਿੰਗ ਬਦਲੀ ਕਰੋ—** (2 × 1 = 2)

(*i*) ਵਿਦਿਆਰਥੀ ਪੜ੍ਹ ਰਹੇ ਸਨ। ........................

(*ii*) ਆਦਮੀ ਗੱਲਾਂ ਕਰ ਰਹੇ ਹਨ। ........................

**(ਅ) ਹੇਠਾਂ ਦਿੱਤੇ ਸ਼ਬਦਾਂ ਨੂੰ ਵਾਕਾਂ ਵਿੱਚ ਵਰਤੋ—** (2 × 1 = 2)

(*i*) ਰਿਵਾਜ ................................................................................

(*ii*) ਪਰਉਪਕਾਰ ................................................................................

8. ਹੇਠ ਲਿਖੇ ਵਾਕਾਂ ਵਿੱਚੋਂ ਪੜਨਾਂਵ ਸ਼ਬਦ ਚੁਣੋ— (2 × 2 = 4)

(*i*) ਟੂਣਾ ਕਰ ਕੌਣ ਗਿਆ ਹੈ ? ..................................................

(*ii*) ਵੇਖੋ ਬੇਟਾ! ਇਹ ਕੀ ਏ ? ..................................................

9. ਆਪਣੇ ਮਾਤਾ ਜੀ ਬਾਰੇ ਪੰਜ ਵਾਕ ਲਿਖੋ। (5 × 1 = 5)

..................................................

..................................................

..................................................

..................................................

..................................................